# ਮੰਥਨ

ਕਹਾਣੀਆਂ

# ਮੰਥਨ

ਕਹਾਣੀਆਂ

**ਅਸ਼ਵਨੀ ਬਾਗੜੀਆਂ**

# Manthan

*(A Collection of Short Stories)*

*By*

**Ashwani Bagariyaan**
C/o Sh. Mahinder Pal
House No. 111, Basantpura, Nabha-147201
Distt. Patiala
Mob : 94633-28230

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਮਾਂ ਦਰਸ਼ਨਾ ਰਾਣੀ ਦੀ ਦ੍ਰਿੜਤਾ,
ਸਹਿਨਸ਼ੀਲਤਾ ਤੇ ਮਮਤਾ ਦੇ ਨਾਂ,
ਜਿਸਨੇ ਪਿਤਾ ਦੀ ਮੌਤ ਤੋਂ ਬਾਅਦ,
ਆਪਣੇ ਹੰਝੂਆਂ ਅਤੇ ਦੁੱਖਾਂ ਨੂੰ,
ਲੁਕੋਂਦਿਆਂ ਮੈਨੂੰ ਜਿਉਣ ਜੋਗਾ ਕੀਤਾ....
ਨਹੀਂ ਤਾਂ ਮੈਂ ਅੱਜ ਇਸ ਕਾਬਲ
ਕਿੱਥੇ ਬਣ ਸਕਣਾ ਸੀ......

ਮੋਹ ਦੇ ਮਾਖਿਓਂ 'ਚ ਗੁੰਨ੍ਹਿਆ

**ਧੰਨਵਾਦ**

ਆਪਣੀ ਸ਼ਰੀਕ-ਏ-ਹਯਾਤ
ਮਨੀਸ਼ਾ
ਦੇ
ਨਾਂ.......
ਜੋ ਘਰ ਅਤੇ ਬੱਚਿਆਂ ਦੀਆਂ
ਜ਼ਿੰਮੇਵਾਰੀਆਂ ਬਾਖੂਬੀ ਸੰਭਾਲਦੀ
ਹੋਈ ਮੈਨੂੰ ਲਿਖਣ ਲਈ ਵਿਹਲ
ਬਖਸ਼ਦੀ ਹੈ
ਅਤੇ
ਮੇਰੀਆਂ ਰਚਨਾਵਾਂ ਦੀ ਸਭ ਤੋਂ ਪਹਿਲੀ
ਪਾਠਕ ਅਤੇ ਅਗਵਾਈਕਾਰ ਵੀ ਹੈ!

# ਤਰਤੀਬ


➢ ਦੋ ਸ਼ਬਦ/ *ਪ੍ਰੇਮ ਗੋਰਖੀ* 9

➢ ਮੇਰੇ ਗੁਆਂਢੀ ਪਿੰਡ ’ਚੋਂ ਉੱਠੀ ਕਥਾ-ਆਵਾਜ਼-ਅਸ਼ਵਨੀ ਬਾਗੜੀਆਂ 10
*ਜਸਵੀਰ ਸਿੰਘ ਰਾਣਾ*

➢ ਪੰਜਾਬੀ ਕਹਾਣੀ ਵਿੱਚ ਨਵਾਂ ਹਸਤਾਖ਼ਰ – ਅਸ਼ਵਨੀ ਬਾਗੜੀਆਂ 13
*ਡਾ. ਸੁਖਮਿੰਦਰ ਸੇਖੋਂ*

➢ ਤਲਾਸ਼ 15

➢ ....ਮਹਿਕ ਮਰਦੀ ਨਹੀਂ 25

➢ ਸਭ ਕੁਝ ਠੀਕ ਹੈ.....? 37

➢ ਮੰਥਨ-1 45

➢ ਮੰਥਨ-2 57

➢ ਤੰਦ 65

➢ ਰੇਤ ’ਤੇ ਉਕਰੇ ਸੁਪਨੇ 73

➢ ਮਾਂ 80

➢ ਤਮਾਸ਼ਾ 87

➢ ਰੂ-ਬ-ਰੂ 97

➢ ਕਰਜ਼ 108

# ਦੋ ਸ਼ਬਦ

ਅਸ਼ਵਨੀ ਬਾਗੜੀਆਂ ਨਵਾਂ ਕਹਾਣੀਕਾਰ ਹੈ। ਉਸ ਦੀਆਂ ਲਿਖੀਆਂ ਕਹਾਣੀਆਂ ਦਾ ਪਾਠ ਕਰਦਿਆਂ ਉਹਦੀ ਕਲਮ ਨਵੇਂ ਲੇਖਕ ਹੋਣ ਦੀ ਸ਼ਾਹਦੀ ਨਹੀਂ ਭਰਦੀ, ਉਹਦੀ ਕਹਾਣੀ ਦੇ ਪਕਰੋੜ ਦੀ ਹਾਮੀ ਭਰਦੀ ਹੈ। ਇਸ ਕਿਤਾਬ ਵਿਚਲੀਆਂ ਸਾਰੀਆਂ ਕਹਾਣੀਆਂ ਦਾ ਮੈਂ ਡੂੰਘੇ ਲਹਿ ਕੇ ਪਾਠ ਕੀਤਾ ਹੈ। ਮੈਨੂੰ ਬੜੀ ਤਸੱਲੀ ਹੋਈ ਕਿ ਹਾਂਸ, ਰਾਣਾ, ਵੀਨਾ ਵਰਮਾ, ਰਸੂਲਪੁਰੀ ਦੇ ਕਦਮਾਂ ਨਾਲ ਕਦਮ ਮਿਲਾ ਕੇ ਚਲ ਰਿਹਾ ਹੈ।

ਕਿਤਾਬ 'ਮੰਥਨ' ਵਿਚ ਅਸ਼ਵਨੀ ਦੀਆਂ ਗਿਆਰਾਂ ਕਹਾਣੀਆਂ ਸ਼ਾਮਲ ਸਨ। ਹਰ ਕਹਾਣੀ ਦੀ ਆਪਣੀ ਜ਼ਮੀਨ ਹੈ ਜਿਨ੍ਹਾਂ ਉਪਰ ਵਿਚਰਨ ਵਾਲੇ ਪਾਤਰਾਂ ਦੇ ਆਪਣੇ ਸੁਭਾਅ ਤੇ ਮੁਹਾਂਦਰੇ ਹਨ। ਚੰਡੀਗੜ੍ਹ ਆਏ ਕਮਲੇਸ਼ਵਰ ਨੂੰ ਮੈਂ ਸਵਾਲ ਕੀਤਾ ਕਿ ਐਨੀਆਂ ਜਾਨਦਾਰ ਕਹਾਣੀਆਂ ਲਿਖਣ ਦੇ ਦੋ ਤਿੰਨ ਨੁਕਤੇ ਤਾਂ ਦੱਸੋ। ਮੇਰੀ ਗੱਲ ਸੁਣ ਕੇ ਉਹ ਹੱਸ ਪਏ ਤੇ ਕਹਿਣ ਲੱਗੇ– 'ਪਾਤਰ ਨੂੰ ਆਪਣੇ ਰੰਗ, ਰੂਪ ਵਿਚ ਰਚਾ ਲਓ ਤੇ ਫਿਰ ਆਪਣਾ ਵਜੂਦ ਉਹਨੂੰ ਦੇ ਦਿਓ ਤਾਂ ਕਿ ਤੁਸੀਂ ਉਹਦੇ ਰਾਹੀਂ ਆਪਣੇ ਮਨ ਦੀ ਗੱਲ ਕਹਿ ਸਕੋ।

ਮੇਰਾ ਮੰਨਣਾ ਹੈ ਕਿ ਇਹ ਵੱਡੇ ਲੇਖਕਾਂ ਦੀਆਂ ਲਿਖਤਾਂ ਸਾਨੂੰ ਕਲਾ ਨੂੰ ਠੀਕ ਵਰਤੋਂ ਕਰਨਾ ਸਿਖਾਉਂਦੀਆਂ ਹਨ ਜਿਨ੍ਹਾਂ ਰਾਹੀਂ ਅਸੀਂ ਜ਼ਿੰਦਗੀ ਦੇ ਬਹੁਤ ਸਾਰੇ ਧਰਾਤਲਾਂ ਵਿਚ ਲਹਿ ਸਕਦੇ ਹਾਂ। ਉਪਰੋਕਤ ਗੱਲਾਂ ਨੂੰ ਦ੍ਰਿਸ਼ਟੀ ਗੋਚਰ ਰੱਖ ਕੇ ਤੁਸੀਂ ਅਸ਼ਵਨੀ ਬਾਗੜੀਆਂ ਦੀਆਂ ਕਹਾਣੀਆਂ ਨਾਲ ਰਚ ਮਿਚ ਕੇ ਦੇਖੋ। ਬਲਵੰਤ ਗਾਰਗੀ ਇਕ ਵਾਰੀ ਕਹਿਣ ਲੱਗਾ ਲੇਖਕ ਦੀ ਪੂਰੀ ਕਿਤਾਬ ਵਿਚ ਜੇ ਇਕ ਵੀ ਵਧੀਆ ਕਹਾਣੀ ਹੈ ਤਾਂ ਕਾਮਯਾਬ ਲੇਖਕ ਹੈ।– ਮੈਂ ਇਸੇ ਗੱਲ ਨੂੰ ਧਿਆਨ ਵਿਚ ਰੱਖ ਕੇ ਕਹਿਣਾ ਚਾਹਾਂਗਾ ਬਾਗੜੀਆਂ ਦੀ ਕਿਤਾਬ ਵਿਚ ਇਕ ਦੋ ਨਹੀਂ ਕਈ ਵੱਧ ਕਹਾਣੀਆਂ ਨਾ ਸਿਰਫ਼ ਚੰਗੀਆਂ ਕਹਾਣੀਆਂ ਹਨ ਸਗੋਂ ਨਿਵੇਕਲੀਆਂ ਤੇ ਜਾਨਦਾਰ ਕਹਾਣੀਆਂ ਹਨ।

ਕਦੇ ਲੇਖਕ ਦੀ ਭਾਵਕਤਾ ਵੀ ਉਹਦੀ ਰਚਨਾ ਵਿਚ ਭਾਰੂ ਹੋ ਜਾਂਦੀ ਹੈ ਜਿਹਦੇ ਬਾਰੇ ਲੇਖਕ ਨੂੰ ਸਹਿਜ ਸੁਭਾਵਕਤਾ ਵਿਚ ਭਿਣਕ ਵੀ ਨਹੀਂ ਪੈਂਦੀ। ਅਜਿਹੀ ਭਾਵਕਤਾ ਤੋਂ ਹਰ ਲੇਖਕ ਨੂੰ ਬਚਣ ਦੇ ਯਤਨ ਕਰਨੇ ਚਾਹੀਦੇ ਹਨ। ਅਸ਼ਵਨੀ ਨੂੰ ਵੀ। ਇਹ ਕੋਈ ਔਗਣ ਨਹੀਂ ਹੈ, ਇਉਂ ਸਾਰੀ ਉਲਾਰ ਅਵਸਥਾ ਵਿਚ ਹੁੰਦਾ ਹੈ।

ਆਉਣ ਵਾਲੇ ਸਮੇਂ ਵਿਚ ਅਸ਼ਵਨੀ ਹੋਰ ਵੀ ਚੰਗੀਆਂ ਕਹਾਣੀਆਂ ਸਾਨੂੰ ਦੇਵੇਗਾ, ਇਹ ਮੇਰਾ ਯਕੀਨ ਹੈ।

**-ਪ੍ਰੇਮ ਗੋਰਖੀ**

# ਮੇਰੇ ਗੁਆਂਢੀ ਪਿੰਡ 'ਚੋਂ ਉੱਠੀ
# ਕਥਾ-ਆਵਾਜ਼-ਅਸ਼ਵਨੀ ਬਾਗੜੀਆਂ

ਬਾਗੜੀਆਂ ਮੇਰਾਂ ਗੁਆਂਢੀ ਪਿੰਡ ਹੈ। ਮੈਂ ਬਚਪਨ ਤੋਂ ਇਸ ਪਿੰਡ ਵਿਚ ਜਾਂਦਾ ਰਿਹਾ ਹਾਂ। ਜਿਨ੍ਹਾਂ ਦਿਨਾਂ ਵਿਚ ਮੈਂ ਲਿਖਣਾ ਸ਼ੁਰੂ ਕੀਤਾ ਉਨ੍ਹਾਂ ਦਿਨਾਂ ਵਿਚ ਇੱਥੋਂ ਦਾ ਇਕ ਮੁੰਡਾ ਅਖਬਾਰਾਂ ਵਿਚ ਲੇਖ ਲਿਖਦਾ ਹੁੰਦਾ। ਉਨ੍ਹੀਂ ਦਿਨੀਂ ਮੇਰਾ ਚਾਚਾ ਰੋਡਵੇਜ਼ ਵਿਚ ਡਰਾਇਵਰ ਸੀ। ਇਕ ਦਿਨ ਲਿਖਣ ਦੀ ਗੱਲ ਚੱਲੀ। ਉਹ ਮੈਨੂੰ ਕਹਿੰਦਾ, "ਆਹ ਬਾਗੜੀਆਂ ਦਾ ਵੀ ਇਕ ਮੁੰਡਾ ਲਿਖਦਾ!.....ਤੂੰ ਉਹਨੂੰ ਜਾਣਦੈਂ.......?"

ਉਸ ਵਕਤ ਤਾਂ ਮੈਂ ਨਹੀਂ ਜਾਣਦਾ ਸੀ ਪਰ ਹੁਣ ਚੰਗੀ ਤਰ੍ਹਾਂ ਜਾਣਦਾ ਹਾਂ, ਕਿਉਂਕਿ ਅਸ਼ਵਨੀ ਬਾਗੜੀਆਂ ਮੇਰੇ ਗੁਆਂਢੀ ਪਿੰਡ ਵਿਚੋਂ ਉੱਠੀ ਕਥਾ-ਆਵਾਜ਼ ਦਾ ਨਾਂ ਹੈ।

'ਮੰਥਨ' ਉਹਦਾ ਪਲੇਠਾ ਕਹਾਣੀ-ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਗਿਆਰਾਂ ਕਹਾਣੀਆਂ ਸ਼ਾਮਿਲ ਹਨ। ਇਹ ਕਹਾਣੀਆਂ ਅਸ਼ਵਨੀ ਬਾਗੜੀਆਂ ਦੀ ਕਥਾਕਾਰੀ ਦਾ ਪ੍ਰਮਾਣ ਹਨ। ਪੇਸ਼ੇ ਵਜੋਂ ਅਧਿਆਪਕ ਇਹ ਕਹਾਣੀਕਾਰ ਸਾਡੇ ਸਮਿਆਂ ਦੀ ਬਹੁ-ਪਰਤੀ ਜੀਵਨ-ਝਾਕੀ ਨੂੰ ਕਾਲਗਤ ਕਰਦਾ ਹੈ। ਖਪਤ-ਯੁੱਗ ਦੀ ਇਸ ਅੰਨ੍ਹੀ ਦੌੜ ਦਾ ਆਦਿ-ਅੰਤ ਬਿੰਦੂ ਕਿੱਥੇ ਹੈ? ਹੈ ਵੀ ਜਾਂ ਨਹੀਂ? ਘਰੋਂ ਦਫਤਰ ਤੱਕ ਫੈਲੀ ਸੜਕ ਉੱਪਰ ਘੁੰਮਦਾ ਆਦਮੀ ਕਿਸ ਕਿਸਮ ਦੀ ਅੰਤਰੀਵ ਭਟਕਣ ਦਾ ਸ਼ਿਕਾਰ ਹੋ ਗਿਆ ਹੈ? ਉਹਦੇ ਮਨੋ-ਇੱਛਿਤ ਯਥਾਰਥ ਔਰ ਪ੍ਰਾਪਤ ਯਥਾਰਥ ਦੀ ਟੱਕਰ ਵਿਚੋਂ ਪੈਦਾ ਹੋਈ ਸਪਾਰਕਿੰਗ ਉਸ ਅੰਦਰ ਕਿਵੇਂ ਭੰਨ-ਤੋੜ ਕਰਦੀ ਹੈ? ਜੀਵਨ ਦੇ ਸੂਖਮ ਪਲਾਂ ਦੀ ਤਲਾਸ਼ ਕਰਦਾ ਬੰਦਾ ਕਿਵੇਂ ਚੌਰਾਹੇ ਦੀ ਵਸਤ ਬਣਕੇ ਰਹਿ ਗਿਆ ਹੈ? ਅਸ਼ਵਨੀ ਬਾਗੜੀਆਂ ਇਸ ਕਿਸਮ ਦੀ ਗੁੰਝਲਦਾਰ ਪ੍ਰਸ਼ਨ-ਲੜੀ ਉਪਰ ਆਪਣੀ ਕਹਾਣੀ ਉਸਾਰਦਾ ਹੈ। ਉਹਦੀ ਹਰ ਕਹਾਣੀ ਮਾਨਵੀ-ਜੀਵਨ ਦਾ ਤਿੱਖਾ-ਸੱਚ ਪ੍ਰਸਤੁਤ ਕਰਦੀ ਹੈ।

ਅਸ਼ਵਨੀ ਨਵੀਂ ਪੰਜਾਬੀ ਕਹਾਣੀ ਦੀ ਰਮਜ਼ ਪਛਾਣਦਾ ਹੈ। ਉਹ ਨਵੀਆਂ ਕਥਾ-ਵਿਧੀਆਂ ਤੋਂ ਜਾਣੂ ਹੈ। ਇਸ ਸੰਦਰਭ ਵਿਚ ਡਬਲ-ਫੋਕਸਿੰਗ ਦੀ ਤਕਨੀਕ ਨਾਲ ਲਿਖੀ ਕਹਾਣੀ 'ਮੰਥਨ-1' ਅਤੇ 'ਮੰਥਨ-2' ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਦੂਜੀ ਕਹਾਣੀ 'ਮਹਿਕ ਮਰਦੀ ਨਹੀਂ' ਵੀ ਆਪਣੀ ਡਾਇਰੀ-ਸ਼ੈਲੀ ਕਾਰਨ ਬਾਕੀ ਕਹਾਣੀਆਂ ਤੋਂ ਇਕ ਗੁਣਾਤਮਿਕ ਵਿੱਥ ਸਿਰਜਦੀ ਹੈ। ਜਿੱਥੇ ਇਨ੍ਹਾਂ ਦੋਵਾਂ ਕਹਾਣੀਆਂ ਵਿਚ ਬਿਰਤਾਂਤਕ ਵੱਖਰਤਾ ਦੀ ਖੂਬੀ ਹੈ, ਉੱਥੇ ਇਨ੍ਹਾਂ ਕਹਾਣੀਆਂ ਦੀ ਕਥਾ-ਵਸਤੂ ਵੀ ਕਮਾਲ ਦੀ ਹੈ। ਪਿਆਰ ਮਹਿਜ਼ ਦੇਹੀ ਆਨੰਦ ਦਾ ਨਾਂ ਹੈ ਜਾਂ ਫਿਰ ਇਹ ਕੋਈ ਅੰਤਰੀਵ ਮਹਿਕ ਹੈ? ਕੀ ਮਨੁੱਖ ਦੀ ਮੌਤ ਨਾਲ ਉਹਦੀ ਮੁਹੱਬਤ ਵੀ ਮਰ ਜਾਂਦੀ ਹੈ ਜਾਂ ਫਿਰ ਪਿਛਲਿਆਂ ਨੂੰ ਜਿਉਂਦਾ

ਰੱਖਣ ਲਈ ਅਮਰ ਰਹਿੰਦੀ ਹੈ? ਇਸ ਜਜ਼ਬੇ ਦੀ ਮਹਿਕ ਵਿਚ ਉਹ ਕਿਹੜੇ ਅੰਸ਼ ਹਨ ਜਿਨ੍ਹਾਂ ਕਾਰਨ ਪ੍ਰੇਮਿਕਾ ਦੀ ਮੌਤ ਪਿੱਛੋਂ ਵੀ ਪ੍ਰੇਮੀ ਆਪਣੇ ਦੁਆਲੇ ਉਹਦੀ ਹੋਂਦ ਦਾ ਇਕ ਜੀਵੰਤ ਆਭਾ-ਮੰਡਲ ਮਹਿਸੂਸ ਕਰਦਾ ਹੈ? ਜਿਥੇ 'ਮਹਿਕ ਮਰਦੀ ਨਹੀਂ' ਕਹਾਣੀ ਵਿਚ ਮੈਂ ਪਾਤਰ ਤੇ ਕਿਰਨ ਦਾ ਅੱਧ-ਵਾਟੇ ਰਹਿ ਗਿਆ ਪਿਆਰ ਇਨ੍ਹਾਂ ਪ੍ਰਸ਼ਨਾਂ ਨਾਲ ਖਹਿ ਕੇ ਲੰਘਦਾ ਹੈ, ਉੱਥੇ ਦੋ ਭਾਗਾਂ ਵਿਚ ਉਸਰੀ ਕਹਾਣੀ 'ਮੰਥਨ' ਰਿਸ਼ਤਾ-ਪ੍ਰਬੰਧ ਦਾ ਅੰਤਰੀਵ-ਸੱਚ ਖੰਘਾਲਦੀ ਹੈ। ਮਤਰੇਈ ਮਾਂ ਜਾਂ ਬਾਪ ਵਿਚ ਰੇਪਿਸਟ ਪ੍ਰਵਿਰਤੀ ਕਿਉਂ ਹੁੰਦੀ ਹੈ? ਉਹ ਰਿਸ਼ਤਿਆਂ ਦਾ ਰੇਪ ਕਿਉਂ ਕਰਦੇ ਨੇ? ਕੀ ਸਮਾਜ ਦੁਆਰਾ ਰਿਸ਼ਤਿਆਂ ਦੇ ਨਾਂ 'ਤੇ ਖਿੱਚੀਆਂ ਦੋ-ਚਾਰ ਲੀਕਾਂ ਹੀ ਪੂਰੀ ਰਿਸ਼ਤਗੀ ਦਾ ਸੱਚ ਹੈ? ਕੀ ਪ੍ਰੇਮੀ-ਪ੍ਰੇਮਿਕਾ ਦੇ ਰਿਸ਼ਤੇ ਵਿਚ ਇਕੋ ਸਮੇਂ ਮਾਂ, ਬਾਪ, ਭੈਣ, ਭਰਾ, ਪਤੀ, ਪਤਨੀ ਤੇ ਸਵੈ-ਹੋਂਦ ਦੇ ਤਮਾਮ ਰਿਸ਼ਤਿਆਂ ਦਾ ਜੋੜ ਝੂਠ ਹੁੰਦਾ ਹੈ ਜਾਂ ਫਿਰ ਆਖਰੀ ਸੱਚ ਵਰਗੀ ਕੋਈ ਸ਼ੈਅ ਹੁੰਦਾ ਹੈ? ਖ਼ੂਨ ਦੇ ਰਿਸ਼ਤੇ, ਕਮਾਏ ਰਿਸ਼ਤੇ, ਬਣਾਏ ਰਿਸ਼ਤੇ ਤੇ ਰਿਸ਼ਤਿਆਂ ਵਿਚ ਲੁਕੇ ਰਿਸ਼ਤੇ ਜਦੋਂ ਸਮਾਜ, ਘਰ, ਪਰਿਵਾਰ, ਵਿਆਹ, ਇਖ਼ਲਾਕ, ਧਰਮ ਅਤੇ ਪ੍ਰਬੰਧ ਨਾਲ ਟਕਰਾਉਂਦੇ ਹਨ ਤਾਂ ਪ੍ਰੀਤੀ, ਰਾਗਿਨੀ ਬਣ ਜਾਂਦੀ ਹੈ ਤੇ ਮੈਂ ਪਾਤਰ ਰਿਸ਼ਤਿਆਂ ਦੇ ਉਸ ਮੰਥਨ ਵਿਚ ਜਾ ਡਿੱਗਦਾ ਹੈ ਜਿੱਥੋਂ ਪ੍ਰੀਤੀ ਦਾ ਤੇ ਉਹਦਾ ਰਿਸ਼ਤਾ ਇਕ 'ਨਵੀਂ ਦਿਸ਼ਾ' ਵੱਲ ਨੂੰ ਇਸ਼ਾਰਾ ਕਰਦਾ ਨਜ਼ਰ ਆਉਂਦਾ ਹੈ।

ਅੱਜ ਦਾ ਬੰਦਾ ਜੋ ਨਜ਼ਰ ਆਉਂਦਾ ਉਹ ਹੈ ਨਹੀਂ। ਜੋ ਹੈ ਉਹ ਨਜ਼ਰ ਨਹੀਂ ਆਉਂਦਾ। ਇਹ ਸਾਡੇ ਇਨ੍ਹਾਂ ਸਮਿਆਂ ਦਾ ਖਤਰਨਾਕ ਸੱਚ ਹੈ। ਅਸ਼ਵਨੀ ਬਾਗੜੀਆਂ ਇਸ ਸੱਚ ਨੂੰ ਫੜਨ ਵਾਲਾ ਕਹਾਣੀਕਾਰ ਹੈ। ਜਿੱਥੇ ਉਸ ਨੂੰ ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਬਹੁਪਰਤੀ ਤਿਲਕਣ ਦਾ ਅਹਿਸਾਸ ਹੈ, ਉੱਥੇ ਉਹ ਇਸ ਰਿਸ਼ਤੇ ਵਿਚਲੀ ਮਜ਼ਬੂਤ ਤੰਦ ਨੂੰ ਵੀ ਬਾਖ਼ੂਬੀ ਪਛਾਣਦਾ ਹੈ। ਇਸ ਸੰਗ੍ਰਹਿ ਦੀਆਂ ਦੋ ਕਹਾਣੀਆਂ 'ਪਤੀ-ਪਰਮੇਸ਼ਰ' ਅਤੇ 'ਤੰਦ' ਹਿੰਦੋਸਤਾਨੀ ਔਰਤ ਦੇ ਉਸ ਸੰਸਕ੍ਰਿਤਿਕ ਚਰਿਤਰ ਤੇ ਵਫਾਦਾਰੀ ਦਾ ਕਥਾ-ਬਿਰਤਾਂਤ ਸਿਰਜਦੀਆਂ ਹਨ ਜਿਸ ਕਾਰਨ ਪਤਨੀ ਦਾ ਬਿੰਬ ਪਤੀ ਨਾਲੋਂ ਠੋਸ ਨਜ਼ਰ ਆਉਂਦਾ ਹੈ। ਇਨ੍ਹਾਂ ਦੋਵਾਂ ਕਹਾਣੀਆਂ ਵਿਚ ਅਸ਼ਵਨੀ ਇਕ ਐਸੀ ਗੋਲਾਈ ਸਿਰਜਦਾ ਹੈ ਕਿ ਤਮਾਮ ਦੋਸ਼ਾਂ ਦੇ ਬਾਵਜੂਦ ਪਤੀ-ਪਤਨੀ ਇਕ-ਦੂਜੇ ਦੇ ਪੂਰਕ ਨਜ਼ਰ ਆਉਂਦੇ ਹਨ। ਭਾਵੇਂ ਬਿਮਾਰ ਪਤੀ ਦੀ ਪਤਨੀ ਵੱਲੋਂ ਪਰਾਏ ਮਰਦ ਨਾਲ ਨਜਾਇਜ਼ ਰਿਸ਼ਤਾ ਕਾਇਮ ਕਰਨ ਤੋਂ ਪਰਤਣ ਦੀ ਗੱਲ ਹੋਵੇ, ਭਾਵੇਂ ਪਰਵਾਸੀ ਚਾਲਬਾਜ਼ ਪਤੀ ਦੀ ਪਤਨੀ ਵੱਲੋਂ ਉਹਦੀ ਜਾਨ ਬਚਾਉਣ ਦੀ ਗੱਲ ਹੋਵੇ ਅਸ਼ਵਨੀ ਦੋਵਾਂ ਹੀ ਹਾਲਤਾਂ ਵਿਚ ਉਸ ਤੰਦ ਦੁਆਲੇ ਕਹਾਣੀ ਖੜ੍ਹੀ ਕਰਦਾ ਹੈ, ਜਿਸਦਾ ਸਬੰਧ ਘਰਾਂ ਦੇ ਉੱਜੜਨ ਨਾਲ ਨਹੀਂ ਬਲਕਿ ਵਸਣ ਨਾਲ ਹੈ।

ਵਸਣ-ਉਜੜਣ ਦਾ ਵਰਤਾਰਾ ਜਦੋਂ ਪੂੰਜੀ, ਮਸ਼ੀਨ, ਬਜ਼ਾਰ ਤੇ ਖਪਤ ਕਲਚਰ ਨਾਲ ਜੁੜਦਾ ਹੈ ਤਾਂ ਇਕ ਤ੍ਰਾਸਦੀ ਜਨਮ ਲੈਂਦੀ ਹੈ। ਹੱਥੀਂ ਕਿਰਤ ਕਰਨ ਵਾਲੀ ਸ਼੍ਰੇਣੀ ਵਿਸ਼ਵੀਕਰਨ ਤੇ ਮਸ਼ੀਨੀਕਰਨ ਦੀ ਭੇਟ ਚੜ੍ਹ ਜਾਂਦੀ ਹੈ। ਆਰਥਿਕ ਮੰਦਹਾਲੀ ਬੰਦੇ ਨੂੰ ਤਮਾਸ਼ਾ ਬਣਾ ਕੇ ਰੱਖ ਦਿੰਦੀ ਹੈ। ਇਸ ਲਈ ਡਮਰੂ-ਭਮੀਰੀਆਂ ਬਣਾ ਕੇ ਵੇਚਣ ਵਾਲੀ ਮਾਂ ਘਰ ਦੀ ਉਜ਼ਰ ਪੂਰਤੀ ਲਈ ਜਿਸਮ ਵੇਚਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਜਿਸ ਵਕਤ ਆਰਥਿਕ ਕੰਗਾਲੀ ਫੱਤੂ ਵਰਗੇ ਦਸਤਕਾਰ ਦੀ ਅੱਖ ਦਾ ਸ਼ਿਕਾਰ ਕਰਦੀ ਹੈ ਪੂਰੀ ਮਿਹਨਤਕਸ਼

ਸ਼੍ਰੇਣੀ ਦਾ ਸੁਪਨਾ ਰੇਤ ’ਤੇ ਉਕੱਰਿਆ ਜਾਂਦਾ ਹੈ। ਛੋਟੇ ਕਿੱਤਿਆਂ ਔਰ ਕਲਾਵਾਂ ਦੀ ਮੌਤ ਹੁੰਦੀ ਚਲੀ ਜਾਂਦੀ ਹੈ। ਮਾਨਵੀ ਜੀਵਨ-ਪੱਧਤੀ ਦੀਆਂ ਥੁੜਾਂ-ਟੁੱਟਾਂ ਵਿਚੋਂ ਉਪਜਣ ਵਾਲੇ ਖਾਮੋਸ਼ ਵਿਦਰੋਹ ਦੀ ਕਾਤਰ ਵੀ ਅਸ਼ਵਨੀ ਬਾਗੜੀਆਂ ਦੀ ਕਥਾ-ਚੇਤਨਾ ਦਾ ਹਿੱਸਾ ਬਣਦੀ ਹੈ। ਮਾਂ, ਤਮਾਸ਼ਾ ਔਰ ਰੇਤ ’ਤੇ ਉੱਕਰੇ ਸੁਪਨੇ ਕਹਾਣੀਆਂ ਇਸ ਤੱਤ ਦੀ ਨਿਸ਼ਾਨਦੇਹੀ ਕਰਦੀਆਂ ਹਨ।

‘ਤਲਾਸ਼’ ਤੇ ‘ਰੂ-ਬ-ਰੂ’ ਕਹਾਣੀਆਂ ਮਾਨਵੀ ਜੀਵਨ ਦੇ ਉਨ੍ਹਾਂ ਖੰਡਿਤ ਧਰਾਤਲਾਂ ਦਾ ਕਥਾ-ਬਿਰਤਾਂਤ ਹਨ, ਜਿਨ੍ਹਾਂ ਬਾਰੇ ਇਕ ਥਾਂ ਅਚਾਰੀਆ ਰਜਨੀਸ਼ ਲਿਖਦਾ ਹੈ, “ਘਰ ਤੋਂ ਬਨ ਗਯਾ ਮਗਰ ਤੁਮ ਖੰਡਰ ਹੋ ਗਏ......!” ਜਿਸ ਮਨੁੱਖ ਕੋਲ ਘਰ, ਨੌਕਰੀ, ਪਤਨੀ, ਬੱਚੇ ਔਰ ਆਧੁਨਿਕ ਜੀਵਨ-ਸ਼ੈਲੀ ਦਾ ਕੁੱਲ ਸਾਜ਼ੋ-ਸਾਮਾਨ ਹੈ। ਜਿਸ ਕੋਲ ਜੀਵਨ ਦੇ ਸੱਤ ਰੰਗ ਹਨ ਉਹ ਫਿਰ ਵੀ ਕਿਸੇ ਅੱਠਵੇਂ ਰੰਗ ਦੀ ਤਲਾਸ਼ ਵਿਚ ਹੈ। ਉਸ ਦੀ ਇਹ ਤਲਾਸ਼ ਆਪਣੀਆਂ ਜੜ੍ਹਾਂ ਤੋਂ ਲੈ ਕੇ ਬਜ਼ਾਰ ਦੇ ਉਸ ਪ੍ਰਵਚਨ ਤੱਕ ਫੈਲਦੀ ਨਜ਼ਰ ਆਉਂਦੀ ਹੈ, ਜਿੱਥੋਂ ਤਣਾਅ, ਭਟਕਣ, ਅਸੰਤੁਸ਼ਟੀ, ਅਸੁਰੱਖਿਆ ਤੇ ਆਪਾ ਮਾਰੂ ਸ਼ੈਆਂ ਮੁਫਤ ਮਿਲਦੀਆਂ ਹਨ। ਮੁਫਤ ਵਿਚ ਮਿਲਦੀਆਂ ਪਰ ਮਾਨਵੀ ਜੀਵਨ ਦੀ ਆਭਾ ਨੂੰ ਸੱਟ ਮਾਰਨ ਵਾਲੀਆਂ ਮਨੋ-ਅਲਾਮਤਾਂ ਨੂੰ ਅਸ਼ਵਨੀ ਚੰਗੀ ਤਰ੍ਹਾਂ ਪਛਾਣਦਾ ਹੈ। ਇਹੀ ਕਾਰਨ ਹੈ ਕਿ ਉਹਦੀ ਕਹਾਣੀ ਕੁੱਲ ਆਲਮ ਤੋਂ ਲੈ ਕੇ ਸਵੈ-ਚਿੰਤਨ ਦੀਆਂ ਸੂਖਮ ਪਰਤਾਂ ਤੱਕ ਫੈਲੀ ਹੋਈ ਹੈ।

ਮੇਰੇ ਗੁਆਂਢੀ ਪਿੰਡ ਵਿਚੋਂ ਉੱਠੀ ਇਸ ਕਥਾ-ਆਵਾਜ਼ ਕੋਲ ਉਹ ਸਾਰੀਆਂ ਖੂਬੀਆਂ ਹਨ ਜਿਨ੍ਹਾਂ ਨਾਲ ਕਹਾਣੀ ‘ਕਹਾਣੀ’ ਬਣਦੀ ਹੈ। ਭਾਸ਼ਾ ਉਪਰ ਪਕੜ, ਅਨੁਭਵ ਦੀ ਅਮੀਰੀ, ਧੜਕਦੇ ਪਾਤਰ ਤੇ ਜੀਵਨ-ਯਥਾਰਥ ਦਾ ਬਹੁ-ਪਰਤੀ ਸੱਚ ਅਸ਼ਵਨੀ ਬਾਗੜੀਆਂ ਦੀ ਕਥਾ-ਚੇਤਨਾ ਨੂੰ ਵੱਖਰਾ ਰੰਗ ਬਖਸ਼ਦਾ ਹੈ। ਉਹਦੀ ਗਲਪੀ-ਯੋਗਤਾ ਨੂੰ ਸਲਾਮ ਕਰਦਾ ਹੋਇਆ ਮੈਂ ਉਸ ਦੇ ਪਲੇਠੇ ਕਹਾਣੀ-ਸੰਗ੍ਰਹਿ ‘ਮੰਥਨ’ ਨੂੰ ਤੁਹਾਡੇ ਰੂ-ਬ-ਰੂ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

**ਜਸਵੀਰ ਸਿੰਘ ਰਾਣਾ**
V.P.O. ਅਮਰਗੜ੍ਹ (ਸੰਗਰੂਰ)
Mob. 98156-59220

## ਪੰਜਾਬੀ ਕਹਾਣੀ ਵਿੱਚ ਨਵਾਂ ਹਸਤਾਖ਼ਰ - ਅਸ਼ਵਨੀ ਬਾਗੜੀਆਂ

ਅਸ਼ਵਨੀ ਬਾਗੜੀਆਂ ਪੰਜਾਬੀ ਕਹਾਣੀ ਵਿੱਚ ਨਵਾਂ ਹਸਤਾਖ਼ਰ ਹੈ। ਉਸ ਅੰਦਰ ਪੰਜਾਬੀ ਕਹਾਣੀ ਵਿੱਚ ਨਵੀਆਂ ਪਿਰਤਾਂ ਸਿਰਜਣ ਅਤੇ ਨਵੇਂ ਦਿਸਹੱਦਿਆਂ ਨੂੰ ਛੋਹਣ ਦੀਆਂ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ। ਉਹ ਕਹਾਣੀ ਦੀਆਂ ਵੱਖ-ਵੱਖ ਤਕਨੀਕਾਂ ਤੋਂ ਵੀ ਵਾਕਿਫ਼ ਹੈ। ....“ਮਹਿਕ ਮਰਦੀ ਨਹੀਂ”, ‘ਮੰਥਨ’ ਅਤੇ ‘ਰੂ-ਬ-ਰੂ’ ਕਹਾਣੀਆਂ ਇਸਦੀ ਦੀ ਮਿਸਾਲ ਹਨ। ਉਹ ਜਿੱਥੇ ਖੁੱਸ ਰਹੇ ਸੱਭਿਆਚਾਰ ਅਤੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਪ੍ਰਤੀ ਚਿੰਤਤ ਹੈ, ਉਥੇ ਆਧੁਨਿਕ ਮਸ਼ੀਨੀ ਯੁੱਗ ’ਚ ਆਪ ਮਸ਼ੀਨ ਹੋ ਰਹੇ ਮਨੁੱਖ ਵਿਚੋਂ ਮੁਨਕਰ ਹੋ ਰਹੇ ਮਨੁੱਖਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਦੇ ਭਾਵਾਂ ਦਾ ਵੀ ਉਸਨੂੰ ਅਹਿਸਾਸ ਹੈ। ‘ਤਲਾਸ਼’ ਰਾਹੀਂ ਅਜੋਕੇ ਤਣਾਅਗ੍ਰਸਤ ਇਨਸਾਨ ਦੀ ਹਾਲਤ ਨੂੰ ਬਾਖੂਬੀ ਚਿਤਰਿਆ ਹੈ। ‘ਮੰਥਨ’ ਸਭ ਕੁਝ ਠੀਕ ਹੈ...? ‘ਰੂ-ਬ-ਰੂ’ ਆਦਿ ਕਹਾਣੀਆਂ ਰਾਹੀਂ ਰਿਸ਼ਤਿਆਂ ਦੀ ਸੂਖਮਤਾ, ਭਾਵਨਾਵਾਂ ਦੀ ਸੰਵੇਦਨਸ਼ੀਲਤਾ ਅਤੇ ਬੰਦੇ ਵਿਚੋਂ ਮਨਫ਼ੀ ਹੋ ਰਹੇ ਬੰਦੇ ਦੀ ਹੋਣੀ ਦਾ ਸਫ਼ਲ ਮੰਚਣ ਕੀਤਾ ਹੈ। ਮੈਨੂੰ ਪੂਰਾ ਯਕੀਨ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਕਹਾਣੀਆਂ ਅਸ਼ਵਨੀ ਦੀ ਪਹਿਚਾਣ ਬਣਨ ਦੀ ਖਾਸੀਅਤ ਅਤੇ ਕਾਬਲੀਅਤ ਰੱਖਦੀਆਂ ਹਨ। ਉਸਦੇ ਪ੍ਰਗਟਾਅ ਵਿੱਚ ਬਣਾਵਟੀਪਣ ਨਾ ਹੋ ਕੇ ਇੱਕ ਕੁਦਰਤੀਪਣ ਤੇ ਸੁਭਾਵਿਕਤਾ ਹੈ।

ਮੈਨੂੰ ਖੁਸ਼ੀ ਹੈ ਕਿ ਪੰਜਾਬੀ ਕਹਾਣੀ ਦਾ ਭਵਿੱਖ ਏਹੋ ਜਿਹੇ ਕਹਾਣੀਕਾਰਾਂ ਦੇ ਹੱਥਾਂ ’ਚ ਸੁਰੱਖਿਅਤ ਹੈ।

**- ਡਾ. ਸੁਖਮਿੰਦਰ ਸੇਖੋਂ**

# ਤਲਾਸ਼

ਹਾਂ, ਤਲਾਸ਼ ਹੀ ਤਾਂ ਹੈ ਕਿਸੇ ਸ਼ੈਅ ਦੀ ਚਿੱਤ ਨੂੰ। ਹਰ ਵੇਲੇ ਇਉਂ ਲਗਦੈ ਜਿਵੇਂ ਦਿਲ ਡੁੱਬ ਰਿਹਾ ਹੋਵੇ ਪਲ-ਪਲ, ਕਿਸ ਗਹਿਰੇ 'ਚ.....। ਕੋਈ ਰੁੱਗ ਜਿਹਾ ਭਰਿਆ ਜਾਂਦਾ ਹੈ, ਕਾਲਜੇ 'ਚੋਂ। ਪਰ....ਸਮਝ ਵੀ ਤਾਂ ਨਹੀਂ ਆਉਂਦਾ ਕਿ ਭਾਲ ਹੈ ਕਿਸ ਚੀਜ਼ ਦੀ? ਕੀ ਗੁਆਚ ਗਿਆ ਹੈ ਅਜਿਹਾ, ਜਿਸ ਬਾਝੋਂ ਇਉਂ ਲੱਗ ਰਿਹੈ ਜਿਵੇਂ ਸਭ ਕੁਝ ਹੁੰਦੇ ਹੋਏ ਵੀ ਘਾਟ ਜਿਹੀ ਹੋਵੇ।

ਪਤਨੀ ਸ਼ਾਰਦਾ ਜਾਂ ਕਹੋ ਮਿਸਿਜ਼ ਸ਼ਰਮਾ ਵੈਸੇ ਤਾਂ ਆਪਣੇ ਆਪ 'ਚ ਈ ਮਸਤ ਰਹਿੰਦੀ ਹੈ। ਉਹਨੂੰ ਬੜੇ ਕੰਮ ਨੇ—ਸਜਣਾ-ਸੰਵਰਨਾ, ਸੂਟਾਂ-ਸਾੜ੍ਹੀਆਂ ਦੀ ਖਰੀਦੋ-ਫਰੋਖਤ, ਫੇਰ ਪੁਰਾਣੇ ਜਾਂ ਆਊਟ ਆਫ ਫੈਸ਼ਨ ਹੋ ਚੁੱਕੇ ਕੱਪੜਿਆਂ ਨੂੰ ਟਿਕਾਣੇ ਲਗਾਉਣਾ, ਘਰ ਦੀ ਸਾਫ-ਸਫਾਈ ਅਤੇ ਸੈਟਿੰਗ ਵਿੱਚ ਨੌਕਰਾਂ ਨੂੰ ਨਿਰਦੇਸ਼ ਦੇਣੇ। ਤਬਦੀਲੀ ਦੇ ਨਜ਼ਰੀਏ ਨਾਲ ਚੀਜ਼ਾਂ ਦੀ ਤਰਤੀਬ ਤਬਦੀਲ ਕਰਨੀ, ਗਹਿਣਿਆਂ ਦੇ ਨਵੇਂ ਡਿਜ਼ਾਈਨ ਪਸੰਦ-ਨਾਪਸੰਦ ਕਰਨੇ......ਹੋਰ ਪਤਾ ਨੀ ਕੀ ਕੁਝ। ਪਰ ਫੇਰ ਵੀ ਜੇ ਕਦੇ ਇਹਨਾਂ 'ਚੋਂ ਮੇਰੇ ਲਈ ਕਦੇ ਵਿਹਲ ਮਿਲ ਜਾਂਦੀ ਹੈ ਤਾਂ ਪੁੱਛ ਬੈਠਦੀ ਹੈ—

"ਚੁੱਪ-ਚਾਪ ਕਿਉਂ ਬੈਠੇ ਰਹਿੰਦੇ ਹੋ, ਕੀ ਗੱਲ ਤਬੀਅਤ ਤਾਂ ਠੀਕ ਐ?"

"ਨਹੀਂ ਤਾਂ....ਐਵੇਂ ਈ ਲਗਦਾ ਤੈਨੂੰ, ਚੰਗਾ ਭਲਾ ਤਾਂ ਫਿਰ ਰਿਹਾਂ।" ਮੈਂ ਕਹਿ ਛਡਦਾ ਹਾਂ।

ਪਰ ਮੈਨੂੰ ਪਤੈ ਬਈ ਐਵੇਂ ਤਾਂ ਨੀ ਲਗਦਾ ਸਭ ਕੁਝ। ਕੁਝ ਤਾਂ ਹੈ ਜੋ ਇਉਂ ਲਗਦੈ ਜਿਵੇਂ ਪਲ-ਪਲ ਛੁੱਟ ਰਿਹਾ ਹੋਵੇ।

ਕਦੇ ਇਉਂ ਲਗਦੈ ਜਿਵੇਂ ਕਿਸੇ ਨੇ ਸਿਰ 'ਚ ਜ਼ੋਰ ਦੀ ਸੱਟ ਮਾਰੀ ਹੋਵੇ, ਜਿਸ ਨਾਲ ਦਿਮਾਗ 'ਚੋਂ ਖੂਨ ਸਿਮ ਰਿਹਾ ਹੋਵੇ.....ਬਾਹਰ ਨਹੀਂ.....ਅੰਦਰੇ-ਅੰਦਰ। ਖੂਨ ਘਟ ਵੀ ਨਹੀਂ ਰਿਹਾ ਪਰ ਘਟ ਵੀ ਰਿਹਾ ਹੈ—ਤ੍ਰਿਪ-ਤ੍ਰਿਪ-ਤ੍ਰਿਪ। ਹਰ ਪਲ ਕੰਨਾਂ 'ਚ ਪੈ ਰਹੀ ਕੁਝ ਛੁੱਟਣ.... ਕੁਝ ਤ੍ਰਿਪਕਣ ਦੀ ਅਵਾਜ਼ ਹਰ ਸਮੇਂ ਬੇਚੈਨ ਕਰਦੀ ਰਹਿੰਦੀ ਹੈ।

ਸ਼ਾਰਦਾ ਨੂੰ ਜਦੋਂ ਮੇਰੀ ਬੇਚੈਨੀ ਸਮਝ ਨਾ ਆਵੇ ਤਾਂ ਉਹ ਪੁਛਦੀ ਹੈ—

"ਬੋਰ ਹੋ ਗਏ ਹੋ ਮੈਥੋਂ?"

"ਕਿਹੋ ਜਿਹੀਆਂ ਗੱਲਾਂ ਕਰਨ ਲੱਗ ਜਾਨੀਂ ਐਂ ਯਾਰ, ਭਲਾ ਮੈਂ ਤੈਥੋਂ ਬੋਰ ਕਿਉਂ ਹੋਊਂਗਾ।" ਮੈਂ ਅੰਦਰੋਂ ਖਿਝਦਾ ਪਰ ਉਪਰੋਂ ਮੁਸਕਰਾ ਦਿੰਦਾ ਹਾਂ।

ਪਰ ਬੋਰ ਤਾਂ ਹੋ ਗਿਆ ਲਗਦਾ ਹਾਂ....ਪਤਨੀ ਤੋਂ ਨਹੀਂ.....ਫੇਰ ਜ਼ਿੰਦਗੀ ਤੋਂ? ਨਹੀਂ

ਜ਼ਿੰਦਗੀ ਤੋਂ ਵੀ ਨਹੀਂ। ਪਰ ਕਿਸਤੋਂ? ਪਤਾ ਨੀ ਲਗਦਾ।

ਪਤਨੀ ਫੇਰ ਜਿਵੇਂ ਬੱਚੇ ਨੂੰ ਸਮਝਾਉਂਦੀ ਹੋਵੇ—

"ਖੁਸ਼ ਰਿਹਾ ਕਰੋ, ਤੁਹਾਨੂੰ ਘਾਟ ਕਿਸ ਚੀਜ਼ ਦੀ ਏ। ਐਡਾ ਸੋਹਣਾ ਘਰ, ਵਧੀਆ ਨੌਕਰੀ, ਗੱਡੀ, ਨੌਕਰ-ਚਾਕਰ, ਪਿਆਰੇ ਜਿਹੇ ਬੱਚੇ....ਸਭ ਕੁਝ ਤਾਂ ਹੈ। ਫੇਰ ਕਾਹਦੀ ਟੈਨਸ਼ਨ ਆ?"

"ਕੁਝ ਨੀ ਯਾਰ, ਬਸ ਥਕਾਵਟ ਹੋ ਜਾਂਦੀ ਐ। ਕੰਮ ਦਾ ਬੋਝ ਐ, ਦੂਜਾ ਮਿਲਣ-ਗਿਲਣ ਵਾਲੇ ਬਹੁਤ ਆਉਂਦੇ-ਜਾਂਦੇ ਨੇ।"

ਫੇਰ ਸੋਚਦਾਂ—"ਹਾਂ, ਸਭ ਕੁਝ ਤਾਂ ਹੈ। ਸ਼ਹਿਰ ਦੀ ਆਫੀਸਰ ਕਾਲੋਨੀ.....ਵਿੱਚ ਆਧੁਨਿਕ ਸਹੂਲਤਾਂ ਨਾਲ ਲੈੱਸ ਬਣੀ ਆਲੀਸ਼ਾਨ ਕੋਠੀ, ਮਹਿਲ ਵਰਗੀ, ਮੂਹਰੇ ਵੱਡਾ ਸਾਰਾ ਲਾਅਨ, ਵਿੱਚ ਸਵੀਵਿੰਗ ਪੂਲ, ਇੱਕ ਪਾਸੇ ਗੈਰੇਜ.......ਤੇ ਲਗਜ਼ਰੀ ਗੱਡੀ.....।"

"ਮੈਂ ਫੂਡ ਐਂਡ ਸਪਲਾਈ ਵਿਭਾਗ 'ਚ ਅਫਸਰ। ਪਤਨੀ ਸਰਕਾਰੀ ਲੈਕਚਰਾਰ.... ਚੋਖੀ ਤਨਖਾਹ। ਪਹਿਲਾਂ ਕੀ ਸੀ?"

ਪਿੰਡ 'ਚ ਰਹਿੰਦੇ ਸੀ। ਅਥਾਹ ਗਰੀਬੀ ਵੇਖੀ ਐ। ਕੱਚਾ ਸਰਕੰਡੇ ਦੀ ਛੱਤ ਵਾਲਾ ਘਰ, ਦੀਵੇ ਦੀ ਰੋਸ਼ਨੀ। ਬਿਜਲੀ ਵੀ ਮੇਰੇ ਜਨਮ ਤੋਂ ਬਾਦ ਹੀ ਘਰ 'ਚ ਆਈ ਸੀ, ਮੈਂ ਛੇ-ਕੁ ਵਰ੍ਹਿਆਂ ਦਾ ਹੋਊਂਗਾ। ਚਾਅ ਚੜ੍ਹ ਗਿਆ ਸੀ, ਪਈ ਸਵਿੱਚ ਦਬਾਓ, ਬਲਬ ਆਪਣੇ ਆਪ ਜਗ ਪਵੇਗਾ, ਨਾ ਤੇਲ ਦਾ ਝੰਜਟ ਨਾ ਧੂੰਏ ਦਾ। ਬਸ ਰੋਸ਼ਨੀ ਹੀ ਰੋਸ਼ਨੀ।

ਰੋਸ਼ਨੀ ਤਾਂ ਹੁਣ ਵੀ ਬਹੁਤ ਹੋ ਜਾਂਦੀ ਏ। ਸਾਰੀ ਕੋਠੀ ਵਿੱਚ ਜਗ੍ਹਾ-ਜਗ੍ਹਾ ਨਿੱਕੇ ਰੰਗ-ਬਰੰਗੇ ਬੱਲਬ ਲਗਾਏ ਹੋਏ ਨੇ। ਜਗਮਗ ਹੋ ਉਠਦੀ ਏ ਰਾਤ ਨੂੰ।

ਪਰ ਮੇਰੇ ਧੁਰ ਅੰਦਰ ਹਨੇਰਾ ਕਿਉਂ ਹੋਇਆ ਲਗਦੈ, ਸ਼ਾਇਦ ਤੇਜ਼ ਰੋਸ਼ਨੀ ਮਾੜੀ ਹੁੰਦੀ ਐ, ਅੱਖਾਂ ਚੁੰਧਿਆ ਜਾਂਦੀਆਂ ਨੇ। ਫੇਰ ਰੋਸ਼ਨੀ ਹੋਣ ਤੇ ਵੀ ਅੱਖਾਂ ਅੱਗੇ ਭੱਬੂ-ਤਾਰਿਆਂ ਵਾਲਾ ਹਨੇਰਾ ਜਿਹਾ ਵਿਖਾਈ ਦੇਣ ਲਗਦਾ ਹੈ।

ਹਨੇਰਾ ਗੂੜ੍ਹਾ ਸੀ, ਰਾਤ ਕਾਫੀ ਹੋ ਗਈ ਸੀ। ਮੈਂ ਬੈੱਡ ਤੇ ਘੂਕ ਸੁੱਤੀ ਪਈ ਸ਼ਾਰਦਾ ਨੂੰ ਵੇਖਿਆ। ਹੁਣ ਤਾਂ ਚੜ੍ਹਤ ਐ ਇਹਦੀ ਵੀ। ਕਿੱਟੀ ਪਾਰਟੀ ਦੀ ਚੇਅਰਪਰਸਨ ਬਣਾ ਦਿੱਤੀ ਐ। ਮੀਟਿੰਗਾਂ ਤੋਂ ਹੀ ਵਿਹਲ ਨੀ ਮਿਲਦੀ।

ਨਾਲ ਦੇ ਕਮਰੇ 'ਚ ਬੇਬੇ ਪਈ ਸੀ। ਕੱਲ੍ਹ ਈ ਆਈ ਸੀ ਪਿੰਡੋਂ। ਉਹ ਜਦੋਂ ਆਉਂਦੀ ਹੈ ਤਾਂ ਬੱਚੇ ਉਹਦੇ ਨਾਲ ਈ ਚਿੰਬੜੇ ਰਹਿੰਦੇ ਨੇ ਹਰ ਵੇਲੇ। ਸੌਂਦੇ ਵੀ ਉਹਦੇ ਨਾਲ ਈ ਨੇ। ਦਾਦੀਆਂ ਦਾ ਮੋਹ ਈ ਅਜਿਹਾ ਹੁੰਦੈ ਸ਼ਾਇਦ।

ਅਸੀਂ ਤਾਂ ਕਿਹਾ ਹੋਇਆ ਬਈ; ਜਿਥੇ ਤੇਰਾ ਜੀਅ ਰਾਜ਼ੀ ਹੁੰਦੈ ਉਥੇ ਰਹਿ। ਪਿੰਡ 'ਚ ਚਿੱਤ ਕਰਦਾ ਤਾਂ ਪਿੰਡ 'ਚ ਸਹੀ। ਜਦੋਂ ਸਾਡੇ ਕੋਲ਼ ਆਉਣਾ ਹੋਵੇ ਤਾਂ ਬੇਝਿਜਕ ਚਲੀ ਆਇਆ ਕਰ। ਸਾਡਾ ਤਾਂ ਚਿੱਤ ਬਥੇਰਾ ਕਰਦਾ ਬਈ ਉਹਨੂੰ ਇਥੇ ਹੀ ਰੱਖੀਏ। ਐਨੀ ਵੱਡੀ ਕੋਠੀ ਆ ਤੇ ਰਹਿਣ ਵਾਲੇ ਅਸੀਂ ਢਾਈ ਟੋਟਰੂ। ਕਹਿ ਵੀ ਦਿੰਨੇ ਆਂ ਪਰ ਵਾਰ-ਵਾਰ ਕਹਿਣ ਨੂੰ ਮਨ ਵੀ ਨਹੀਂ ਕਰਦਾ ਪਤਾ ਨੀ ਦਿਲ ਡਰਦੈ ਕਿ ਕਿਤੇ ਬੇਬੇ ਕਹਿ ਈ ਨਾ ਦੇਵੇ—

"ਆਹੋ, ਹੁਣ ਲੋੜ ਪਈ ਤੋਂ ਬੇਬੇ ਨੂੰ ਬੁਲਾਉਂਦੇ ਓਂ ਸ਼ਹਿਰ; ਅਖੇ ਜੀਅ ਨੀ ਲਗਦਾ। ਜੇ ਐਨੀ ਓ ਫ਼ਿਕਰ ਸੀ ਤਾਂ ਪਿੰਡ ਕਿਉਂ ਛੱਡਿਆ ਸੀ। ਹੁਣ ਜੁਆਕ ਨੀ ਸਾਂਭੇ ਜਾਂਦੇ ਤਾਂ ਬੇਬੇ ਯਾਦ ਆਉਂਦੀ ਐ।"

ਪਰ ਮੈਨੂੰ ਇਹ ਵੀ ਪਤਾ ਕਿ ਬੇਬੇ ਇਉਂ ਆਖ ਨੀ ਸਕਦੀ। ਉਹਦਾ ਇਥੇ ਚਿੱਤ ਲਗਦਾ, ਹੋ ਸਕਦਾ ਜ਼ਿਆਦਾ ਹੀ ਲਗਦਾ ਹੋਵੇ ਕਿਉਂਕਿ ਜਦੋਂ ਅਸੀਂ ਪਿੰਡ ਸੀ ਤਾਂ ਜੁਆਕ ਉਹਦੀ ਮਮਤਾ ਦੇ ਨਿਘ 'ਚ ਪਲ਼ ਕੇ ਐਨੇ ਵੱਡੇ ਹੋ ਗਏ ਸੀ। ਉਹਨੂੰ ਬਹੁਤ ਮੋਹ ਆਉਂਦਾ ਜੁਆਕਾਂ ਦਾ.......।

.....ਪਰ ਉਹ ਮਜਬੂਰ ਹੈ। ਪਿੰਡ ਨੀ ਛੱਡ ਸਕਦੀ ਸ਼ਾਇਦ। ਜੜ੍ਹਾਂ ਜੁ ਪਿੰਡ 'ਚ ਨੇ ਉਹਦੀਆਂ। ਕੋਈ ਭਲਾ ਆਪਣੀਆਂ ਜੜ੍ਹਾਂ ਤੋਂ ਉੱਖੜ ਕੇ ਕਿਵੇਂ ਖੁਸ਼ ਰਹਿ ਸਕਦਾ। ਮੇਰੀਆਂ ਜੜ੍ਹਾਂ ਵੀ ਤਾਂ ਪਿੰਡ 'ਚ ਈ.....।

......ਮੇਰੀ ਤਾਂ ਚਲੋ ਹੋਰ ਗੱਲ ਹੈ। ਮੈਨੂੰ ਤਾਂ ਸ਼ੁਰੂ ਤੋਂ ਹੀ ਸ਼ੌਕ ਸੀ ਬਈ ਸੈੱਟ ਹੋਣਾ ਤਾਂ ਸ਼ਹਿਰ 'ਚ ਈ ਹੋਣਾ। ਸੌ ਸਹੂਲਤਾਂ ਹੁੰਦੀਆਂ ਨੇ ਸ਼ਹਿਰ 'ਚ। ਪਿੰਡਾਂ 'ਚ ਕੀ ਐ, ਬੰਦਾ ਉਹੀ ਟੋਭੇ ਦਾ ਡੱਡੂ। ਜੁਆਕਾਂ ਦੀ ਜ਼ਿੰਦਗੀ ਬਣਾਉਣੀ ਐ ਤਾਂ ਸ਼ਹਿਰ ਹੀ ਜਾਣਾ ਪਊ।

ਮੇਰੀ ਪਰੇਸ਼ਾਨੀ ਨੂੰ ਆਪਣੇ ਵਲੋਂ ਅੰਦਾਜ਼ਾ ਲਾ ਕੇ ਸ਼ਾਰਦਾ ਆਖਦੀ ਹੈ—"ਨਵੀਂ ਜਗ੍ਹਾ ਤੇ ਐਡਜੈਸਟ ਹੋਣ ਨੂੰ ਦੇਰ ਤਾਂ ਲਗਦੀ ਹੀ ਏ। ਆਪੇ ਠੀਕ ਹੋ ਜਾਊ ਸਭ ਕੁਝ।"

ਐਨੀ ਵੱਡੀ ਕੋਠੀ ਬਣਾਉਣ ਦਾ ਸੁਪਨਾ ਵੀ ਤਾਂ ਸ਼ਾਰਦਾ ਦਾ ਹੀ ਸੀ। ਮੇਰਾ ਵੀ ਚਿੱਤ ਕਰਦਾ ਸੀ ਕਿ ਨਹੀਂ, ਹੁਣ ਸੋਚਦਾਂ ਤਾਂ ਪਤਾ ਨੀ ਲਗਦਾ ਪਰ ਮੇਰਾ ਆਪਣਾ-ਆਪ ਵੀ ਤਾਂ ਮੇਰੀ ਜੀਵਨ-ਸਾਥਣ ਨਾਲ ਜੁੜਿਆ ਹੋਇਆ ਹੈ। ਉਹਦੇ ਸੁਪਨੇ ਮੇਰੇ ਸੁਪਨੇ ਨੇ। ਉਹਦੀਆਂ ਸੱਧਰਾਂ ਨਾਲ ਹੀ ਮੇਰੀ ਖੁਸ਼ੀ ਜੁੜੀ ਹੋਈ ਹੈ।

ਪਿੰਡ 'ਚ ਜ਼ਮੀਨ ਥੋੜੀ ਜਿਹੀ ਸੀ। ਮੇਰਾ ਅਤੇ ਭਰਾ ਦਾ ਹਿੱਸਾ ਪੈ ਗਿਆ। ਜਿੰਨੇ 'ਚ ਜ਼ਮੀਨ ਵਿਕੀ ਓਨੇ 'ਚ ਤਾਂ ਪਲਾਟ ਹੀ ਖਰੀਦਿਆ ਗਿਆ। ਕਿਉਂਕਿ ਅਫਸਰ ਹਾਂ ਮਾੜੀ ਮੋਟੀ ਜਗ੍ਹਾ 'ਚ ਤਾਂ ਕੋਠੀ ਪਾਉਣੋ ਰਹੇ, ਫੇਰ ਲੋਕੇਸ਼ਨ ਅਤੇ ਲੋਕੈਲਿਟੀ ਵੀ ਸਟੈਂਡਰਡ ਦੀ ਹੋਣੀ ਚਾਹੀਦੀ ਹੈ। ਇਸੇ ਲਈ ਤਾਂ ਆਫੀਸਰ ਕਾਲੋਨੀ ਵਿੱਚ ਪਲਾਟ ਖਰੀਦਿਆ ਪੂਰੇ ਅੱਠ ਸੌ ਗਜ਼, ਤੇ ਇਹਦੇ ਬਦਲੇ ਪਿੰਡ 'ਚ ਜ਼ਮੀਨ ਵਿਕੀ ਦੋ ਕਿੱਲੇ।

ਫੇਰ ਕੋਠੀ ਪਾਉਣ ਲਈ ਪੈਸੇ। ਸੋਚਿਆ ਸਰਕਾਰੀ ਨੌਕਰੀ ਹੈ.....ਤਨਖਾਹ ਚੋਖੀ ਸੀ। ਕੀ ਹੋਇਆ ਜੇ ਅਜੇ ਨੌਕਰੀ ਲੱਗੇ ਨੂੰ ਥੋੜਾ ਚਿਰ ਹੋਇਆ। ਤਨਖਾਹ ਵੀ ਤਾਂ ਅੱਗੋਂ ਵਧਣ ਤੇ ਹੀ ਹੈ। ਬਹੁਤੀ ਰਾਸ਼ੀ ਜਮ੍ਹਾਂ ਤਾਂ ਹੈ ਨੀ ਸੀ, ਪਰ ਲੋਨ ਤਾਂ ਅਸਾਨੀ ਨਾਲ ਮਿਲ ਸਕਦਾ ਸੀ। ਬੈਂਕਾਂ ਵਾਲੇ ਤਾਂ ਭੱਜੇ ਫਿਰਦੇ ਨੇ, ਸੌ ਸਹੂਲਤਾਂ ਦਿੰਦੇ ਨੇ। ਸੋ ਲੋਨ ਲੈ ਲਿਆ ਪੂਰੇ ਪੰਦਰਾਂ ਲੱਖ ਰੁਪਏ ਦਾ।

ਕੋਠੀ ਤਿਆਰ ਹੋਈ ਤਾਂ ਸ਼ਾਰਦਾ ਬੜੀ ਖੁਸ਼ ਸੀ। ਵੱਡਾ ਸਾਰਾ ਨਜ਼ਰ-ਬੱਟੂ ਟੰਗ ਦਿੱਤਾ ਸੀ। ਐਨੀ ਵੱਡੀ ਕੋਠੀ-ਤੇ ਰਹਿਣ ਵਾਲੇ ਮੈਂ, ਸ਼ਾਰਦਾ ਤੇ ਦੋ ਨਿੱਕੇ-ਨਿੱਕੇ ਬੱਚੇ। ਅਜਿਹੀ ਗਿਣਤੀ ਜੋ ਗਿਣਨ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ। ਪਰ ਸ਼ਾਰਦਾ ਦੀ ਤਾਂ ਟੌਹ੍ਰ

ਬਣ ਗਈ ਸੀ ਰਿਸ਼ਤੇਦਾਰਾਂ, ਸ਼ਰੀਕਾਂ 'ਚ। ਤੇ ਜਦੋਂ ਇਸ ਕੋਠੀ ਸਾਮ੍ਹਣੇ ਪਿੰਡ ਵਾਲਾ ਕੱਚਾ ਘਰ ਯਾਦ ਕਰਦੇ ਹਾਂ ਤਾਂ ਉਹ ਤਾਂ ਸਾਰੇ ਦਾ ਸਾਰਾ ਕੋਠੀ ਦੇ ਦੋ ਕਮਰਿਆਂ 'ਚ ਸਮਾ ਜਾਂਦਾ ਸੀ।

ਪਰ ਉਦੋਂ ਕੱਚੇ ਘਰ ਵਿਚੋਂ ਇੱਕ ਮਹਿਕ ਉਠਦੀ ਸੀ ਜਦੋਂ ਮਿੱਟੀ ਦੇ ਕੱਚੇ ਫਰਸ਼ ਤੇ ਝਾੜੂ ਲਗਾਉਣ ਤੋਂ ਪਹਿਲਾਂ ਬੇਬੇ ਪਾਣੀ ਛਿੜਕਦੀ ਸੀ ਤਾਂਕਿ ਧੂੜ ਨਾ ਉੱਠੇ। ਏਹੋ ਜਿਹੀ ਮਹਿਕ ਉਦੋਂ ਵੀ ਆਉਂਦੀ ਜਦੋਂ ਬੇਬੇ ਕੱਚੀਆਂ ਕੰਧਾਂ ਤੇ ਆਪ ਪਾਂਡੂ ਫੇਰਦੀ ਹੁੰਦੀ। ਮੈਨੂੰ ਇਹ ਮਹਿਕ ਬੜੀ ਚੰਗੀ ਲਗਦੀ।

ਪਰ ਇਥੇ ਕੋਠੀ 'ਚ ਮਿੱਟੀ ਦਾ ਕੀ ਕੰਮ। ਮਿੱਟੀ ਦੀ ਤਾਂ ਚੁਟਕੀ ਭਰ ਵੀ ਮਾਰਬਲ ਤੇ ਚਮਕਦੇ ਫਰਸ਼ 'ਤੇ ਪਈ ਭੈੜੀ ਜਿਹੀ ਲਗਦੀ ਹੈ। ਤੇ ਕਮਰੇ ਮਹਿਕਾਉਣ ਲਈ ਮਿੱਟੀ ਦੀ ਸੌਂਧੀ ਜਿਹੀ ਮਹਿਕ ਨਹੀਂ ਸਗੋਂ ਰੂਮ ਫਰੈਸ਼ਨਰ ਛਿੜਕਣਾ ਪੈਂਦਾ ਹੈ।

ਬੇਬੇ ਜਦੋਂ ਆਉਂਦੀ ਹੈ ਤਾਂ ਉੱਪਰੋਂ ਬੜੀ ਖੁਸ਼ ਦਿਸਦੀ ਹੈ। ਪਰ ਪਤਾ ਨੀ ਕਿਉਂ ਏਥੇ ਆ ਕੇ ਉਹਨੂੰ ਇਉਂ ਲਗਦੈ ਜਿਵੇਂ ਉਹ ਇਸ ਘਰ ਉੱਪਰ ਉਹ ਅਧਿਕਾਰ ਨੀ ਸਮਝਦੀ ਜਿਵੇਂ ਉਹ ਪਿੰਡ 'ਚ ਗੜ੍ਹਕਦੀ ਫਿਰਦੀ ਹੁੰਦੀ ਸੀ। ਇਹ ਘਰ ਵੀ ਤਾਂ ਉਹਦੇ ਪੁੱਤ ਦਾ ਹੀ ਐ। ਪਰ ਇਹ ਸ਼ਾਇਦ ਮੈਂ ਸੋਚਦਾ ਹਾਂ ਉਹ ਨਹੀਂ। ਉਹ ਇਥੇ ਜਿਵੇਂ ਬੋਚ-ਬੋਚ ਕੇ ਰਹਿੰਦੀ ਹੈ, ਇੱਕ ਘੁਟਵਾਂਪਣ ਜਿਹਾ ਝਲਕਦਾ ਹੈ ਉਹਦੇ ਸੁਭਾਅ 'ਚੋਂ।

ਉਹ ਆਉਂਦੀ ਹੈ ਤਾਂ ਸਾਨੂੰ ਜਿਵੇਂ ਕੰਮ ਕਰ ਕਰ ਵਿਖਾਉਂਦੀ ਹੈ। ਮੈਂ ਬਥੇਰਾ ਕਹਿਨਾਂ—

"ਬੇਬੇ ਤੂੰ ਆਪ ਕਿਉਂ ਕੰਮ ਕਰੀ ਜਾਨੀਂ ਐਂ। ਆਪ ਨੌਕਰ ਹੈਗੇ ਨੇ, ਜਾਂ ਸ਼ਾਰਦਾ ਕਰ ਲਊ।"

"ਕੋਈ ਨੀ ਪੁੱਤ ਮੈਥੋਂ ਵਿਹਲੀ ਵੀ ਤਾਂ ਨੀ ਬੈਠਿਆ ਜਾਂਦਾ। ਕੰਮ ਕਰਦੀ ਰਹਿੰਨੀ ਆਂ ਤਾਂ ਹੱਡ ਚਲਦੇ ਰਹਿੰਦੇ ਨੇ।"

ਸ਼ਾਰਦਾ ਵੀ ਨੀ ਚਾਹੁੰਦੀ ਕਿ ਬੇਬੇ ਕੰਮ ਕਰੇ। ਉਸਨੂੰ ਵੀ ਏਹੋ ਹੈ ਕਿ ਬੇਬੇ ਬਸ ਆ ਜਾਇਆ ਕਰੇ। ਐਡਾ ਘਰ ਇੱਕ ਉਹਦੇ ਆਉਣ ਨਾਲ ਹੀ ਜਿਵੇਂ ਭਰਿਆ-ਭਰਿਆ ਲਗਦੈ। ਬੱਚੇ ਵੀ ਖੁਸ਼ ਰਹਿੰਦੇ ਨੇ।

ਪਰ ਬੇਬੇ.....। ਉਹਦੀਆਂ ਅੱਖਾਂ 'ਚ ਜਿਵੇਂ ਕੋਈ ਤਰਲ, ਕੋਈ ਦਿਲਜੋਈ ਜਿਹੀ ਵਿਖਾਈ ਦਿੰਦੀ ਹੈ। ਜਿਵੇਂ ਕੋਈ ਅਹਿਸਾਸ ਉਸਦੇ ਅੰਦਰਲੇ ਨੂੰ ਖੇਰੂੰ-ਖੇਰੂੰ ਕਰੀ ਜਾ ਰਿਹਾ ਹੋਵੇ, ਸ਼ਾਇਦ ਪਛਤਾਵੇ ਦਾ ਅਹਿਸਾਸ......।

ਹਾਂ, ਪਛਤਾਵਾ ਹੀ ਹੋਣੈ। ਘਰਾਂ ਇਕੱਠੇ ਚਾਰ ਭਾਂਡੇ ਖੜਕ ਹੀ ਜਾਂਦੇ ਨੇ ਕਦੇ। ਪਰ ਪਰਿਵਾਰ 'ਚ ਬਜ਼ੁਰਗ ਹੋਣ ਦੇ ਨਾਤੇ ਮਾਪੇ ਦਾ ਫਰਜ਼ ਬਣਦਾ ਕਿ ਉਹ ਏਕੇ ਨੂੰ ਕਾਇਮ ਰੱਖੇ। ਘਰ ਇੱਕ ਰਥ ਵਾਂਗ ਹੀ ਹੁੰਦੈ, ਪਰਿਵਾਰ ਦੇ ਮੈਂਬਰ ਇਸਦੇ ਘੋੜੇ ਤੇ ਬਜ਼ੁਰਗ ਇਸ ਦਾ ਸਾਰਥੀ, ਜਿਸਦੇ ਹੱਥਾਂ 'ਚ ਘੋੜਿਆਂ ਦੀਆਂ ਲਗਾਮਾਂ। ਜੇ ਉਹ ਸਹੀ ਢੰਗ ਨਾਲ ਘੋੜਿਆਂ ਨੂੰ ਕੰਟਰੋਲ ਕਰਕੇ ਨਾ ਚਲਾਵੇ ਤਾਂ ਰਥ ਰਵਾਂ ਹੋ ਕੇ ਨਹੀਂ ਚਲਦਾ....... ਬੇਬੇ ਤੋਂ ਏਹੋ ਤਾਂ ਹੋ ਗਿਆ ਸੀ ਸ਼ਾਇਦ।

ਮਨਾਂ 'ਚ ਕੁੜੱਤਣ ਵਧਦੀ-ਵਧਦੀ ਹਦੋਂ ਵਧ ਗਈ। ਦਿਲ ਦਿਮਾਗ ਜਿਵੇਂ ਸੁੰਨ ਹੋ ਗਏ, ਸੋਚਣ ਸ਼ਕਤੀ ਸਮਾਪਤ ਹੋ ਗਈ। ਅੱਖਾਂ ਅੱਗੇ ਇਕੋ ਰਾਹ ਵਿਖਾਈ ਦੇਣ ਲੱਗਿਆ। ਤਣਾਅ ਭਰੇ ਮਾਹੌਲ ਤੋਂ ਨਿਜਾਤ ਪਾਉਣ ਦਾ ਇੱਕੋ-ਇੱਕ ਤਰੀਕਾ-ਆਪਣਾ ਇੰਤਜ਼ਾਮ ਅਲੱਗ ਕਰ ਲਈਏ।

ਬੇਬੇ ਨੂੰ ਜਦੋਂ ਅਹਿਸਾਸ ਹੋਇਆ, ਉਦੋਂ ਬਹੁਤ ਦੇਰ ਹੋ ਚੁੱਕੀ ਸੀ। ਸਹੀ ਫੈਸਲਾ ਨਾ ਲੈ ਸਕੀ, ਡਰਦੀ ਸੀ ਸ਼ਾਇਦ। ਤੀਵੀਂ ਸੀ ਨਾ, ਉਹ ਵੀ ਪਤੀ ਵਾਹਰੀ। ਜਾਂ ਕਹੋ ਹੁਣ ਸਿਰਫ ਮਾਂ ਰਹਿ ਗਈ ਸੀ।

ਬਾਪੂ ਮਰੇ ਤੋਂ ਬੇਬੇ ਖੇਰੂੰ-ਖੇਰੂੰ ਤਾਂ ਹੋ ਗਈ ਸੀ। ਅਸੀਂ ਛੋਟੇ-ਛੋਟੇ ਤਾਂ ਸੀ। ਮੈਂ ਬਹੁਤ ਮਿਹਨਤ ਕੀਤੀ ਇਸ ਘਰ ਨੂੰ ਚਲਾਉਣ ਲਈ। ਅਤੇ ਅੱਗੇ ਵਧਾਉਣ ਲਈ। ਬੇਬੇ ਨੂੰ ਜਿੰਨਾ ਸਹਾਰਾ ਦੇ ਸਕਦਾ ਸੀ ਦਿੱਤਾ। ਉਹਦੀ ਰਜ਼ਾ ਵਿਚ ਹੀ ਰਾਜ਼ੀ ਰਹਿਣ ਦੀ ਕੋਸ਼ਿਸ਼ ਕੀਤੀ। ਆਪਣੀਆਂ ਇਛਾਵਾਂ ਮਾਰ ਕੇ, ਘਰ ਦੀ ਹੋਂਦ ਕਾਇਮ ਰਖਣ ਵਿੱਚ ਹੀ ਕੰਮ ਕਰਦਾ ਰਿਹਾ। ਇਸੇ ਸਦਕਾ ਅਸੀਂ ਪਿੰਡ 'ਚ ਕੱਚੇ ਘਰ ਤੋਂ ਪੱਕਾ ਬਣਾ ਲਿਆ ਸੀ।

ਤੇ ਹੁਣ ਇਥੇ ਸ਼ਹਿਰ ਆ ਕੇ ਉਸ ਨਾਲੋਂ ਵੀ ਪੱਕਾ ਅਤੇ ਵੱਡਾ ਘਰ ਬਣਾ ਲਿਆ ਸੀ, ਹੁਣ ਸਭ ਕੁਝ ਸੀ, ਪਰ ਫੇਰ ਵੀ ਤਲਾਸ਼ ਬਾਕੀ ਹੈ ਜਿਵੇਂ।

ਜਦੋਂ ਪਿੰਡ ਰਹਿੰਦੇ ਸੀ, ਉਦੋਂ ਘੱਟ ਖਾਂਦੇ ਸੀ, ਸਾਦਾ ਪਹਿਨਦੇ ਸੀ, ਜ਼ਿੰਦਗੀ ਜਿਵੇਂ ਖੁਲ੍ਹੀ ਕਿਤਾਬ ਸੀ। ਪਰ ਉਸ ਵੇਲੇ ਵੀ ਇੱਕ ਘਾਟ ਜਿਹੀ ਜਾਪਦੀ ਸੀ, ਤਲਾਸ਼ ਸੀ ਕਿਸੇ ਸ਼ੈਅ ਦੀ.....। ਪਿੰਡ ਤੋਂ ਰਾਤ ਵੇਲੇ ਸ਼ਹਿਰ ਦੀਆਂ ਚਮਚਮਾਉਂਦੀਆਂ ਰੋਸ਼ਨੀਆਂ ਦਾ ਨਜ਼ਾਰਾ ਬੜਾ ਮਨਮੋਹਣਾਂ ਲਗਦਾ ਸੀ। ਦਿਲ 'ਚ ਸਧਰਾਂ ਜਾਗਦੀਆਂ ਸਨ ਕਿ ਇਹਨਾਂ ਰੋਸ਼ਨੀਆਂ ਵਿਚ ਪਣਪਦੀ ਤੇ ਮੌਲਦੀ ਜ਼ਿੰਦਗੀ ਵੀ ਕਿੰਨੀ ਖ਼ੂਬਸੂਰਤ ਤੇ ਰੰਗੀਨ ਹੁੰਦੀ ਹੋਵੇਗੀ। ਬਿਲਕੁਲ ਉਵੇਂ ਜਿਵੇਂ ਦੂਰ ਚਮਕਦਾ ਚੰਨ ਕਿੰਨਾ ਸੋਹਣਾ ਲਗਦਾ ਹੈ।

ਉਦੋਂ ਹੀ ਮਨ 'ਚ ਸੁਪਨੇ ਉੱਗਣੇ ਸ਼ੁਰੂ ਹੋ ਗਏ ਸਨ। ਮੈਂ ਇਹਨਾਂ ਸੁਪਨਿਆਂ ਨੂੰ ਆਸਾਂ ਤੇ ਉਮੀਦਾਂ ਨਾਲ ਸਿੰਜਦਾ ਰਿਹਾ। ਸਮਾਂ ਪਾ ਕੇ ਸੁਪਨਿਆਂ ਤੇ ਬੂਰ ਆਇਆ। ਪੜ੍ਹ ਲਿਖ ਕੇ ਨੌਕਰੀ ਮਿਲ ਗਈ। ਰੱਬ ਜਿਵੇਂ ਦਿਆਲ ਸੀ, ਪਤਨੀ ਨੂੰ ਵੀ ਨੌਕਰੀ ਮਿਲ ਗਈ।

ਸ਼ਹਿਰ ਆ ਕੇ ਜ਼ਿੰਦਗੀ ਜਿਵੇਂ ਬਿਲਕੁਲ ਬਦਲ ਗਈ ਹੈ। ਪਿੰਡ ਤੋਂ ਸ਼ਹਿਰ ਦੀਆਂ ਚਮਕਦੀਆਂ ਬੱਤੀਆਂ ਉਥੋਂ ਹੀ ਵਧੀਆ ਲਗਦੀਆਂ ਸਨ। ਜਿਵੇਂ ਚੰਨ ਧਰਤੀ ਤੋਂ ਵੇਖਿਆਂ ਹੀ ਮਨਮੋਹਣਾ ਲਗਦਾ ਹੈ।

ਪਿੰਡ ਦਾ ਉਹ ਖੁੱਲ੍ਹਾਪਣ ਤਾਂ ਇਥੇ ਜਾਹਿਲ ਪਣ ਲਗਦਾ ਹੈ। ਕਦੇ-ਕਦੇ ਚਿੱਤ ਕਰਦਾ ਕਿ ਮੈਂ ਗਲੀ 'ਚ ਮੰਜਾ ਡਾਹ ਕੇ, ਇਕੱਲੇ ਚਾਦਰੇ ਤੇ ਬਨੈਣ 'ਚ ਬੈਠਾਂ, ਰੋਟੀ ਡਾਇਨਿੰਗ ਟੇਬਲ ਦੀ ਥਾਂ ਤੇ, ਪਿੱਤਲ ਦੀ ਥਾਲੀ 'ਚ ਰੱਖਕੇ ਮੰਜੇ ਤੇ ਬੈਠ ਕੇ ਖਾਵਾਂ, ਸਲਾਦ ਸਜਾਉਣ ਦੀ ਥਾਂ ਪਿਆਜ਼ ਮੁੱਕੀ ਮਾਰ ਕੇ ਭੰਨਿਆ ਹੋਇਆ ਹੋਵੇ, ਮੱਕੀ ਦੀ ਰੋਟੀ ਤੇ ਕੂੰਡੀ 'ਚ ਕੁੱਟੀ ਚਟਣੀ ਹੋਵੇ.....ਪਰ ਮੈਂ ਤਾਂ ਇਥੇ ਇੱਕ ਅਫਸਰ ਦੀ ਹੈਸੀਅਤ ਰਖਦਾ ਸੀ। ਇਹ ਹੈਸੀਅਤ ਹੀ ਮੇਰੀ ਇਥੇ ਪਛਾਣ ਬਣ ਗਈ ਹੈ। ਮੇਰੇ ਖੁਲ੍ਹੇ ਅਤੇ ਸਾਦੇ ਸੁਭਾਅ ਵਿੱਚ ਇੱਕ— ਘੁਟਵਾਂਪਣ ਅਤੇ ਆਕੜ ਆ ਗਈ ਹੈ। ਇਹ ਲਿਆਉਣੀ ਵੀ ਲਾਜ਼ਮੀ ਹੈ ਸ਼ਾਇਦ ਇਥੇ ਏਹੋ ਦਸਤੂਰ

ਹੈ ਸ਼ਹਿਰ ਦਾ।

ਆਂਢ-ਗੁਆਂਢ ਵਿੱਚ ਬਹੁਤ ਸਾਰੇ ਘਰ ਨੇ। ਘਰ ਨਹੀਂ ਸਗੋਂ ਕੋਠੀਆਂ। ਇਥੇ ਉੱਚੀਆਂ ਤੇ ਵੱਡੀਆਂ ਕੋਠੀਆਂ ਹੀ ਇਥੋਂ ਦੀ ਰਹਿਣ ਵਾਲਿਆਂ ਦੀ ਹੈਸੀਅਤ ਦਾ ਪ੍ਰਮਾਣ-ਪੱਤਰ ਹੁੰਦੀਆਂ ਨੇ। ਇਥੇ ਹਰ ਕੋਈ ਕਿਸੇ ਨੂੰ ਹਰ ਵੇਲੇ ਨੀ ਮਿਲਦਾ।

ਕਦੇ-ਕਦੇ ਯਾਦ ਆਉਂਦਾ ਹੈ ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਬੇਬੇ ਘਰ ਦਾ ਕੂੜਾ ਤਸਲੇ 'ਚ ਪਾ ਕੇ ਸਿਰ 'ਤੇ ਚੁੱਕਕੇ ਪਿੰਡੋਂ ਬਾਹਰ ਰੂੜੀ ਤੇ ਸਿੱਟਣ ਜਾਂਦੀ ਹੁੰਦੀ ਸੀ। ਮੁੜਕੇ ਜਦੋਂ ਘਰ ਆਉਂਦੀ ਸੀ ਤਾਂ ਅੱਧੇ-ਪਿੰਡ ਦੀਆਂ ਖਬਰਾਂ ਲੈ ਆਉਂਦੀ ਸੀ, ਬਈ ਕਿਹੜੇ ਘਰ 'ਚ ਰਾਤ ਕੀ ਹੋਇਆ।

ਪਰ ਇਥੇ ਤਾਂ ਲੋਕਾਂ ਦੇ ਦਿਲਾਂ ਵਾਂਗੂੰ ਘਰਾਂ ਦੇ ਗੇਟ ਦਿਨੇ ਵੀ ਬੰਦ ਰਹਿੰਦੇ ਨੇ। ਇਹਨਾਂ ਬੰਦ ਘਰਾਂ ਵਿੱਚ ਘੁਟਵੀਂ ਜ਼ਿੰਦਗੀ ਜਿਉਣ ਨੂੰ ਅਸੀਂ ਅਜ਼ਾਦੀ ਦਾ ਨਾਂ ਦਿੰਦੇ ਹਾਂ।

ਪਤਾ ਨੀ ਕਿਉਂ ਸਭ-ਕੁਝ ਉਲਟਾ ਕਿਉਂ ਵਿਖਾਈ ਦਿੰਦਾ ਹੈ। ਸੂਰਜ ਚੜ੍ਹਦਾ ਹੈ ਤਾਂ ਜਾਪਦੈ ਜਿਵੇਂ ਡੁੱਬ ਰਿਹਾ ਹੋਵੇ। ਕੋਠੀ ਦੀ ਬਗੀਚੀ 'ਚ ਤਰ੍ਹਾਂ-ਤਰ੍ਹਾਂ ਦੇ ਫੁੱਲ ਲੱਗੇ ਹੋਏ ਨੇ। ਉਹਨਾਂ ਨੂੰ ਖਿੜੇ ਵੇਖਦਾਂ, ਪਰ ਮੈਨੂੰ ਲਗਦਾ ਜਿਵੇਂ ਇਹਨਾਂ ਦਾ ਖਿੜਨਾ ਇੱਕ ਮਾਇਆ ਹੈ, ਉਹ ਸਿਰਫ ਇੱਕ ਭਰਮ ਸਿਰਜ ਰਹੇ ਨੇ ਖਿੜ੍ਹਨ ਦਾ ਪਰ ਅਸਲ ਵਿੱਚ ਉਹ ਮੁਰਝਾਏ ਹੋਏ ਹਨ।

ਸਾਹਿਤ ਨਾਲ ਬਹੁਤ ਪਿਆਰ ਹੈ ਮੈਨੂੰ। ਪਰ ਅੱਜ ਕੱਲ ਕੋਈ ਵਿਚਾਰ ਹੀ ਨਹੀਂ ਬਣਦੇ। ਇਥੇ ਆਪਣਾ-ਆਪਾ ਜਿਵੇਂ ਢਕ ਕੇ ਰੱਖਣਾ ਪੈਂਦਾ। ਜੋ ਲੋਕ ਵੇਖਣਾ ਚਾਹੁੰਦੇ ਨੇ ਉਹ ਬਨਣਾ ਪੈਂਦੈ। ਜ਼ਿੰਦਗੀ ਬੜੀ ਬਿਜ਼ੀ ਹੋ ਗਈ ਹੈ। ਸਾਹਿਤ ਪੜ੍ਹਨ ਜਾਂ ਰਚਣ ਲਈ ਵਿਹਲ ਚਾਹੀਦੀ ਹੈ, ਦਿਮਾਗ 'ਚ ਵਿਚਾਰਾਂ ਨੂੰ ਉੱਗਣ ਲਈ ਲੋੜੀਂਦਾ ਖਾਲੀਪਣ ਅਤੇ ਖਾਦ ਚਾਹੀਦੀ ਹੈ, ਪਰ ਇਥੇ ਤਾਂ ਸਭ ਕੁਝ ਭਰੀਟਿਆ ਪਿਆ ਹੈ।

ਭਾਰੀ ਲੋਨ ਲਿਆ ਹੈ, ਉਹ ਵੀ ਤਾਂ ਲਾਹੁਣਾ ਹੈ। ਜੇ ਨਿਰਾਪੁਰਾ ਤਨਖਾਹ 'ਚੋਂ ਕਟਵਾਉਨੇ ਆਂ ਤਾਂ ਬਾਕੀ ਜੋ ਬਚਦਾ ਹੈ ਤਾਂ ਉਸ ਨਾਲ ਸਾਦਾ ਜੀਵਨ ਤਾਂ ਜਿਉਂਇਆ ਜਾ ਸਕਦਾ ਹੈ ਪਰ ਏਥੇ ਆ ਕੇ ਮੈਂ ਕੋਈ ਸਾਦਾ ਤਾਂ ਰਿਹਾ ਨੀ। ਅਫਸਰ ਬੰਦਾ ਸਾਦਾ ਕਿਵੇਂ ਰਹਿ ਸਕਦਾ।

"ਮੈਂ ਟਿਊਸ਼ਨਾਂ ਕਰ ਲਿਆ ਕਰੂੰਗੀ।" ਸ਼ਾਰਦਾ ਨੇ ਇੱਕ ਦਿਨ ਕਿਹਾ।

"ਨਹੀਂ ਯਾਰ, ਆਪਣੀ ਹੈਸੀਅਤ ਟਿਊਸ਼ਨਾਂ ਕਰਨ ਵਾਲੀ ਨੀ। ਕਾਲੋਨੀ ਵਾਲੇ ਕੀ ਕਹਿਣਗੇ?" ਮੈਂ ਜਵਾਬ ਦੇ ਦਿੱਤਾ।

"ਫੇਰ ਕੀ ਹੁੰਦਾ ਭਲਾ। ਏਸ ਕਾਲੋਨੀ ਦੇ ਬੱਚੇ ਹੀ ਆ ਜਾਣਗੇ ਬਥੇਰੇ।" ਸ਼ਾਰਦਾ ਨੇ ਕਿਹਾ।

"ਨਹੀਂ ਯਾਰ.....ਬੱਚਿਆਂ ਨੂੰ ਵੀ ਤਾਂ ਸਮਾਂ ਚਾਹੀਦਾ ਹੈ।"

"ਕੋਈ ਗੱਲ ਨੀ ਬੱਚੇ ਵੀ ਪਲ਼ ਜਾਣਗੇ। ਉਹਨਾਂ ਨੂੰ ਕੰਪਿਊਟਰ ਜਾਂ ਹੋਰ ਗੇਮਾਂ ਲਿਆ ਦਿਆਂਗੇ, ਉਹਨਾਂ ਦਾ ਮਨ ਲੱਗਿਆ ਰਿਹਾ ਕਰੂ ਨਾਲੇ ਗਿਆਨ ਵਧੂ।" ਸ਼ਾਰਦਾ ਨੇ

ਦਲੀਲ ਦਿੱਤੀ।

"ਚੱਲ ਅਜੇ ਛੱਡ, ਆਪਾਂ ਸੋਚਦੇ ਆਂ ਪਹਿਲਾਂ।" ਮੈਂ ਕਿਹਾ।

ਫੇਰ ਰਾਹ ਲੱਭ ਗਿਆ ਇੱਕ ਤਾਂ। ਸੋਚਿਆ ਇਕੱਲੀ ਤਨਖਾਹ ਨਾਲ ਗੁਜ਼ਾਰਾ ਕਿੱਥੇ ਹੋਣਾ। ਹੁਣ ਬਥੇਰਾ ਸਾਦਾ ਤੇ ਸਾਫ-ਸੁਥਰਾ ਜਿਉਂ ਕੇ ਵੇਖ ਲਿਆ। ਕੀ ਕਿਸੇ ਨੇ ਕਦਰ ਪਾ 'ਤੀ। ਇਸ ਦੇਸ਼ 'ਚ ਰਿਸ਼ਵਤ ਖੋਰੀ ਤੇ ਭ੍ਰਿਸ਼ਟਾਚਾਰ ਐਨਾ ਵਧ ਗਿਆ ਹੈ ਕਿ ਇਮਾਨਦਾਰ ਨੂੰ ਤਾਂ ਇਥੇ ਪਾਗਲ ਦਾ ਨਾਂ ਦਿੱਤਾ ਜਾਂਦਾ ਹੈ। ਹੁਣ ਸੌਖੇ ਹੋਣ ਲਈ ਆਪਾਂ ਵੀ ਇਮਾਨਦਾਰੀ ਦਾ ਪੱਲਾ ਕੁਝ ਕੁ ਢਿੱਲਾ ਕਰ ਹੀ ਲਈਏ ਤੇ ਥੋੜੀ ਬਹੁਤ ਉੱਪਰਲੀ ਕਮਾਈ.....।

ਕਮਾਈ ਚੋਖੀ ਹੋਣ ਲੱਗ ਪਈ ਐ। ਹੁਣ ਤਾਂ ਕਹਿਣ ਦੀ ਵੀ ਲੋੜ ਨੀ ਪੈਂਦੀ, ਲੋਕ ਆਪਣੇ ਆਪ ਗਿਫਟ ਘਰੇ ਦੇ ਕੇ ਜਾਂਦੇ ਨੇ, ਡਿਪੂਆਂ ਦੇ ਲਾਇਸੈਂਸ ਵੀ ਤਾਂ ਲੈਣੇ ਨੇ ਉਹਨਾਂ ਨੇ। ਲੋਨ ਦੀ ਟੈਨਸ਼ਨ ਤਾਂ ਘਟ ਗਈ ਐ, ਪਰ ਪਤਾ ਨੀ ਕਿਉਂ ਇੱਕ ਅਸੁਖਾਵੇਂਪਣ ਦਾ ਬੋਝ ਜਿਹਾ ਵਧਦਾ ਜਾ ਰਿਹਾ ਦਿਲੋ-ਦਿਮਾਗ 'ਤੇ। ਇੱਕ ਭਟਕਣਾ ਜਿਹੀ ਅੰਦਰੋ-ਅੰਦਰੀ ਚੂਹੇ ਵਾਂਗ ਕੁਤਰ ਰਹੀ ਐ।

ਘਰ 'ਚ ਆਧੁਨਿਕ ਸਹੂਲਤਾਂ ਤੇ ਸਾਜੋ-ਸਮਾਨ-ਨਵਾਂ ਆਧੁਨਿਕ ਟੀ. ਵੀ., ਵੱਡਾ ਫਰਿੱਜ, ਓਵਨ, ਦੋ-ਦੋ ਏ. ਸੀ., ਨਵਾਂ ਫਰਨੀਚਰ, ਕੰਪਿਊਟਰ ਤੇ ਪਤਾ ਨੀ ਹੋਰ ਕੀ-ਕੀ ਇਕੱਠਾ ਹੋ ਗਿਆ ਹੈ। ਪਰ ਘਰ 'ਚ ਜਿਉਂ-ਜਿਉਂ ਇਹਨਾਂ ਪਦਾਰਥਾਂ ਦਾ ਢੇਰ ਵਧ ਰਿਹਾ ਹੈ, ਮੇਰਾ ਅੰਦਰਲਾ ਜਿਵੇਂ ਖਾਲੀ ਹੋ ਰਿਹਾ ਹੈ। ਘਰ 'ਚ ਇਹਨਾਂ ਪਦਾਰਥਾਂ ਦੀ ਭਰਮਾਰ ਕਾਰਨ ਤਾਜ਼ਾ ਆਬੋ-ਹਵਾ ਨੂੰ ਆਉਣ ਜਾਣ ਲਈ ਜਿਵੇਂ ਜਗ੍ਹਾ ਘਟ ਰਹੀ ਹੈ।

ਇੱਕ ਦਿਨ ਬੜਾ ਅਜੀਬ ਜਿਹਾ ਸੁਪਨਾ ਆਇਆ। ਸੰਘਣਾ ਜੰਗਲ, ਮੈਂ ਦੌੜ ਰਿਹਾ ਹਾਂ, ਹਫ਼ ਰਿਹਾ ਹਾਂ। ਮੇਰੇ ਪਿੱਛੇ ਬਹੁਤ ਸਾਰੇ ਹੱਥ ਆ ਰਹੇ ਨੇ, ਹੱਥ ਹੀ ਦਿਸ ਰਹੇ ਨੇ, ਕਿਸੇ ਦਾ ਕੋਈ ਚਿਹਰਾ ਨਹੀਂ। ਮੈਂ ਦੌੜਨ ਲਈ ਪੂਰਾ ਜ਼ੋਰ ਲਗਾ ਰਿਹਾ ਹਾਂ, ਪਰ ਮੈਥੋਂ ਦੌੜਿਆ ਨਹੀਂ ਜਾ ਰਿਹਾ। ਆਖਰ ਉਹਨਾਂ ਹੱਥਾਂ ਨੇ ਮੈਨੂੰ ਫੜ ਲਿਆ। ਉਹਨਾਂ ਦੇ ਤਿੱਖੇ ਨਹੁੰ ਮੇਰੇ ਜਿਸਮ ਵਿੱਚ ਖੁਭ ਗਏ। ਲਹੂ ਦੀਆਂ ਤਤੀਰੀਆਂ ਵਗ ਤੁਰੀਆਂ। ਜਦੋਂ ਉਹ ਹੱਥ ਬਾਹਰ ਨਿਕਲੇ ਤਾਂ ਮੇਰੇ ਵਿਚੋਂ ਜਿਵੇਂ ਮੇਰੇ ਵਰਗੇ ਹੀ ਇੱਕ ਅਕਸ ਨੂੰ ਬਾਹਰ ਕੱਢ ਲਿਆ। ਜ਼ੋਰ ਦੀ ਠਾਹਕੇ ਵੱਜੇ, ਉਹ ਹੱਥ ਜਿਵੇਂ ਮੇਰੇ ਅਕਸ ਨੂੰ ਲੈ ਕੇ ਦੌੜ ਗਏ। ਹੁਣ ਮੈਂ ਇਕੱਲਾ ਸੀ ਪਰ ਜਾਪਦਾ ਸੀ ਜਿਵੇਂ ਬਿਲਕੁਲ ਖਾਲੀ ਹੋਵਾਂ, ਜਿਵੇਂ ਮੈਂ, ਮੈਂ ਨਹੀਂ ਸੀ, ਕੋਈ ਹੋਰ ਸੀ। ਅਚਾਨਕ ਇੱਕ ਲਿਸ਼ਕੋਰ ਜਿਹੀ ਪਈ, ਜਿਵੇਂ ਕੋਈ ਸ਼ੀਸ਼ਾ ਹੋਵੇ। ਹਾਂ ਸ਼ਾਇਦ ਸ਼ੀਸ਼ਾ ਹੀ ਸੀ। ਮੈਂ ਉਸ ਵਿੱਚ ਆਪਣੇ ਆਪ ਨੂੰ ਵੇਖਿਆ। ਪਰ ਇਹ ਕੀ.....? ਸਰੀਰ ਤਾਂ ਮੇਰਾ ਸੀ ਪਰ ਚਿਹਰਾ ਪਲ-ਪਲ ਬਦਲ ਰਿਹਾ ਸੀ, ਕਦੇ ਉਹ ਬੇਬੇ ਦਾ ਚਿਹਰਾ ਬਣ ਜਾਂਦਾ, ਕਦੇ ਸ਼ਾਰਦਾ ਦਾ, ਕਦੇ ਬੱਚਿਆਂ ਦਾ। ਪਰ ਮੈਂ ਕਿੱਥੇ ਸੀ? ਪਤਾ ਨੀ। ਅੱਖ ਖੁੱਲ੍ਹੀ ਤਾਂ ਪਸੀਨੋ-ਪਸੀਨੀ ਹੋ ਗਿਆ ਸੀ।

ਸ਼ਾਰਦਾ ਉੱਠੀ ਹੈ। ਸ਼ਾਇਦ ਪਾਣੀ ਦੀ ਪਿਆਸ ਲੱਗੀ ਹੈ। ਪੁੱਛਣ ਲੱਗੀ ਹੈ—

"ਅਜੇ ਤੱਕ ਜਾਗ ਰਹੇ ਓਂ, ਕੀ ਗੱਲ ਨੀਂਦ ਨੀ ਆ ਰਹੀ?"

"ਬੱਸ ਐਵੇਂ ਨੀਂਦ ਟੁੱਟ ਗਈ ਸੀ।" ਮੈਂ ਕਿਹਾ।

"ਕੁਝ ਯਾਦ ਆ ਗਿਆ ਹੋਣੈ, ਕਹਾਣੀ ਜਾਂ ਗਜ਼ਲ।" ਉਹ ਜ਼ਰਾ ਹਸਦੀ ਹੈ।

"ਹਾਂਅ, ਸ਼ਾਇਦ.....।" ਮੈਂ ਵੀ ਮੁਸਕਰਾ ਛਡਦਾ ਹਾਂ।

"ਤੁਸੀਂ ਲੇਖਕ ਵੀ ਅਜੀਬ ਹੁੰਦੇ ਓ। ਚੰਗਾ ਹੋਇਆ ਮੈਂ ਸਾਹਿਤ ਸਿਰਫ ਪੜ੍ਹਦੀ ਹਾਂ ਰਚਦੀ ਨੀ।" ਉਹ ਹਸਦੀ ਹੈ।

ਉਹ ਫੇਰ ਸੌਂ ਜਾਂਦੀ ਹੈ, ਪਰ ਨੀਂਦ ਨੂੰ ਮੇਰੇ ਨਾਲ ਕੀ ਵੈਰ ਐ। ਮੈਂ ਸੋਚਦਾ ਹਾਂ ਸ਼ਾਰਦਾ ਭੋਲੀ ਹੈ। ਦਿਲ 'ਚ ਕੁਝ ਨੀ ਬਸ ਜ਼ੁਬਾਨ ਤੋਂ ਜ਼ਰਾ ਖੁੱਲ੍ਹੀ ਹੈ, ਜੋ ਮਨ 'ਚ ਹੁੰਦਾ ਕਹਿ ਦਿੰਦੀ ਹੈ। ਦੁਨੀਆਦਾਰੀ ਤੋਂ ਜ਼ਰਾ ਘੱਟ ਵਾਕਿਫ ਹੈ। ਇਹਨੂੰ ਇਹ ਨੀ ਪਤਾ ਕਿ ਅੱਜ ਦਾ ਸਮਾਂ ਮੁਲੱਮਿਆਂ ਦਾ ਸਮਾਂ ਹੈ। ਉੱਪਰੋਂ ਕੁਝ ਹੋਰ, ਅੰਦਰੋਂ ਕੁਝ ਹੋਰ। ਪਰ ਇਸਨੇ ਆਪਣੀ ਜ਼ਿੰਮੇਵਾਰੀ ਤੋਂ ਕਦੇ ਮੂੰਹ ਨੀ ਮੋੜਿਆ, ਪਿੰਡ ਵੀ ਤੇ ਇਥੇ ਵੀ। ਮੇਰਾ, ਬੇਬੇ ਦਾ, ਬੱਚਿਆਂ ਦਾ, ਭਰਾ ਦਾ ਪੂਰਾ-ਪੂਰਾ ਖਿਆਲ ਰੱਖਿਆ, ਹੁਣ ਵੀ ਰਖਦੀ ਹੈ। ਘਰ ਵੀ ਚਲਾਉਂਦੀ ਹੈ, ਨੌਕਰੀ ਵੀ ਕਰਦੀ ਹੈ। ਹਰੇਕ ਰਿਸ਼ਤੇਦਾਰ ਦੇ ਦੁੱਖ-ਸੁੱਖ 'ਚ ਸਭ ਤੋਂ ਪਹਿਲਾਂ ਸ਼ਰੀਕ ਹੁੰਦੀ ਰਹੀ ਹੈ। ਪਰ ਮੈਨੂੰ ਅਫਸੋਸ ਹੈ ਕਿ ਕਿਸੇ ਰਿਸ਼ਤੇਦਾਰ ਨੇ ਇਹਦੀ ਕਦਰ ਨੀ ਪਾਈ। ਮੁਲੱਮਾ ਨਹੀਂ ਨਾ ਚੜ੍ਹਾਇਆ ਸੀ। ਸੱਚੀ-ਸੁੱਚੀ ਸੀ, ਇਸੇ ਕਾਰਨ ਬੁਰੀ ਬਣ ਗਈ। ਪਰ ਹੁਣ ਇਹਦਾ ਮਨ ਵੀ ਮੁੜ ਗਿਆ ਹੈ ਰਿਸ਼ਤੇਦਾਰਾਂ ਤੋਂ।

ਦੂਜੇ ਕਮਰੇ 'ਚ ਕੁਝ ਖੜਕਾ ਹੋਇਆ ਹੈ। ਬੇਬੇ ਉਠੀ ਹੋਣੀ ਐ। ਮੈਂ ਸਮਾਂ ਵੇਖਿਆ, ਇੱਕ ਵੱਜਣ ਵਾਲਾ ਸੀ। ਮੈਨੂੰ ਲੱਗਿਆ ਜਿਵੇਂ ਘੜੀ ਬਹੁਤ ਹੌਲੀ-ਹੌਲੀ ਚੱਲ ਰਹੀ ਹੋਵੇ। ਪਲ ਇਉਂ ਆਪਣੇ ਆਪ ਨੂੰ ਘੜੀਸਦੇ ਹੋਏ ਅੱਗੇ ਵਧ ਰਹੇ ਨੇ, ਜਿਵੇਂ ਮੈਨੂੰ ਚਿੜਾ ਰਹੇ ਹੋਣ। ਮੈਂ ਉੱਠ ਕੇ ਪਾਣੀ ਪੀਤਾ ਹੈ।

ਪਾਣੀ ਤਾਂ ਬੇਬੇ ਨੇ ਵੀ ਪੀਤਾ ਸੀ, ਵਾਰ ਕੇ, ਮੇਰੇ ਅਤੇ ਸ਼ਾਰਦਾ ਤੋਂ। ਕਿੰਨੀ ਖੁਸ਼ ਸੀ ਪੁੱਤ ਨੂੰ ਵਿਆਹ ਕੇ। ਫੇਰ ਪੋਤਿਆਂ ਦੇ ਚਾਅ 'ਚ ਪਤਾ ਈ ਨਾ ਲੱਗਿਆ ਕਿ ਐਨੇ ਵਰ੍ਹੇ ਕਿਵੇਂ ਬੀਤ ਗਏ। ਘਰ 'ਚ ਰੌਣਕਾਂ ਨੇ ਜਿਵੇਂ ਹੜ੍ਹ ਲਿਆ ਦਿੱਤਾ।

ਪਰ ਵਿਆਹ ਤੋਂ ਬਾਅਦ ਇਉਂ ਕਿਉਂ ਲੱਗਣ ਲਗਦਾ ਜਿਵੇਂ ਬੰਦੇ ਦੇ ਦੋ ਹਿੱਸੇ ਹੋ ਗਏ ਹੋਣ। ਇੱਕ ਹਿੱਸੇ ਤੇ ਮਾਪੇ ਆਪਣਾ ਹੱਕ ਸਮਝਦੇ ਨੇ ਤੇ ਦੂਜੇ 'ਤੇ ਪਤਨੀ। ਇਸ ਤਰ੍ਹਾਂ ਲਗਦਾ ਜਿਵੇਂ ਬੰਦਾ ਦੁਫਾੜ ਹੋ ਗਿਆ ਹੋਵੇ। ਕਦੇ-ਕਦੇ ਇਉਂ ਲਗਦੈ ਜਿਵੇਂ ਉਹ ਦੋਹਾਂ ਪਾਸਿਆਂ ਤੋਂ ਖਿੱਚਿਆ ਜਾ ਰਿਹਾ ਹੋਵੇ। ਇਹ ਕਿਉਂ ਨਹੀਂ ਹੋ ਸਕਦਾ ਕਿ ਮਾਪੇ ਅਤੇ ਪਤਨੀ ਬੰਦੇ ਦੇ ਪੂਰੇ ਵਜੂਦ 'ਤੇ ਸਾਂਝਾ ਅਤੇ ਬਰਾਬਰ ਦਾ ਹੱਕ ਸਮਝਣ। ਇਸ ਖਿੱਚੋਤਾਣ ਵਿੱਚ ਪਿਸਦਾ ਤਾਂ ਆਖਰ ਬੰਦਾ ਹੀ ਹੈ।

ਮੈਂ ਬੈੱਡ ਤੇ ਪਿਆ ਜਿਵੇਂ ਥੱਕ ਗਿਆ ਹਾਂ। ਉਠਕੇ ਗੇਟ ਖੋਲ੍ਹ ਕੇ ਬਾਹਰ ਆ ਗਿਆ ਹਾਂ। ਚਾਰੇ ਤਰਫ਼ ਸੁੰਨਸਾਨ ਚੁੱਪ ਵਰਤੀ ਹੋਈ ਹੈ। ਠੰਢੀ ਜਿਹੀ ਹਵਾ ਜਿਸਮ ਨੂੰ ਲੱਗੀ ਤਾਂ ਕੁਝ ਸਕੂਨ ਜਿਹਾ ਮਿਲਿਆ। ਖੁਲ੍ਹੀਆਂ ਸੜਕਾਂ ਦੇ ਆਲੇ-ਦੁਆਲੇ ਸਟਰੀਟ ਲਾਈਟਾਂ ਲੱਗੀਆਂ ਹੋਈਆਂ ਨੇ। ਮੇਰਾ ਘੁੰਮਣ ਦਾ ਜੀਅ ਕੀਤਾ ਹੈ। ਮੈਂ ਪਾਰਕ ਵੱਲ ਨੂੰ ਚੱਲ ਪਿਆ ਹਾਂ।

ਪਾਰਕ ਵਿੱਚ ਬਹੁਤ ਸਾਰੀਆਂ ਮਰਕਰੀ ਲਾਈਟਾਂ ਲੱਗੀਆਂ ਨੇ। ਮੈਂ ਬੈਂਚ ਤੇ ਬੈਠ ਕੇ

ਢੋਅ ਨਾਲ ਗਰਦਨ ਟਿਕਾ ਲਈ ਹੈ। ਮਰਕਰੀ ਲਾਈਟ ਵਿੱਚ ਆਪਣੇ ਹੱਥ-ਪੈਰ ਵੇਖੇ ਤਾਂ ਨਕਲੀ ਜਿਹੇ ਜਾਪੇ। ਸਰੀਰ ਦਾ ਅਸਲ ਰੰਗ ਜਿਵੇਂ ਗੁਆਚ ਗਿਆ ਹੋਵੇ। ਪਿੰਡ 'ਚ ਸੀ ਤਾਂ ਇਹਨਾਂ ਲਾਈਟਾਂ ਦੇ ਮਾਇਆ ਜਾਲ 'ਚ ਹੀ ਉਲਝਿਆ ਰਹਿੰਦਾ ਸੀ ਪਰ ਇਥੇ ਆ ਕੇ ਪਤਾ ਲਗਦਾ ਕਿ ਇਹਨਾਂ ਵਿੱਚ ਤਾਂ ਬੰਦੇ ਦੀ ਅਸਲੀਅਤ ਬਦਲਕੇ ਹੋਰ ਈ ਰੰਗ ਦੀ ਹੋ ਜਾਂਦੀ ਹੈ।

ਕਦੇ ਵਿਹਲ ਮਿਲਦੀ ਹੈ ਤਾਂ ਬੱਚਿਆਂ ਨੂੰ ਸਮਾਂ ਦੇਣ ਦੀ ਕੋਸ਼ਿਸ਼ ਕਰਦਾ ਹਾਂ। ਬੱਚੇ ਵੀ ਸ਼ਾਇਦ ਏਸ ਮਾਹੌਲ 'ਚ ਘੱਟ ਈ ਐਡਜੈਸਟ ਕਰ ਸਕੇ ਨੇ। ਕਦੇ ਉਹਨਾਂ ਨੂੰ ਪੁੱਛਦਾ ਹਾਂ ਕਿ—

"ਤੁਹਾਡਾ ਇਥੇ ਜੀਅ ਲੱਗ ਗਿਆ?"

ਤਾਂ ਉਹ ਬੇਝਿਜਕ 'ਨਾ-ਪਾਪਾ' ਕਹਿ ਦਿੰਦੇ ਨੇ।

"ਕਿਉਂ, ਐਨਾ ਵਧੀਆ ਸ਼ਹਿਰ, ਕਿੰਨਾ ਸੋਹਣਾ ਘਰ, ਇਥੇ ਜੀਅ ਕਿਉਂ ਨੀ ਲਗਦਾ?" ਪੁਛਦਾ ਹਾਂ।

"ਨਾ ਪਾਪਾ, ਇਹ ਘਰ ਬਾਹਲਾ ਵੱਡਾ ਐ। ਇਥੇ ਤਾਂ ਸਾਡੇ ਦੋਸਤ ਵੀ ਨੀ ਹੈ ਗੇ।"

"ਫੇਰ ਕਿੱਥੇ ਜੀਅ ਲਗਦਾ?"

"ਆਪਣੇ ਪਿੰਡ ਈ ਵਾਪਸ ਚੱਲੋ।" ਉਹ ਹਸਰਤ ਭਰੇ ਬੋਲਾਂ ਨਾਲ ਕਹਿ ਛਡਦੇ ਨੇ।

ਮੈਂ ਚੁੱਪ ਕਰ ਜਾਂਦਾ ਹਾਂ, ਸ਼ਾਰਦਾ ਵੀ ਮੇਰੇ ਨਾਲ ਅੱਖਾਂ ਮਿਲਾਉਂਦੀ ਹੋਈ ਮੁਸਕਰਾ ਦਿੰਦੀ ਹੈ। ਪਰ ਮੈਂ ਮਹਿਸੂਸ ਕਰ ਸਕਦਾ ਹਾਂ ਕਿ ਇਹ ਮੁਸਕਰਾਹਟ ਬਨਾਵਟੀ ਹੀ ਹੈ। ਉਸਦੇ ਅੰਦਰ ਵੀ ਇੱਕ ਮੰਥਨ ਚੱਲ ਰਿਹਾ ਹੈ। ਉਸ ਮੰਥਨ ਵਿਚੋਂ ਉੱਠ ਰਿਹਾ ਜ਼ਹਿਰੀਲਾਪਣ ਉਸਨੂੰ ਵੀ ਪਰੇਸ਼ਾਨ ਕਰ ਰਿਹਾ ਹੈ, ਪਰ ਉਹ ਚੁੱਪ-ਚਾਪ ਇਸਨੂੰ ਸਹਿ ਰਹੀ ਹੈ। ਬੱਚੇ ਕਿੰਨੇ ਭੋਲੇ ਤੇ ਮਾਸੂਮ ਹੁੰਦੇ ਨੇ। ਉਹ ਪੈਸੇ ਦੇ ਮਾਇਆ ਜਾਲ ਵਿੱਚ ਨਹੀਂ ਫਸਦੇ। ਉਹਨਾਂ ਨੂੰ ਤਾਂ ਖੁਸ਼ੀ ਅਤੇ ਪਿਆਰ ਚਾਹੀਦਾ ਹੈ, ਚਾਹੇ ਉਹ ਉਹਨਾਂ ਨੂੰ ਮਿੱਟੀ 'ਚ ਖੇਡ ਕੇ ਪ੍ਰਾਪਤ ਹੋਵੇ।

ਮੈਂ ਸੋਚਣ ਲਗਦਾ ਹਾਂ ਕਿ ਕੁਦਰਤ ਨੇ ਇਹ ਕਿਹੋ ਜਿਹਾ ਚੱਕਰ ਬਣਾਇਆ ਹੈ, ਜ਼ਿੰਦਗੀ ਦਾ। ਬੰਦਾ ਸਾਰੀ ਉਮਰ ਬੱਚਾ ਬਣਕੇ ਹੀ ਕਿਉਂ ਨਹੀਂ ਰਹਿ ਸਕਦਾ। ਬੌਧਿਕ ਪੱਖੋਂ ਉਹ ਜਿਉਂ-ਜਿਉਂ ਸਿਆਣਾ ਹੁੰਦਾ ਜਾਂਦਾ ਹੈ ਮਾਨਸਿਕਤਾ ਪੱਖੋਂ ਸੰਕੀਰਨ ਹੁੰਦਾ ਜਾਂਦਾ ਹੈ ਜਿਵੇਂ। ਕਿਉਂ ਇਹ ਬਚਪਨ ਦੀ ਮਾਸੂਮੀਅਤ ਸਦਾ ਕਾਇਮ ਨਹੀਂ ਰਹਿੰਦੀ।

ਪਰ ਜੋ ਇਨਸਾਨ ਸੋਚਦਾ ਹੈ ਕਿ ਉਹ ਸਭ ਕੁਝ ਹੋ ਥੋੜ੍ਹਾ ਹੀ ਜਾਂਦਾ। ਸਾਡੇ ਘਰਾਂ ਵਿੱਚ ਆਪਸੀ ਕੁੜੱਤਣ ਭਾਵੇਂ ਘਟ ਰਹੀ ਹੈ ਕੁਝ। ਸਾਰਿਆਂ ਨੂੰ ਗਲਤੀ ਦਾ ਕੁਝ ਅਹਿਸਾਸ ਹੋ ਰਿਹਾ ਹੈ ਸ਼ਾਇਦ। ਪਰਸਥਿਤੀਆਂ ਭਾਵੇਂ ਬਦਲ ਰਹੀਆਂ ਨੇ ਪਰ ਕੋਈ ਵੀ ਆਪਣੇ ਅਤੀਤ ਦੇ ਪਰਛਾਵੇਂ ਤੋਂ ਮੁਕਤ ਨਹੀਂ ਹੋ ਰਿਹਾ। ਰਿਸ਼ਤਿਆਂ ਵਿਚਲੀ ਤੰਦ ਵੇਖਣ ਨੂੰ ਮਜ਼ਬੂਤ ਲਗਦੀ ਹੈ, ਪਰ ਇਹ ਬੜੀ ਕਮਜ਼ੋਰ ਹੁੰਦੀ ਹੈ। ਇੱਕ ਵਾਰ ਟੁੱਟ ਜਾਵੇ ਤਾਂ ਉਵੇਂ ਨੀ ਜੁੜਦੀ। ਜੇ ਜੁੜਦੀ ਵੀ ਹੈ ਤਾਂ ਜੋੜ ਆਪਣੀ ਹੋਂਦ ਕਾਇਮ ਰਖਦਾ ਹੈ ਤੇ ਹਮੇਸ਼ਾ ਇਹ ਅਹਿਸਾਸ ਕਰਵਾਉਂਦਾ ਰਹਿੰਦਾ ਹੈ ਕਿ ਇਹ ਤੰਦ ਟੁੱਟ ਕੇ ਜੁੜੀ ਹੈ।

ਰਿਸ਼ਤਿਆਂ ਵਿੱਚ ਇੱਕ ਅਜੀਬ ਜਿਹੀ ਮੁਰਦਾ ਚੁੱਪ ਵਰਤੀ ਹੋਈ ਹੈ। ਕਦੇ-ਕਦੇ

ਬੱਚੇ ਜ਼ਰੀਆ ਬਣ ਜਾਂਦੇ ਨੇ ਇਸ ਚੁੱਪ ਨੂੰ ਤੋੜਨ ਲਈ। ਪਰ ਵੱਡੇ ਸੋਚਦੇ ਨੇ, ਇਹ ਤਾਂ ਬੱਚੇ ਨੇ, ਇਹਨਾਂ ਦਾ ਕੀ ਐ। ਇਹਨਾਂ ਮਾਸੂਮਾਂ ਨੂੰ ਰਿਸ਼ਤਿਆਂ ਦੀਆਂ ਤਿੜਕਣਾਂ ਦਾ ਕੀ ਪਤਾ।

ਮੈਂ ਘੜੀ ਵੇਖੀ ਹੈ, ਦੋ ਵੱਜਣ ਵਾਲੇ ਹੋ ਗਏ ਨੇ। ਮੈਂ ਅਣਮੰਨੇ ਜਿਹੇ ਮਨ ਨਾਲ ਉਠ ਖੜ੍ਹਿਆ ਹਾਂ, ਘਰ ਨੂੰ ਜਾਣ ਲਈ। ਸੌਣ ਦੀ ਕੋਸ਼ਿਸ਼ ਕਰਨ ਲਈ। ਸਵੇਰੇ ਦਫਤਰ ਵੀ ਤਾਂ ਜਾਣਾ ਹੈ। ਰੋਜ਼ ਇਹੀ ਤਾਂ ਹੁੰਦਾ ਹੈ, ਤੇ ਸ਼ਾਇਦ ਇਸਤੋਂ ਛੁਟਕਾਰਾ ਔਖਾ ਹੈ।

# ...ਮਹਿਕ ਮਰਦੀ ਨਹੀਂ

"ਕੀ ਲਿਖਾਂ, ਕੀ ਹੈ ਉਹ? ਕਿਹੜੇ ਸ਼ਬਦ ਵਰਤਾਂ ਉਹਦੇ ਲਈ? ਕਿੰਨਾ ਕੁ ਲਿਖਾਂ? ਇਹਨਾਂ ਸਵਾਲਾਂ ਦੇ ਹੱਲ ਲੱਭਣਾ ਬੜਾ ਔਖਾ ਜਾਪ ਰਿਹੈ। ਉਹਦੇ ਬਾਰੇ ਜੋ ਕੁਝ ਵੀ ਮਹਿਸੂਸ ਹੁੰਦਾ, ਉਹਨੂੰ ਸ਼ਬਦਾਂ 'ਚ ਪਰੋਣ ਵੇਲੇ ਇਉਂ ਲੱਗਣ ਲਗਦੈ ਜਿਵੇਂ ਹਰ ਸ਼ਬਦ ਦੇ ਅਰਥ ਐਨੇ ਸੀਮਿਤ ਹੋ ਗਏ ਨੇ ਕਿ ਉਹਨਾਂ ਨੂੰ ਵਰਤਣ ਵੇਲੇ ਚਿੱਤ ਨੂੰ ਤਸੱਲੀ ਜਿਹੀ ਨੀ ਹੁੰਦੀ, ਕਿ ਮੈਨੂੰ ਆਪਦਾ ਲਿਖਿਆ ਸਾਰਥਕ ਲੱਗੇ.....। ਕੀ ਹੈ ਉਹ?....ਕੀ ਕੋਈ ਪਰੀ? ਪਰ ਨਹੀਂ ਪਰੀਆਂ ਦਾ ਤਾਂ ਏਸ ਧਰਤੀ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਉਹ ਤਾਂ ਦੇਵ-ਲੋਕ ਨਾਲ ਸਬੰਧ ਰੱਖਦੀਆਂ ਨੇ। ਉਂਝ ਵੀ ਹਰ ਕੋਈ ਜਾਣਦਾ ਬਈ ਪਰੀਆਂ ਤਾਂ ਸੋਹਣੀਆਂ ਈ ਹੁੰਦੀਆਂ ਨੇ। ਉਹਨਾਂ ਦੀ ਸੁੰਦਰਤਾ 'ਤੇ ਕਿਸੇ ਨੂੰ ਹੈਰਾਨੀ ਨਈਂ ਹੁੰਦੀ। ਪਰ ਉਹ.....ਉਹ ਸ਼ਾਇਦ ਪਰੀਆਂ ਵਰਗੀ ਸੋਹਣੀ ਤਾਂ ਨਹੀਂ, ਪਰ ਉਹਦੇ ਸੁਹੱਪਣ ਵਿੱਚ ਉਹ ਸਾਦਗੀ ਅਤੇ ਉਹ ਮਾਸੂਮੀਅਤ ਹੈ ਜੋ ਪਰੀਆਂ ਵਿੱਚ ਵੀ ਨਹੀਂ ਹੁੰਦੀ ਸ਼ਾਇਦ। ਉਹ ਧਰਤ ਦੀ ਮਿੱਟੀ ਨਾਲ ਸਬੰਧ ਰੱਖਦੀ ਹੈ। ਉਹਦੇ ਹਰ ਅੰਸ਼ ਵਿੱਚ ਏਥੋਂ ਦੀ ਕੁਦਰਤ ਦਾ ਸੁਹੱਪਣ ਸਮੋਇਆ ਹੈ। ਸਾਰੀ ਕੁਦਰਤ ਦਾ ਹਰ ਇੱਕ ਰੂਪ, ਹਰ ਇੱਕ ਵਰਤਾਰਾ ਜਿਵੇਂ ਉਸੇ ਦੇ ਹੀ ਕਿਸੇ ਅੰਸ਼ ਜਾਂ ਉਸ ਵਲੋਂ ਕੀਤੀ ਕਿਸੇ ਹਰਕਤ ਦਾ ਦਮ ਭਰਦਾ ਹੈ......।"

ਉਹਦੇ ਬਾਰੇ ਇਹ ਸ਼ਬਦ ਮੇਰੀ ਨਿਜੀ ਡਾਇਰੀ ਦੇ ਇੱਕ ਪੇਜ 'ਤੇ ਲਿਖੇ ਹੋਏ ਨੇ। ਅੱਜ ਫੇਰ ਉਹੋ ਦਿਨ ਆ ਗਿਐ। ਸਮਝ ਨੀ ਆ ਰਿਹੈ ਕਿ ਅੱਜ ਦੇ ਇਸ ਦਿਨ ਨਾਲ ਮੇਰੀ ਜ਼ਿੰਦਗੀ ਦਾ ਐਨਾ ਗੂੜ੍ਹਾ ਰਿਸ਼ਤਾ ਕਿਉਂ ਬਣਦਾ ਜਾ ਰਿਹੈ। ਜਦੋਂ ਵੀ ਇਹ ਦਿਨ ਆਉਂਦਾ ਹੈ, ਚਿੱਤ ਨੂੰ ਇੱਕ ਭਟਕਣਾ ਜਿਹੀ ਲੱਗ ਜਾਂਦੀ ਏ। ਇਉਂ ਲਗਣ ਲਗਦੈ ਜਿਵੇਂ ਮੇਰੇ ਆਪੇ ਨੂੰ ਧੁਰ ਅੰਦਰੋਂ ਕੋਈ ਚੂਹਾ ਹੌਲੀ-ਹੌਲੀ ਆਪਣੇ ਨੋਕੀਲੇ ਦੰਦਾਂ ਨਾਲ ਕੁਤਰ ਰਿਹਾ ਹੋਵੇ। ਏਸ ਕੁਤਰਨ ਦੀ ਅਸੁਖਾਵੀਂ ਜਿਹੀ ਅਵਾਜ਼ ਮੇਰੇ ਕੰਨਾਂ ਵਿੱਚ ਪੈਂਦੀ ਰਹਿੰਦੀ ਏ। ਏਸੇ ਕੁਤਰਨ ਕਾਰਨ ਡੁਲ੍ਹਦੇ ਲਹੂ ਦੇ ਤੁਪਕਿਆਂ ਦੀ ਤ੍ਰਿਪ-ਤ੍ਰਿਪ ਮੇਰੇ ਦਿਮਾਗ ਵਿੱਚ ਹਥੌੜਿਆਂ ਵਾਂਗ ਵਜਦੀ ਹੈ। ਮੇਰੇ ਆਪੇ ਦੇ ਕੀਮਾ-ਕੀਮਾ ਹੋਣ ਦੀ ਤੇਜ਼ ਚੁਭਣ ਮੇਰੀ ਨਸ-ਨਸ ਨੂੰ ਮਹਿਸੂਸ ਹੁੰਦੀ ਹੈ। ਅੱਜ ਵੀ ਏਵੇਂ ਹੀ ਹੋ ਰਿਹੈ। ਅੱਜ ਦੇ ਦਿਨ ਮੇਰੀ ਡਾਇਰੀ ਮੱਲੋਜ਼ੋਰੀ ਮੇਰੇ ਹੱਥਾਂ ਵਿੱਚ ਆ ਜਾਂਦੀ ਏ, ਅਤੇ ਜਦੋਂ ਤੱਕ ਇਸ ਵਿਚੋਂ ਉਸ ਨਾਲ ਸਬੰਧਿਤ ਇੱਕ-ਇੱਕ ਸ਼ਬਦ ਨੂੰ ਆਪਣੇ ਨਾਲ ਸਾਂਝਾ ਨਹੀਂ ਕਰ ਲੈਂਦਾ, ਚਿੱਤ ਦੀ ਇਹ ਭਟਕਣਾ ਸ਼ਾਂਤ ਨਹੀਂ ਹੁੰਦੀ।

ਪਹਿਲੇ ਪੇਜ 'ਤੇ ਉਹਦੇ ਬਾਰੇ 'ਚ ਲਿਖੇ ਇਹ ਸ਼ਬਦ ਜਿਵੇਂ ਉਹਨੂੰ ਮੇਰੇ ਸਾਹਵੇਂ ਸਾਕਾਰ ਕਰ ਦਿੰਦੇ ਨੇ। ਜਿਉਂ-ਜਿਉਂ ਹਰ ਇੱਕ ਪੰਨਾ ਪਲਟਦਾ ਹੋਇਆ ਉਹਦੇ ਬਾਰੇ

ਪੜ੍ਹਦਾ ਜਾਂਦਾ ਹਾਂ, ਆਪਣੇ ਆਪ ਨੂੰ ਉਹਦੇ ਨਾਲ ਤੋਰਦਾ ਹੋਇਆ ਇੱਕ ਲੰਮੇ ਸਫਰ ਤੇ ਨਿੱਕਲ ਜਾਂਦਾ ਹਾਂ। ਹੁਣ ਵੀ ਇਹੋ ਸਫਰ ਦੀ ਸ਼ੁਰੂਆਤ ਹੋ ਗਈ ਹੈ।

**ਪੇਜ ਨੰ:** 03

"ਉਹਦੇ ਕਮਰੇ ਵਿਚੋਂ ਮਿੱਠੇ ਜਿਹੇ ਤੇ ਕੀਲਣ ਦੀ ਸਮਰੱਥਾ ਰਖਦੇ ਸੰਗੀਤ ਦੀ ਅਵਾਜ਼ ਆ ਰਹੀ ਹੈ। ਮੈਨੂੰ ਪਤਾ ਇਹ ਉਸੇ ਵੱਲੋਂ ਸਿਤਾਰ ਦੀਆਂ ਤਾਰਾਂ ਨੂੰ ਛੇੜਿਆ ਜਾ ਰਿਹੈ। ਉਹਦੇ ਸੰਗੀਤ ਦੀ ਮਹਿਕ ਮੇਰੇ ਧੁਰ ਅੰਦਰ ਤੱਕ ਘੁਲ ਰਹੀ ਹੈ। ਏਸ ਸੰਗੀਤ ਨਾਲ ਮੇਰਾ ਰਿਸ਼ਤਾ ਗੂੜ੍ਹਾ ਕਿਉਂ ਹੁੰਦਾ ਜਾ ਰਿਹੈ? ਇਹ ਕੀ ਕਰ ਦਿੱਤੈ ਉਹਨੇ? ਕਿਉਂ ਖਿੱਚਿਆ ਜਾ ਰਿਹਾਂ ਮੈਂ ਉਹਦੇ ਵੱਲ, ਹਰ ਪਲ? ਏਨੇ ਕੁ ਸਮੇਂ ਵਿੱਚ ਹੀ ਉਹ ਮੇਰੀ ਜ਼ਿੰਦਗੀ ਦਾ ਹਿੱਸਾ ਕਿਉਂ ਬਣਦੀ ਜਾ ਰਹੀ ਹੈ। ਕੀ ਉਹਨੂੰ ਜਾਣਕਾਰੀ ਹੈ ਏਸ ਦੀ? ਕੀ ਇਹ ਸਭ ਕੁਝ ਇੱਕ ਤਰਫਾ ਤਾਂ ਨਹੀਂ....?......ਪਤਾ ਨਹੀਂ। ਕੀ ਮੈਂ ਇਹ ਠੀਕ ਕਰ ਰਿਹਾਂ?.....ਪਤਾ ਨਹੀਂ। ਹੇ ਰੱਬ ਜੀ ਮੇਰੀ ਮਦਦ ਕਰੋ ਏਸ ਭੰਵਰ 'ਚੋਂ ਮੈਨੂੰ ਬਾਹਰ ਕੱਢਣ ਵਿੱਚ.....।"

**ਪੇਜ ਨੰ:** 07 (**ਇੱਕ ਹਫਤੇ ਬਾਅਦ**)

"ਕੀ ਹੈ ਉਹ? ਮੈਂ ਸਮਝਣ ਤੋਂ ਅਸਮਰੱਥ ਜਿਹਾ ਕਿਉਂ ਹੋ ਰਿਹਾ ਹਾਂ? ਉਹਦੀ ਸ਼ਖਸੀਅਤ ਦਾ ਹਰ ਇੱਕ ਅੰਸ਼ ਇੱਕ ਗੁੰਝਲਦਾਰ ਬੁਝਾਰਤ ਜਾਪ ਰਿਹੈ। ਕਈ ਵਾਰ ਸਾਡਾ ਸ੍ਹਾਮਣਾ ਹੋ ਚੁੱਕਿਐ ਪਰ ਮੈਂ ਜਿੰਨਾ ਉਹਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾਂ ਉਹ ਓਨੀ ਹੀ ਉਲਝਦੀ ਜਾ ਰਹੀ ਹੈ। ਭਾਵੇਂ ਉਹਨੂੰ ਕਦੇ ਬੁਲਾਇਆ ਨੀ ਪਰ ਲਗਦੈ ਜਿਵੇਂ ਉਹਦੀਆਂ ਨਜ਼ਰਾਂ ਇੱਕੋ ਸਾਹੇ ਬਹੁਤ ਕੁਝ ਕਹਿ ਜਾਂਦੀਆਂ ਨੇ। ਪਰ ਕਦੇ ਏਹੋ ਨਜ਼ਰਾਂ ਮਿਲਣਸਾਰ ਝੁਕ ਜਾਂਦੀਆਂ ਨੇ ਤੇ ਪਹੁ ਫੁਟਦੇ ਦੀ ਲਾਲੀ ਵਾਂਗ ਉਹਦਾ ਚਿਹਰਾ ਸੰਧੂਰੀ ਜਿਹਾ ਹੋ ਜਾਂਦੈ। ਉਹਨੂੰ ਕਿਵੇਂ ਸਮਝਾਂ? ਪਰੇਸ਼ਾਨ ਹਾਂ ਮੈਂ.....।

**ਪੇਜ ਨੰ:** 08 (**ਪਹਿਲੀ ਮੁਲਾਕਾਤ**)

"ਅੱਜ ਇੱਕ ਅਜੀਬ ਜਿਹੀ ਘਟਨਾ ਹੋ ਗਈ। ਹੁਣ ਤੱਕ ਵੀ ਮੈਨੂੰ ਇਹ ਸੁਪਨਾ ਜਾਪ ਰਿਹੈ। ਇੱਕ ਕਹਾਣੀ ਲਿਖ ਰਿਹਾ ਸੀ ਮੈਂ ਬੈਠਾ। ਅਚਾਨਕ ਜਿਵੇਂ ਉਹ ਇੱਕ ਪਾਤਰ ਬਣਕੇ ਕਮਰੇ 'ਚ ਆ ਗਈ। ਮੈਂ ਘਬਰਾ ਗਿਆ ਸੀ ਇੱਕਦਮ ਉਹਨੂੰ ਇਸ ਤਰ੍ਹਾਂ ਆਏ ਵੇਖ। ਮੈਨੂੰ ਕੁਝ ਨਾ ਸੁੱਝਿਆ ਕਿ ਮੈਂ ਉਸਨੂੰ ਬੈਠਣ ਲਈ ਕਹਾਂ ਜਾਂ ਆਪ ਖੜ੍ਹਾ ਹੋ ਜਾਵਾਂ। ਪਰ ਉਹ ਸਿੱਧੀ ਆ ਕੇ ਮੇਰੇ ਲਾਗੇ ਪਏ ਇੱਕ ਸਟੂਲ 'ਤੇ ਬੈਠ ਗਈ। ਮੇਰੇ ਹੱਥ 'ਚ ਫੜਿਆ ਪੈੱਨ ਵੇਖ ਕੇ ਬੋਲ ਪਈ—

"ਕੁਝ ਲਿਖ ਰਹੇ ਸੀ ਸ਼ਾਇਦ।"

"ਜੀ ਹਾਂ, ਬੱਸ ਐਵੇਂ ਹੀ.....।"

"ਮੈਂ ਡਿਸਟਰਬ ਤਾਂ ਨਹੀਂ ਕੀਤਾ?"

"ਹਾਂਅ....ਨਹੀਂ ਤਾਂ।"

"ਇਥੇ ਨੌਕਰੀ ਕਰ ਰਹੇ ਹੋ ਕੋਈ?"

"ਹਾਂ, ਅਧਿਆਪਕ ਹਾਂ ਸਕੂਲ ਵਿੱਚ। ਤੁਸੀਂ ਕੀ ਕਰਦੇ ਹੋ?"

"ਕੁਝ ਨਹੀਂ। ਸੰਗੀਤ ਬਗੈਰਾ ਦਾ ਸ਼ੌਕ ਐ। ਬਸ ਏਸੇ 'ਚ ਰੁੱਝੀ ਰੱਖਦੀ ਹਾਂ ਆਪਣੇ-ਆਪ ਨੂੰ। ਕੁਝ ਬੱਚੇ ਆ ਜਾਂਦੇ ਨੇ ਸਿੱਖਣ ਲਈ। ਕਦੇ ਸਮਾਂ ਕਢਕੇ ਹਸਪਤਾਲ 'ਚ ਅਤੇ ਕਦੇ ਬਿਰਧ ਆਸ਼ਰਮ 'ਚ ਕੋਈ ਪ੍ਰੋਗਰਾਮ ਕਰ ਆਉਨੀਂ ਹਾਂ। ਮਨ ਨੂੰ ਬੜਾ ਸਕੂਨ ਮਿਲਦੈ ਇਹਨਾਂ 'ਚ ਵਿਚਰ ਕੇ।"

"ਤੁਹਾਡਾ ਸੰਗੀਤ ਤਾਂ ਅਕਸਰ ਮੈਂ ਵੀ ਸੁਣ ਲੈਂਦਾ ਹਾਂ। ਸਚਮੁਚ ਤੁਹਾਡੀ ਸਿਤਾਰ 'ਚੋਂ ਨਿਕਲਦੇ ਸੁਰ ਕਦੇ-ਕਦੇ ਤਾਂ ਮੈਨੂੰ ਕਿਸੇ ਓਪਰੀਆਂ ਡੂੰਘਾਈਆਂ 'ਚ ਲੈ ਜਾਂਦੇ ਨੇ।" ਮੈਂ ਜਿਵੇਂ ਖੋ ਰਿਹਾ ਸੀ ਉਹਦੇ ਵਿੱਚ।

"ਇੱਕ ਗੱਲ ਪੁਛਾਂ?" ਉਹ ਗੰਭੀਰ ਹੋ ਗਈ।

"ਜੀ ਜ਼ਰੂਰ।"

"ਤੁਸੀਂ ਵੇਲੇ-ਕੁਵੇਲੇ ਮੈਨੂੰ ਇਸ ਤਰ੍ਹਾਂ ਇੱਕ ਟੱਕ ਤਕਦੇ ਕਿਉਂ ਰਹਿੰਦੇ ਹੋ?"

"ਕਿਉਂ, ਤੁਹਾਨੂੰ ਬੁਰਾ ਲੱਗਿਆ?"

"ਚੰਗਾ ਵੀ ਤੇ ਨਹੀਂ ਲੱਗਿਆ।"

"ਮੈਂ ਮਾਫੀ ਚਾਹਾਂਗਾ, ਪਰ ਮੈਂ ਰੋਕ ਨੀ ਸਕਿਆ ਖੁਦ ਨੂੰ।"

ਕਾਫ਼ੀ ਦੇਰ ਤੱਕ ਬੈਠੀ ਉਹ ਗੱਲਾਂ ਕਰਦੀ ਰਹੀ। ਆਪਣੇ ਬਾਰੇ ਦਸਦੀ ਰਹੀ। ਮੇਰੇ ਬਾਰੇ, ਪਰਿਵਾਰ ਬਾਰੇ ਪੁਛਦੀ ਰਹੀ। ਮੈਂ ਪਤਾ ਨੀ ਕਿਹੜੇ ਭਾਵਾਂ 'ਚ ਖੋਇਆ ਉਹਦੇ ਸੁਆਲਾਂ ਦੇ ਜਵਾਬ ਦਿੰਦਾ ਰਿਹਾ। ਪਰ ਅਸਲ ਵਿੱਚ ਮੈਂ ਉਸ ਪਹੇਲੀ ਨੂੰ ਬੁੱਝਣ ਦਾ ਯਤਨ ਕਰ ਰਿਹਾ ਸੀ। ਫੇਰ ਪਤਾ ਨੀ ਕਿਹੜੇ ਵੇਲੇ ਉਹਦੇ ਜਾਣ ਦੀ ਘੜੀ ਆ ਗਈ। ਉਹ ਜਾਣ ਵੇਲੇ ਮੇਰੀਆਂ ਦੋ ਕਿਤਾਬਾਂ ਕਹਾਣੀ ਅਤੇ ਗ਼ਜ਼ਲ ਸੰਗ੍ਰਹਿ ਲੈ ਗਈ। ਪਰ ਜਾਂਦੀ ਹੋਈ ਆਪਣੀ ਹੋਂਦ ਦੀ ਮਹਿਕ ਜਿਹੀ ਛੱਡ ਗਈ। ਉਹ ਮਹਿਕ ਹਰ ਪੱਲ ਮੇਰੇ ਅੰਦਰ ਸਮਾ ਰਹੀ ਏ।

**ਪੇਜ ਨੰ: 12 (ਇੱਕ ਮਹੀਨੇ ਬਾਅਦ)**

"ਅੱਜ ਕਾਫੀ ਦੇਰ ਬਾਅਦ ਡਾਇਰੀ ਲਿਖਣ ਨੂੰ ਮਨ ਕਰਿਐ। ਕੁਝ ਰੁਝੇਂਵਿਆਂ 'ਚ ਏਸ ਕਦਰ ਉਲਝਿਆ ਕਿ ਲਿਖਣ ਦੀ ਵਿਹਲ ਹੀ ਨੀ ਮਿਲੀ। ਜਾਂ ਸ਼ਾਇਦ ਇਹ ਹੋ ਸਕਦੈ ਕਿ ਉਹ ਪਹਿਲੀ ਮੁਲਾਕਾਤ ਤੋਂ ਬਾਅਦ ਅੱਜ ਵਿਖਾਈ ਦਿੱਤੀ ਸੀ। ਪਤਾ ਨੀ ਕਿਉਂ ਹੁਣ ਡਾਇਰੀ ਵਿਚ ਸਿਰਫ ਉਹਨਾਂ ਪਲਾਂ ਦਾ ਹੀ ਜ਼ਿਕਰ ਕਰਨ ਨੂੰ ਦਿਲ ਕਰਦਾ ਹੈ, ਜਿਨ੍ਹਾਂ ਵਿੱਚ ਉਹ ਕਿਸੇ ਨਾ ਕਿਸੇ ਰੂਪ ਵਿੱਚ ਸਮੋਈ ਹੋਵੇ। ਹੁਣੇ-ਹੁਣੇ ਉਸੇ ਨੂੰ ਮਿਲਕੇ ਆ ਰਿਹਾ ਹਾਂ। ਅੱਜ ਘਰ ਬੁਲਾਇਆ ਸੀ ਉਸਨੇ। ਉਹਦੀ ਮਾਂ ਨੂੰ ਮਿਲਕੇ ਬੜਾ ਚੰਗਾ ਲੱਗਿਆ। ਬੜਾ ਨਿੱਘਾ ਤੇ

ਮਿਲਾਪੜਾ ਸੁਭਾਅ ਹੈ ਉਹਦਾ ਵੀ। ਜੀਅ ਭਰਕੇ ਗੱਲਾਂ ਹੋਈਆਂ। ਪਤਾ ਲੱਗਿਆ ਕਿ ਉਹ ਸ਼ਿਮਲੇ ਚਲੀ ਗਈ ਸੀ ਆਪਣੇ ਮਾਮਾ ਜੀ ਕੋਲ। ਮੈਂ ਉਹਦੇ ਬਿਨਾ ਦੱਸੇ ਜਾਣ ਤੇ ਉਹਦੇ ਨਾਲ ਸ਼ਿਕਵਾ ਕਰਨਾ ਚਾਹੁੰਦਾ ਹੋਇਆ ਵੀ ਨਾ ਕਰ ਸਕਿਆ। ਪਤਾ ਨੀ ਕਿਉਂ?

ਕੁਦਰਤ ਨਾਲ ਅਥਾਹ ਮੋਹ ਹੈ ਉਸਦਾ। ਉਹਨੇ ਦੱਸਿਆ ਕਿ ਉਹ ਜਦੋਂ ਸ਼ਿਮਲੇ ਗਈ ਤਾਂ ਵਣ-ਮਹਾਂਉਤਸਵ ਮਨਾਇਆ ਜਾ ਰਿਹਾ ਸੀ। ਉਹ ਆਪਣੇ ਹੱਥੀਂ ਪੌਦੇ ਲਗਾ ਕੇ ਆਈ ਹੈ। ਕਦੇ ਤਾਂ ਉਹਦੀਆਂ ਗੱਲਾਂ, ਉਹਦੇ ਕੰਮਾਂ, ਉਹਦੀਆਂ ਹਰਕਤਾਂ 'ਤੇ ਮੈਨੂੰ ਹੈਰਾਨੀ ਹੁੰਦੀ ਹੈ। ਮੇਰੀਆਂ ਰਚਨਾਵਾਂ ਬਾਰੇ ਵੀ ਉਹਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਮੇਰੀ ਹਰ ਉਹ ਰਚਨਾ ਉਸਨੂੰ ਸਭ ਤੋਂ ਵੱਧ ਪਸੰਦ ਆਈ ਸੀ, ਜਿਸ ਵਿੱਚ ਕਿਸੇ ਦਰਦ ਦੇ ਭਾਵ ਸਮੋਏ ਹੋਏ ਸਨ।

ਮੈਂ ਵੀ ਏਸ ਸਮੇਂ ਦੌਰਾਨ ਘਰ ਜਾ ਆਇਆ ਸੀ। ਮਾਂ ਨੇ ਰਿਸ਼ਤੇ ਦੀ ਗੱਲ ਤੋਰ ਲਈ। ਇੱਕ-ਦੋ ਰਿਸ਼ਤੇ ਵਾਲੇ ਆ ਕੇ ਗਏ ਸੀ। ਪਰ ਮੈਂ ਮਾਂ ਨੂੰ ਟਾਲ਼ ਦੇਣ ਲਈ ਕਹਿ ਆਇਆ ਹਾਂ। ਅਜਿਹਾ ਮੈਂ ਕਿਉਂ ਕੀਤਾ?....ਪਤਾ ਨੀ। ਸ਼ਾਇਦ ਉਸ ਕਾਰਨ.....। ਦਿਲ ਦੇ ਕਿਸੇ ਕੋਨੇ ਵਿਚੋਂ 'ਹਾਂ' ਨਿਕਲਦੀ ਹੈ। ਪਰ ਉਸਨੂੰ ਤਾਂ ਹਾਲੇ ਤੱਕ ਵੀ ਇਸ ਤੱਥ ਦੀ ਜਾਣਕਾਰੀ ਨਹੀਂ ਹੈ ਕਿ ਉਹ ਹਰ ਪਲ ਮੇਰੇ ਧੁਰ ਅੰਦਰ ਗਹਿਰੇ ਤੱਕ ਉਤਰਦੀ ਜਾ ਰਹੀ ਹੈ। ਮੈਨੂੰ ਇਉਂ ਲੱਗਦਾ ਹੈ ਕਿ ਮੇਰਾ ਦਿਲ ਜਿਵੇਂ ਇੱਕ ਖਲਾਅ ਵਾਂਗ ਹੈ। ਅਸੀਮ ਖਲਾਅ..... ਜਿਸਦਾ ਕੋਈ ਅੰਤ ਨਹੀਂ। ਪਰ ਉਹ ਇਸ ਖਲਾਅ ਅੰਦਰ ਵਿਚਰ ਰਹੀ ਹੈ। ਨਾ ਇਹ ਖਲਾਅ ਮੁਕਦਾ ਹੈ ਅਤੇ ਨਾ ਹੀ ਉਹਦਾ ਵਿਚਰਨਾ ਮੁੱਕ ਰਿਹੈ।"

ਡਾਇਰੀ ਦਾ ਅਗਲਾ ਪੇਜ ਕੁਝ ਖਰਾਬ ਜਿਹਾ ਹੋ ਗਿਆ ਹੈ। ਸ਼ਾਇਦ ਪਾਣੀ ਡੁੱਲ੍ਹ ਗਿਆ ਸੀ ਕਦੇ। ਸ਼ਬਦਾਂ ਦੀ ਬਣਾਵਟ ਕੁਝ ਫਿੱਕੀ ਪੈ ਗਈ ਹੈ। ਪੜ੍ਹਨਾ ਮੁਸ਼ਕਿਲ ਜਾਪ ਰਿਹੈ। ਪਰ ਫੇਰ ਵੀ ਇਸ ਪੰਨੇ ਨੂੰ ਡਾਇਰੀ ਤੋਂ ਅਲੱਗ ਨਹੀਂ ਕੀਤਾ, ਕਿਉਂਕਿ ਇਸ ਵਿੱਚ ਉਸਦੇ ਵਜੂਦ ਦਾ ਕੁਝ ਅੰਸ਼ ਤਾਂ ਬਾਕੀ ਹੈ ਅਜੇ। ਉਂਝ ਮੈਨੂੰ ਪਤਾ ਕਿ ਇਸ ਵਿੱਚ ਵੀ ਮੈਂ ਆਪਣੀਆਂ ਭਾਵਨਾਵਾਂ ਨੂੰ ਉਸ ਅੱਗੇ ਨਾ ਪ੍ਰਗਟਾ ਸਕਣ ਦੀ ਬੇਵਸੀ ਜ਼ਾਹਿਰ ਕੀਤੀ ਸੀ। ਪਤਾ ਨੀ ਕਿਹੜੀ ਸ਼ਕਤੀ ਸੀ ਉਸ ਵਿੱਚ। ਮੈਂ ਜਦੋਂ ਵੀ ਉਸਨੂੰ ਮਿਲਣਾ ਹੁੰਦਾ ਬਹੁਤ ਕੁਝ ਸੋਚਕੇ ਜਾਂਦਾ, ਪਰ ਜਦੋਂ ਵੀ ਉਹ ਸਾਹਮਣੇ ਆਉਂਦੀ ਤਾਂ ਮੈਂ ਜਿਵੇਂ ਕੀਲਿਆ ਜਾਂਦਾ। ਸਭ ਕੁਝ ਸੋਚਿਆ ਹੋਇਆ ਖਿੰਡ ਜਾਂਦਾ। ਜਿੰਨਾਂ ਚਿਰ ਮੈਂ ਉਹਦੇ ਕੋਲ ਹੁੰਦਾ ਮੈਂ ਜਿਵੇਂ ਉਸੇ ਦੇ ਇਸ਼ਾਰੇ ਤੇ ਜੀਅ ਰਿਹਾ ਹੁੰਦਾ। ਖੈਰ ਅਗਲਾ ਪੇਜ ਪਲਟਦਾ ਹਾਂ।

**ਪੰਜ ਨੰ: 15**

"ਅੱਜ-ਕੱਲ ਪਤਾ ਨੀ ਕੀ ਹੋ ਗਿਆ ਹੈ। ਕੁਝ ਵੀ ਲਿਖਣ ਨੂੰ ਮਨ ਨੀ ਕਰ ਰਿਹੈ। ਕਿਸੇ ਕੰਮ ਵਿੱਚ ਜੀਅ ਨਹੀਂ ਲੱਗਦਾ। ਕੋਈ ਰਚਨਾ ਸ਼ੁਰੂ ਕਰਨ ਲਗਦਾ ਤਾਂ ਉਸਦੇ ਹਰ ਅੰਸ਼ ਵਿੱਚ ਉਹ ਜਿਵੇਂ ਪਾਤਰ ਬਣਕੇ ਉੱਭਰ ਆਉਂਦੀ ਹੈ। ਜੇਕਰ ਉਸਦੇ ਦਿਲ ਨੂੰ ਫਰੋਲਣ ਦੀ ਕੋਸ਼ਿਸ਼ ਕਰਦਾ ਤਾਂ ਉਸੇ ਦੀਆਂ ਪਰਤਾਂ ਵਿੱਚ ਉਲਝ ਕੇ ਰਹਿ ਜਾਂਦਾ ਹਾਂ। ਕਦੇ-ਕਦੇ ਤਾਂ

ਇਉਂ ਲੱਗਦਾ ਜਿਵੇਂ ਉਸ ਵਿੱਚ ਪਿਆਰ ਦੇ ਰਿਸ਼ਤੇ ਦੀ ਕੋਈ ਭਾਵਨਾ ਹੀ ਨਹੀਂ ਹੈ। ਇਸ ਸਬੰਧੀ ਉਹਦੀ ਮਾਨਸਿਕਤਾ ਨਿਰੀ ਕੋਰੀ ਜਾਪਦੀ ਹੈ। ਸਮਝ ਨੀ ਆਉਂਦਾ ਉਹ ਜ਼ਿੰਦਗੀ ਨੂੰ ਕਿਸ ਤਰੀਕੇ ਨਾਲ ਪਾਲਣਾ ਚਾਹੁੰਦੀ ਹੈ। ਕਦੇ ਲੱਗਦਾ ਹੈ ਕਿ ਉਹ ਅਜ਼ਾਦੀ ਭਾਲਦੀ ਹੈ। ਫੇਰ ਭਲਾ ਉਹ ਪਿਆਰ ਦੇ ਬੰਧਨ ਨੂੰ ਕਿਵੇਂ ਸਵੀਕਾਰ ਕਰੇਗੀ। ਉਹਦੇ ਸੁਭਾਅ ਦਾ ਵੀ ਤਾਂ ਕੋਈ ਥਹੁ ਪਤਾ ਨਹੀਂ ਲਗਦਾ। ਕਿਸੇ ਗੱਲ ਤੇ ਤਾਂ ਉਹ ਹੱਸਦੀ-ਹੱਸਦੀ ਦੂਹਰੀ ਹੋ ਜਾਂਦੀ ਹੈ, ਪਰ ਦੂਜੇ ਹੀ ਪਲ ਹੱਸਦੀ-ਹੱਸਦੀ ਗੰਭੀਰ ਹੋ ਜਾਂਦੀ ਹੈ। ਬਿਲਕੁਲ ਖਾਮੋਸ਼, ਜਿਵੇਂ ਗੁਆਚ ਜਾਂਦੀ ਹੈ ਕਿਤੇ। ਫੇਰ ਝੰਜੋੜਨਾ ਪੈਂਦਾ ਹੈ ਉਹਨੂੰ ਵਰਤਮਾਨ 'ਚ ਲਿਆਉਣ ਲਈ। ਅੱਜ ਵੀ ਇਵੇਂ ਹੋਇਆ। ਬੈਠੀ-ਬੈਠੀ ਅਚਾਨਕ ਬੋਲੀ—

"ਤੁਸੀਂ ਚੰਗੇ ਲੇਖਕ ਹੋ। ਇੱਕ ਗੱਲ ਪੁੱਛਾਂ?"

"ਸਿਰਫ ਲੇਖਕ ਹਾਂ, 'ਚੰਗੇਪਣ' ਦੀ ਮੰਜ਼ਿਲ ਤਾਂ ਦੂਰ ਏ ਅਜੇ। ਖੈਰ, ਪੁੱਛ ਕੀ ਪੁੱਛਣਾ ਸੀ?"

"ਇਹ ਜ਼ਿੰਦਗੀ ਕੀ ਹੈ?"

"ਜ਼ਿੰਦਗੀ ਬਾਰੇ ਪੁੱਛਣ ਦੀ ਅੱਜ ਕਿੱਥੋਂ ਸੁਝ ਗਈ?"

"ਇਹ ਮੇਰੇ ਸੁਆਲ ਦਾ ਜਵਾਬ ਤਾਂ ਨਹੀਂ।" ਉਹ ਗੰਭੀਰ ਸੀ।

"ਜ਼ਿੰਦਗੀ ਬਾਰੇ ਕੀ ਦੱਸਾਂ? ਇਸ ਬਾਰੇ ਤਾਂ ਜਿੰਨਾਂ ਮਰਜ਼ੀ ਬੋਲ ਲਓ, ਲਿਖ ਲਓ, ਉਹ ਥੋੜਾ। ਇਹਦਾ ਘੇਰਾ ਐਨਾ ਵਿਸ਼ਾਲ ਵੀ ਹੈ ਕਿ ਸਾਰੀ ਕਾਇਨਾਤ ਇਸ 'ਚ ਸਮਾ ਜਾਏ। ਪਰ ਐਨੀ ਸੂਖਮ ਵੀ ਹੈ ਕਿ ਪਲਾਂ ਵਿੱਚ ਹੀ ਇਹ ਆਪਣੀ ਹੋਂਦ ਤੋਂ ਮੁਨਕਰ ਹੋ ਜਾਂਦੀ।" ਮੈਂ ਪਲ੍ਹ ਲਈ ਰੁਕਿਆ।

ਉਹ ਬੜੀ ਗੰਭੀਰਤਾ ਨਾਲ ਮੇਰੇ ਸ਼ਬਦਾਂ ਨੂੰ ਸੁਣ ਰਹੀ ਸੀ।

ਮੈਂ ਫੇਰ ਬੋਲਣਾ ਸ਼ੁਰੂ ਕੀਤਾ—

"ਜ਼ਿੰਦਗੀ ਦੀ ਹੋਂਦ ਅਸਲ 'ਚ ਆਪਣੇ ਆਪ ਵਿੱਚ ਕੁਝ ਨਹੀਂ। ਪਾਣੀ ਵਾਂਗ ਤਰਲ ਜਿਹਾ ਹੈ ਇਸਦਾ ਰੂਪ। ਪਾਣੀ ਨੂੰ ਜਿਸ ਭਾਂਡੇ 'ਚ ਪਾਓ ਉਹੋ ਜਿਹਾ ਹੀ ਇਸਦਾ ਅਕਾਰ ਅਤੇ ਰੰਗ-ਰੂਪ ਹੋ ਜਾਂਦਾ ਹੈ। ਇਉਂ ਹੀ ਜ਼ਿੰਦਗੀ ਵੀ ਸਾਡੀ ਸੋਚ 'ਤੇ ਨਿਰਭਰ ਕਰਦੀ ਹੈ। ਜਿਹੋ ਜਿਹਾ ਸਾਡਾ ਜ਼ਿੰਦਗੀ ਪ੍ਰਤੀ ਨਜ਼ਰੀਆ ਹੋਏਗਾ, ਉਹੋ-ਜਿਹੀ ਹੀ ਇਹ ਹੋ ਜਾਂਦੀ ਹੈ।"

ਫੇਰ ਜਿਵੇਂ ਕਿਤੇ ਗੁਆਚ ਗਈ ਉਹ। ਮੈਂ ਹਲੂਣਿਆ—

"ਕਿੱਥੇ ਗੁਆਚ ਗਏ, ਜਨਾਬ?"

"ਹਾਂਅ....ਕਿਤੇ ਨੀ।" ਕਹਿਕੇ ਉਹ ਮੁਸਕਰਾਈ।

ਮੈਂ ਫੇਰ ਉਸ ਉਲਝਣ 'ਚ ਉਲਝਕੇ ਰਹਿ ਗਿਆ।

**ਪੇਜ ਨੰ: 18 (ਚਾਰ ਦਿਨਾਂ ਬਾਅਦ)**

"ਅੱਜ ਦਾ ਦਿਨ ਮੇਰੇ ਤੇ ਭਾਰੀ ਹੋ ਨਿਬੜਿਆ ਹੈ। ਕੁਝ ਵੀ ਚੰਗਾ ਨਹੀਂ ਲੱਗ ਰਿਹੈ। ਜਿਵੇਂ ਦਬ ਰਿਹਾ ਹਾਂ ਮੈਂ ਆਪਣੇ ਹੀ ਭਾਰ ਹੇਠ। ਅੱਜ ਮੈਂ ਉਹਦੇ ਨਾਲ ਸੀ ਬਿਰਧ ਆਸ਼ਰਮ ਵਿੱਚ ਉਹਦੇ ਇੱਕ ਪ੍ਰੋਗਰਾਮ ਮੌਕੇ। ਸਾਰੇ ਸਮੇਂ ਦੌਰਾਨ ਉਹਦੇ ਸੰਗੀਤ ਨੇ ਜਿਵੇਂ ਜਾਦੂ ਕਰ ਰੱਖਿਆ ਸੀ ਹਰ ਇੱਕ 'ਤੇ। ਸਮਾਪਤੀ ਮੌਕੇ ਸਾਰੇ ਬਿਰਧਾਂ ਦੀਆਂ ਮਮਤਾ ਭਰੀਆਂ ਢੇਰ ਸਾਰੀਆਂ ਅਸੀਸਾਂ ਨਾਲ ਉਹ ਲੱਦੀ ਗਈ। ਉਹਦੀ ਸ਼ਖਸੀਅਤ ਦੇ ਏਸ ਪੱਖ ਨੇ ਮੇਰੇ ਉਹਦੇ ਪ੍ਰਤੀ ਮੋਹ ਨੂੰ ਹੋਰ ਡੂੰਘਾ ਤੇ ਵਿਸ਼ਾਲ ਕਰ ਦਿੱਤਾ ਸੀ। ਵਾਪਸ ਆਉਣ ਲੱਗਿਆਂ ਅੱਜ ਉਹ ਘੁੰਮਣ ਦੇ ਰੌਂਅ ਵਿਚ ਸੀ। ਅਸੀਂ ਘਰ ਜਾਣ ਦਾ ਇਰਾਦਾ ਛੱਡ ਦਿੱਤਾ। ਅੱਜ ਉਹ ਬਹੁਤ ਖੁਸ਼ ਸੀ। ਮੈਂ ਵੀ ਅੱਜ ਸੋਚ ਲਿਆ ਕਿ ਆਪਣੀਆਂ ਭਾਵਨਾਵਾਂ ਉਸ ਅੱਗੇ ਜ਼ਰੂਰ ਪ੍ਰਗਟਾਉਣੀਆਂ ਨੇ।

ਕਾਫੀ ਸਮਾਂ ਅਸੀਂ ਚਲਦੇ-ਫਿਰਦੇ ਰਹੇ। ਅਖੀਰ ਗੱਲਾਂ ਕਰਦੇ ਨਹਿਰ ਵੱਲ ਆ ਗਏ। ਉਹ ਕਾਫੀ ਥੱਕ ਗਈ ਸੀ। ਕੰਢੇ 'ਤੇ ਆ ਕੇ ਅਸੀਂ ਬੈਠ ਗਏ ਤੇ ਉਹ ਚਲਦੇ ਪਾਣੀ ਨੂੰ ਇੱਕ ਟੱਕ ਨਿਹਾਰਨ ਲੱਗੀ। ਇਉਂ ਬੈਠੀ ਬੜੀ ਮਾਸੂਮ ਲੱਗ ਰਹੀ ਸੀ। ਮੈਂ ਅਜੇ ਉਸਦੇ ਇਸ ਰੂਪ ਵਿੱਚ ਗੁਆਚਿਆ ਈ ਸੀ ਕਿ ਉਹ ਪੁੱਛ ਬੈਠੀ—

"ਅੱਜ ਕੱਲ ਕੀ ਲਿਖ ਰਹੇ ਹੋ?"

"ਕੁਝ ਨਹੀਂ।" ਮੈਂ ਆਪ-ਮੁਹਾਰੇ ਕਹਿ ਗਿਆ।

"ਕਿਉਂ?"

"ਪਤਾ ਨੀ ਕਿਉਂ, ਇੱਕ ਭਟਕਣਾ ਜਿਹੀ ਲੱਗੀ ਏ ਚਿੱਤ ਨੂੰ। ਮਨ ਕਿਤੇ ਇਕਾਗਰ ਈ ਨੀ ਹੋ ਰਿਹੈ। ਲਗਦਾ ਜਿਵੇਂ ਸਾਰੇ ਵਿਸ਼ੇ ਮੁੱਕ ਗਏ ਹੋਣ।"

"ਇਹ ਕਿਉਂ ਹੋ ਰਿਹੈ?"

"ਸ਼ਾਇਦ ਤੇਰੇ ਕਾਰਨ....।" ਮੈਂ ਉਸੇ ਵਹਾਅ ਵਿੱਚ ਕਹਿ ਗਿਆ।

"ਮੇਰੇ ਕਾਰਨ.....?" ਉਹਨੇ ਹੈਰਾਨੀ ਤੇ ਮੁਸਕਰਾਹਟ ਭਰੇ ਭਾਵਾਂ ਨਾਲ ਤੱਕਿਆ।

"ਮੇਰੇ ਕਾਰਨ ਕਿਵੇਂ?"

ਪਤਾ ਨੀ ਕਿਹੜੇ ਵੇਗ 'ਚ ਵਹਿਕੇ ਮੈਂ ਉਹਦਾ ਹੱਥ ਫੜ ਲਿਆ ਤੇ ਇੱਕੋ ਸਾਹੇ ਕਹਿਣ ਲੱਗਿਆ—

"ਕਿਰਨ, ਮੇਰੀ ਸੋਚ ਦੇ ਹਰ ਅੰਸ਼ ਵਿੱਚ ਤੂੰ ਸਮਾ ਗਈ ਏਂ, ਅੱਖਾਂ ਅੱਗੇ ਸਿਰਫ ਤੂੰ ਰਹਿਨੀ ਏਂ। ਕਲਮ ਫੜਕੇ ਲਿਖਣ ਲਗਦਾ ਤਾਂ ਇਹ ਨਿਰਮੋਹੀ ਸਿਰਫ ਇਕੋ ਸ਼ਬਦ ਵਾਰ-ਵਾਰ ਦੁਹਰਾਉਂਦੀ ਏ—'ਕਿਰਨ-ਕਿਰਨ-ਕਿਰਨ'....। ਏਸ ਭਟਕਦੇ ਚਿੱਤ ਨੂੰ ਪਲੀਜ਼ ਅਰਾਮ ਦੇ ਦੇ, ਜੋ ਸਿਰਫ ਤੈਨੂੰ ਲੋਚਦੈ।"

ਉਸਨੇ ਇੱਕਦਮ ਆਪਣਾ ਹੱਥ ਛੁਡਵਾ ਲਿਆ ਤੇ ਖੜੀ ਹੋ ਕੇ ਪਾਣੀ ਵੱਲ ਤੱਕਣ ਲੱਗੀ।

"ਏਸ ਖਾਮੋਸ਼ੀ ਦਾ ਮਤਲਬ?" ਮੈਂ ਵੀ ਖੜ੍ਹਾ ਹੋ ਗਿਆ।

ਉਹ ਗੰਭੀਰ ਹੋ ਗਈ।

"ਮੈਂ ਤੁਹਾਨੂੰ ਪਹਿਲਾਂ ਵੀ ਕਹਿ ਚੁੱਕੀ ਹਾਂ ਕਿ ਮੈਨੂੰ ਇਹ ਸਭ ਚੰਗਾ ਨੀ ਲੱਗਦਾ। ਮੈਨੂੰ ਆਪਣੀ ਜ਼ਿੰਦਗੀ ਵਿੱਚ ਪਿਆਰ ਵਰਗੇ ਰਿਸ਼ਤੇ ਦੀ ਹੋਂਦ ਨਹੀਂ ਲੱਭ ਰਹੀ। ਮੈਂ ਤੁਹਾਨੂੰ ਇੱਕ ਸੱਚੇ ਦੋਸਤ ਤੋਂ ਵੱਧ ਹੋਰ ਕੁਝ ਨੀ ਸਮਝਿਆ। ਪਲੀਜ਼ ਅੱਗੇ ਤੋਂ ਇਸ ਤਰ੍ਹਾਂ ਦੀ ਗੱਲ ਨਾ ਕਰਿਓ।"

ਅਸੀਂ ਵਾਪਿਸ ਚੱਲ ਪਏ।

ਮੈਂ ਉਹਦੇ ਇਸ ਜਵਾਬ ਤੇ ਹੈਰਾਨ ਸਾਂ। ਹੁਣ ਵੀ ਹਾਂ। ਅਜੇ ਵੀ ਯਕੀਨ ਨੀ ਆ ਰਿਹਾ। ਗੁੱਸਾ ਵੀ ਆ ਰਿਹਾ ਹੈ। ਜਦੋਂ ਤੱਕ ਆਪਣੀਆਂ ਭਾਵਨਾਵਾਂ ਉਸ ਅੱਗੇ ਖੋਲ੍ਹੀਆਂ ਨੀ ਸੀ, ਇੱਕ ਭਰਮ ਜਿਹਾ ਤਾਂ ਕਾਇਮ ਸੀ ਉਹਦੇ ਪਿਆਰ ਦਾ। ਅੱਜ ਜਦੋਂ ਹਕੀਕਤ ਨਾਲ ਵਾਸਤਾ ਪਿਆ ਤਾਂ ਚਿੱਤ ਦੁਖੀ ਹੋ ਰਿਹੈ। ਸ਼ਾਇਦ ਉਹਨੂੰ ਆਪਦੇ ਸੁਹੱਪਣ ਦਾ ਹੰਕਾਰ ਹੋ ਗਿਐ। ਹੁਣ ਇਕ ਕੋਝਾਪਣ ਜਿਹਾ ਕਿਉਂ ਨਜ਼ਰ ਆਉਣ ਲੱਗ ਪਿਐ। ਉਹਦੇ ਸੁਹੱਪਣ ਵਿੱਚ। ਇਹ ਕਿਉਂ ਹੋ ਰਿਹੈ, ਰੱਬ ਜੀ? ਨਫਰਤ ਦੀ ਇੱਕ ਚੀਸ ਜਿਹੀ ਕਿਉਂ ਉਠੀ ਹੈ ਦਿਲ 'ਚ? ਖੈਰ, ਰੱਬ ਖ਼ੈਰ ਕਰੇ ਉਹਦੀ। ਜਿਉਂਵੇ ਉਹ ਆਪਦੇ ਹੰਕਾਰ ਦੇ ਸਹਾਰੇ। ਕੀ ਸ਼ਿਕਾਇਤ ਕਰਾਂ ਹੁਣ ਉਹਦੇ ਨਾਲ—

"ਹਵਾ ਜਹਾਂ ਤੇਜ਼ ਚਲ ਰਹੀ ਥੀ, ਵਹੀਂ ਚਿਰਾਗੇ-ਵਫਾ ਜਲਾਇਆ,

ਨਹੀਂ ਸ਼ਿਕਾਇਤ ਮੁਝੇ ਕਿਸੀ ਸੇ, ਸ਼ਿਕਾਰ ਹੂੰ ਅਪਨੀ ਸਾਦਗੀ ਕਾ।"

ਕਿਹੋ ਜਿਹਾ ਅਜੀਬ ਰਿਸ਼ਤਾ ਹੈ ਪਿਆਰ ਦਾ ਵੀ। ਕਦੇ ਤਾਂ ਜ਼ਮਾਨੇ ਭਰ ਦੀਆਂ ਰੁਕਾਵਟਾਂ, ਹਨੇਰੀਆਂ ਜਾਂ ਪਹਾੜ ਵੀ ਇਹਨੂੰ ਤੋੜ ਨੀ ਸਕਦੇ, ਤੇ ਕਦੇ ਨਫਰਤ ਦੀ ਨਿੱਕੀ ਜਿਹੀ ਨਹੋਰ ਵੀ ਇਹਨੂੰ ਤੀਲਾ-ਤੀਲਾ ਕਰ ਦਿੰਦੀ ਹੈ। ਅੱਜ ਵੀ ਜਦੋਂ ਕਦੇ ਇਹ ਪੰਨਾ ਪੜ੍ਹ ਲੈਂਦਾ ਹਾਂ ਤਾਂ ਜੋ ਵੀ ਲਿਖਦਾ ਹਾਂ ਦਰਦ ਨਾਲ ਭਰਿਆ ਹੀ ਲਿਖਦਾ ਹਾਂ।"

**ਪੇਜ ਨੰ: 21**

"ਉਸ ਪ੍ਰਤੀ ਕੁਝ ਬੇਰੁਖ਼ੀ ਵਰਤਣ ਦਾ ਮਨ ਬਣਾ ਲਿਆ ਹੈ। ਆਪਣੇ-ਆਪ ਨੂੰ ਕੁਝ ਰੁੱਝਿਆ ਮਹਿਸੂਸ ਕਰਵਾਉਣ ਲੱਗਿਆ ਹਾਂ। ਕੁਝ ਬੱਚੇ ਸਨ ਜੋ ਕਾਫੀ ਦਿਨਾਂ ਤੋਂ ਪੜ੍ਹਨ ਲਈ ਕਹਿ ਰਹੇ ਸੀ। ਹੁਣ ਤੱਕ ਉਹਨਾਂ ਨੂੰ ਟਾਲਦਾ ਰਿਹਾ ਸੀ। ਪਰ ਹੁਣ ਉਹਨਾਂ ਨੂੰ ਆਉਣ ਲਈ ਕਹਿ ਦਿੱਤਾ ਹੈ। ਸੋਚਿਆ ਵਕਤ ਦੀ ਬੋਝਲਤਾ ਨੂੰ ਕੁਝ ਸਰਲ ਕਰਨ ਦਾ ਚੰਗਾ ਜ਼ਰੀਆ ਸਾਬਤ ਹੋ ਸਕਦਾ ਹੈ। ਹਾਲਾਂਕਿ ਇਹ ਵੀ ਜਾਣਦਾ ਹਾਂ ਕਿ ਮੇਰੇ ਲਈ ਬਹੁਤ ਔਖਾ ਹੋਏਗਾ ਇਸ ਬੋਝਲਤਾ ਤੋਂ ਛੁਟਕਾਰਾ ਪਾਉਣਾ। ਖ਼ੈਰ, ਮੈਨੂੰ ਸੁਮੱਤ ਬਖਸ਼ੇ ਰੱਬ ਜੀ।"

**ਪੇਜ ਨੰ: 22 (ਤਿੰਨ ਦਿਨਾਂ ਬਾਅਦ)**

"ਬੱਚਿਆਂ ਨੂੰ ਪੜ੍ਹਾਉਣ ਨਾਲ ਮਨ ਕੁਝ ਲੱਗਿਆ। ਚਿੱਤ ਦੀ ਭਟਕਣਾ ਕੁਝ ਸ਼ਾਂਤ

ਹੋਈ ਸੀ। ਇਹ ਮਹਿਸੂਸ ਹੋਣ ਲੱਗਿਆ ਸੀ ਕਿ ਉਹਦੀ ਯਾਦ ਵਲੋਂ ਮੁਨਕਰ ਹੋਣ ਦਾ ਕੁਝ ਬਲ ਮਿਲ ਰਿਹਾ ਹੈ। ਪਰ ਅੱਜ ਦਾ ਦਿਨ ਫੇਰ ਇੱਕ ਅਜੀਬ ਉਲਝਣ ਲੈ ਕੇ ਚੜ੍ਹਿਐ। ਇਉਂ ਲੱਗ ਰਿਹਾ ਜਿਵੇਂ ਮਨ ਦੇ ਦੋ ਹਿੱਸੇ ਹੋ ਗਏ ਨੇ। ਕਿਹੜੇ ਹਿੱਸੇ ਦਾ ਪੱਖ ਪੂਰਾਂ ਏਸ ਉਲਝਣ ਨੇ ਪਰੇਸ਼ਾਨ ਕਰ ਰੱਖਿਆ ਏ।

ਬੱਚਿਆਂ ਨੂੰ ਪੜ੍ਹਾਕੇ ਵਿਹਲਾ ਹੋਇਆ ਤਾਂ ਅਚਾਨਕ ਉਹ ਆ ਗਈ। ਇੱਕ ਵਾਰ ਤਾਂ ਸਮਝ ਨੀ ਆਇਆ ਕਿ ਕੀ ਕਰਾਂ। ਨਜ਼ਰਾਂ ਚੁਰਾਉਣ ਦੀ ਕੋਸ਼ਿਸ਼ 'ਚ ਮੈਂ ਮੇਜ਼ 'ਤੇ ਖਿੰਡਰੇ ਕਾਗਜ਼ਾਂ ਤੇ ਕਿਤਾਬਾਂ ਨੂੰ ਸੰਵਾਰਨ ਲੱਗ ਪਿਆ। ਪਹਿਲਾਂ ਤਾਂ ਉਹ ਵੇਖਦੀ ਰਹੀ, ਫੇਰ ਅਖੀਰ ਉਹਨੇ ਮੇਰੀ ਬਾਂਹ ਫੜ ਲਈ:—

"ਮੈਂ ਤੁਹਾਡੀਆਂ ਭਾਵਨਾਵਾਂ ਨੂੰ ਠੇਸ ਪੁਚਾਈ......ਮਾਫੀ ਦੇ ਸਕਦੇ ਹੋ?"

"ਮੈਂ ਮਾਫੀ ਕਿਸ ਗੱਲ ਲਈ ਦੇਵਾਂ, ਮੈਂ ਗੁੱਸੇ ਈ ਨਹੀਂ। ਤੂੰ ਆਪਣੇ ਫੈਸਲੇ ਲੈਣ ਲਈ ਅਜ਼ਾਦ ਏਂ।" ਮੈਂ ਬਾਂਹ ਛੁਡਵਾ ਲਈ।

"ਮੈਂ ਕੀ ਕਰਾਂ? ਤੁਹਾਨੂੰ ਕਿਵੇਂ ਸਮਝਾਵਾਂ? ਮੈਂ ਅੱਜ ਤੱਕ ਜ਼ਿੰਦਗੀ 'ਚ ਕਿਸੇ ਬੰਧਨ ਨੂੰ ਸਵੀਕਾਰ ਨੀ ਕੀਤਾ।"

"ਫੇਰ, ਹੁਣ ਤਾਂ ਕੋਈ ਬੰਧਨ ਨਹੀਂ ਹੈ।"

"ਪਰ, ਮੈਂ ਅਜੇ ਵੀ ਪਰੇਸ਼ਾਨ ਹਾਂ, ਦੁਖੀ ਹਾਂ, ਕਿਉਂਕਿ ਮੈਂ ਇੱਕ ਸੱਚਾ-ਸੁੱਚਾ ਦੋਸਤ ਖੋਅਣ ਜਾ ਰਹੀ ਆਂ।"

"ਦੋਸਤੀ ਵੀ ਤਾਂ ਇੱਕ ਬੰਧਨ ਈ ਏ।" ਮੈਂ ਵਿਅੰਗਮਈ ਮੁਸਕਾਨ ਦੇ ਦਿੱਤੀ।

"ਇੱਕ ਗੱਲ ਮੰਨੋਗੇ?" ਉਹਨੇ ਮੇਰਾ ਹੱਥ ਫੜ ਲਿਆ।

"......।" ਮੈਂ ਸਿਰਫ ਪ੍ਰਸ਼ਨਾਤਮਕ ਨਜ਼ਰਾਂ ਨਾਲ ਵੇਖਿਆ ਉਹਦੇ ਵੱਲ।

"ਪਲੀਜ਼, ਮੈਨੂੰ ਪਿਆਰ ਦੇ ਏਸ ਬੰਧਨ 'ਚ ਨਾ ਬੰਨ੍ਹੋ। ਕਦੇ ਵਿਆਹ ਲਈ ਨਾ ਕਹਿਓ। ਤੁਹਾਨੂੰ ਇਨਕਾਰ ਦਾ ਭਾਵ ਇਹ ਨੀ ਕਿ ਤੁਹਾਡੇ 'ਚ ਮੈਨੂੰ ਕੋਈ ਕਮੀ ਲੱਗੀ ਪਰ ਸ਼ਾਇਦ ਮੇਰੇ ਈ ਨਸੀਬ ਮਾੜੇ ਨੇ ਕਿ ਮੈਂ ਆਪਣਾ ਸੁਭਾਅ ਨੀ ਬਦਲ ਸਕਦੀ....।" ਉਹ ਇੱਕ ਪਲ ਲਈ ਰੁਕੀ, ਇਹ ਵੇਖਣ ਲਈ ਕਿ ਮੈਂ ਧਿਆਨ ਨਾਲ ਸੁਣ ਰਿਹਾ ਹਾਂ ਜਾਂ ਨਹੀਂ। ਫੇਰ ਕਹਿਣਾ ਸ਼ੁਰੂ ਕੀਤਾ—

"ਮੇਰਾ ਯਕੀਨ ਕਰੋ, ਮੇਰੀਆਂ ਭਾਵਨਾਵਾਂ ਬਿਲਕੁਲ ਸੁੱਚੀਆਂ ਨੇ ਤੁਹਾਡੇ ਪ੍ਰਤੀ। ਅੱਜ ਏਹੋ ਇਜ਼ਹਾਰ ਕਰਨ ਲਈ ਮੈਂ ਤੁਹਾਡੇ ਕੋਲ ਆਈ ਹਾਂ। ਤੁਸੀਂ ਚਾਹੋ ਤਾਂ ਮੈਥੋਂ ਮੇਰਾ ਉਹ ਸਭ ਕੁਝ ਲੈ ਲਵੋ ਜੀਹਦੇ ਲਈ ਇਹ ਸਮਾਜਿਕ ਰਸਮ ਵਿਆਹ-ਸ਼ਾਦੀ ਬਣੀ ਹੈ।

ਮੈਂ ਹੈਰਾਨੀ ਅਤੇ ਗੁੱਸੇ ਭਰੇ ਭਾਵਾਂ ਨਾਲ ਉਸ ਵੱਲ ਵੇਖਿਆ। ਪਤਾ ਨੀ ਕਦੋਂ ਮੇਰਾ ਹੱਥ ਇੱਕ ਥੱਪੜ ਦੇ ਰੂਪ ਵਿੱਚ ਉਹਦੇ ਚਿਹਰੇ 'ਤੇ ਵੱਜ ਗਿਆ। ਬਾਅਦ ਵਿੱਚ ਪਛਤਾਵਾ ਵੀ ਹੋਇਆ। ਉਸਨੇ ਅੱਖਾਂ ਨੀਵੀਂਆਂ ਕਰ ਲਈਆਂ।

ਮੈਂ ਉਹਦਾ ਚਿਹਰਾ ਦੋਵਾਂ ਹੱਥਾਂ ਵਿੱਚ ਲੈਕੇ ਉਤਾਂਹ ਚੁੱਕਿਆ ਤਾਂ ਲੂਣੇ ਪਾਣੀ ਦੇ ਦੋ

ਕਤਰੇ ਉਹਦੀਆਂ ਗੁਲਾਬੀ ਗੱਲ੍ਹਾਂ ਤੱਕ ਆ ਗਏ। ਪਲਾਂ ਵਿੱਚ ਹੀ ਮੇਰੀ ਨਫਰਤ ਕਿਧਰੇ ਅਲੋਪ ਹੋ ਗਈ ਜਿਵੇਂ—

"ਮੇਰੀ ਸੋਚ ਨੂੰ ਐਨਾ ਗਿਰਿਆ ਤਾਂ ਨਾ ਸਮਝ ਰੱਬ ਦੇ ਵਾਸਤੇ। ਮੈਂ ਆਪਣੇ ਭਾਵਾਂ ਦਾ ਇਜ਼ਹਾਰ ਇਸ ਵਾਸਤੇ ਤਾਂ ਨੀ ਕੀਤਾ ਸੀ।"

ਉਹ ਮੇਰੇ ਗਲ਼ ਲੱਗ ਕੇ ਹੁਬਕੀਂ ਰੋ ਪਈ। ਫੇਰ ਉਸੇ ਤਰ੍ਹਾਂ ਮੈਨੂੰ ਗਲਵਕੜੀ 'ਚ ਲਈ ਕਹਿਣ ਲੱਗੀ—

"ਮੈਂ ਵੀ ਇਹ ਸ਼ਬਦ ਸਿਰਫ ਤੁਹਾਨੂੰ ਈ ਆਖੇ ਨੇ ਤੇ ਸ਼ਾਇਦ ਤੁਸੀਂ ਹੀ ਆਖਰੀ ਹੋਵੋਗੇ। ਪਰ ਪਲੀਜ਼ ਹੋ ਸਕੇ ਤਾਂ ਮੈਨੂੰ ਭੁੱਲਣ ਦੀ ਕੋਸ਼ਿਸ਼ ਕਰੋ। ਮੈਂ ਤੁਹਾਡੇ ਕਾਬਿਲ ਨਹੀਂ। ਬਸ ਇਸ ਤੋਂ ਅੱਗੇ ਕੁਝ ਨਾ ਪੁਛਿਓ।" ਕਹਿਕੇ ਉਹ ਚਲੀ ਗਈ।

ਮੈਂ ਫੇਰ ਮਨ ਦੇ ਉਹੀ ਦੁਰਾਹੇ 'ਤੇ ਆ ਗਿਆ ਹਾਂ ਕਿ ਉਹਨੂੰ ਨਫਰਤ ਕਰਾਂ ਜਾਂ ਪਿਆਰ। ਇਸ ਸਭ-ਕੁਝ ਵਿੱਚ ਕਸੂਰ ਕਿਸਦਾ ਹੈ? ਮੇਰਾ, ਉਹਦਾ, ਹਾਲਾਤ ਦਾ, ਜਾਂ ਨਸੀਬਾਂ ਦਾ ਮੈਂ ਸਮਝਣ ਤੋਂ ਅਸਮਰੱਥ ਹਾਂ।"

**ਪੇਜ ਨੰ: 28 (ਛੇ ਮਹੀਨੇ ਬਾਅਦ)**

"ਡਾਇਰੀ ਲਿਖਣੀ ਛੱਡ ਦਿੱਤੀ ਸੀ। ਉਹਦੀਆਂ ਯਾਦਾਂ ਤੱਕ ਤੋਂ ਦੂਰ ਰਹਿਣ ਲਈ ਅਤੇ ਖੜੋਤੀ ਜ਼ਿੰਦਗੀ ਨੂੰ ਅੱਗੇ ਤੋਰਨ ਦਾ ਏਹੋ ਇਕ ਜ਼ਰੀਆ ਸਾਮ੍ਹਣੇ ਦਿਸ ਰਿਹਾ ਸੀ। ਲਿਖਦਾ ਰਹਿੰਦਾ ਤਾਂ ਉਹਦੀ ਹੋਂਦ ਮੇਰੇ ਨਾਲ ਤੁਰਦੀ ਰਹਿਣੀ ਸੀ। ਨਾ ਚਾਹੁੰਦੇ ਹੋਏ ਵੀ ਮੈਂ ਉਥੋਂ ਬਦਲੀ ਕਰਵਾ ਲਈ ਹੈ। ਇੱਕ ਕੋਸ਼ਿਸ਼ ਸੀ ਉਹਨੂੰ ਭੁੱਲਣ ਦੀ ਜੋ ਅਸਫਲ ਸਿੱਧ ਹੋਈ। ਅੱਜ ਦੇ ਦਿਨ ਨੇ ਮਲੋਜ਼ੋਰੀ ਕਲਮ ਹੱਥ 'ਚ ਦੇ ਦਿੱਤੀ। ਅੱਜ ਦਾ ਦਿਨ ਉਹਨੂੰ ਭੁੱਲਣ ਦਾ ਨਹੀਂ ਸਗੋਂ ਯਾਦ ਕਰਨ ਦਾ ਦਿਨ ਹੈ—ਉਹਦਾ ਜਨਮ ਦਿਨ। ਪਿਛਲੀ ਵਾਰ ਇਹ ਉਹਦੇ ਨਾਲ ਮਨਾਇਆ ਸੀ। ਪਰ ਅੱਜ.....ਖ਼ੈਰ।

ਜਦੋਂ ਲਿਖਣ ਹੀ ਲੱਗ ਪਿਆ ਤਾਂ ਥੋੜ੍ਹਾ ਜਿਹਾ ਉਹਦੇ ਬਾਰੇ ਹੋਰ ਸਹੀ। ਉਥੋਂ ਆਉਣ ਲੱਗਿਆ ਉਹਦੇ ਘਰ ਹੋ ਕੇ ਆਇਆ ਸੀ। ਉਹਦੀ ਮਾਂ ਸੀ ਘਰ। ਉਸਤੋਂ ਪਤਾ ਲੱਗਿਆ ਕਿ ਉਹ ਫੇਰ ਸ਼ਿਮਲੇ ਚਲੀ ਗਈ ਸੀ। ਏਸ ਵਾਰ ਉਹਨੂੰ ਬੁਲਾਇਆ ਗਿਆ ਸੀ। ਮਾਮੇ ਦੇ ਕੋਈ ਔਲਾਦ ਨੀ ਸੀ, ਮਾਮੀ ਬਿਮਾਰ ਹੋਣ ਕਾਰਨ ਉਹਨੂੰ ਬੁਲਾ ਲਿਆ। ਉਸਤੇ ਗੁੱਸਾ ਵੀ ਆਇਆ ਕਿ ਜਾਣ ਲੱਗੀ ਦੱਸ ਤਾਂ ਜਾਂਦੀ। ਮਾਂ ਕੋਲ ਉਹਦੇ ਬਾਰੇ ਗੱਲ ਕੀਤੀ। ਉਹਦਾ ਢਿੱਡ ਫਰੋਲਣਾ ਚਾਹਿਆ। ਪਰ ਮਾਂ ਵੀ ਉਸਤੋਂ ਪਰੇਸ਼ਾਨ ਸੀ—

"ਮੈਨੂੰ ਤਾਂ ਪੁੱਤ ਏਸ ਕੁੜੀ ਦੀ ਭੋਰਾ ਸਮਝ ਨੀ ਆਉਂਦੀ। ਇਹਦੇ ਦੁਨੀਆਂ ਤੋਂ ਨਿਆਰੇ ਈ ਕੰਮ ਨੇ......।"

ਕਾਫੀ ਕੁਝ ਕਹਿੰਦੀ ਰਹੀ। ਉਹ ਉਹਦੇ ਵਿਆਹ ਲਈ ਵੀ ਪਰੇਸ਼ਾਨ ਸੀ। ਉਹਦੀਆਂ ਗੱਲਾਂ ਤੋਂ, ਭਾਵਾਂ ਤੋਂ ਇਹ ਸਾਫ ਜ਼ਾਹਿਰ ਹੋ ਰਿਹਾ ਸੀ, ਕਿ ਉਹ ਮੈਨੂੰ ਆਪਣੇ ਜਵਾਈ ਦੇ ਰੂਪ ਵਿੱਚ ਵੇਖਣਾ ਲੋਚਦੀ ਸੀ ਪਰ ਪਤਾ ਨੀ ਕਿਉਂ ਸਾਫ-ਸਾਫ ਉਹ ਵੀ ਕਹਿਣ ਤੋਂ ਝਿਜਕ ਰਹੀ

ਸੀ। ਮੈਂ ਵੀ ਇਸ ਬਾਰੇ ਗੱਲ ਕਰਨਾ ਚਾਹੁੰਦਾ ਸੀ ਪਰ ਮੈਂ ਵੀ ਆਪਣੇ ਜਜ਼ਬਾਤਾਂ ਨੂੰ ਦੱਬੀ ਰੱਖਿਆ। ਉਹਨੇ ਜਾਂਦੇ ਹੋਏ ਨੂੰ ਏਨਾ ਜ਼ਰੂਰ ਕਿਹਾ—

"ਪੁੱਤਰ, ਉਹਦੀ ਕਿਸੇ ਗੱਲ ਦਾ ਗੁੱਸਾ ਨਾ ਕਰੀਂ, ਉਹ ਭੋਲੀ ਐ। ਤੂੰ ਏਥੋਂ ਜਾ ਰਿਹੈਂ, ਸਾਡੇ ਦਿਲ 'ਚੋਂ ਨਹੀਂ। ਕਦੇ ਚੱਕਰ ਜ਼ਰੂਰ ਲਾਈਂ। ਉਹਦੇ ਵਾਪਸ ਆਈ ਤੋਂ ਮੈਂ ਦਸੂੰਗੀ.....।"

"ਚੰਗਾ ਬੀਜੀ।" ਕਹਿਕੇ ਮੈਂ ਉਠ ਖੜ੍ਹਿਆ।

ਏਥੇ ਆ ਕੇ ਆਪਣੇ ਆਪ ਨੂੰ ਰੁੱਝਿਆ ਰੱਖਣ ਲੱਗ ਪਿਆ। ਉਹਦੀ ਕੋਈ ਖਬਰ ਨਾ ਆਈ ਅਤੇ ਨਾ ਹੀ ਮੈਂ ਲੈਣ ਦੀ ਕੋਸ਼ਿਸ਼ ਕੀਤੀ, ਚਾਹੁੰਦੇ ਹੋਏ ਵੀ। ਅੱਜ ਦੇ ਦਿਨ ਉਹਦੀ ਸੁੱਖ-ਸਾਂਦ ਲਈ ਰੱਬ ਤੋਂ ਦੁਆ ਮੰਗ ਕੇ ਆਇਆ ਹਾਂ। ਸ਼ਾਇਦ ਅੱਜ ਆਖਰੀ ਵਾਰ ਉਹਦੇ ਬਾਰੇ ਲਿਖ ਰਿਹਾ ਹਾਂ ਜਾਂ ਸ਼ਾਇਦ ਉਹਦੇ ਅਗਲੇ ਜਨਮ ਦਿਨ ਤੱਕ।"

ਡਾਇਰੀ ਦੇ ਅਗਲੇ ਪੇਜ 'ਤੇ ਲਿਖਿਆ ਨਹੀਂ ਸਗੋਂ ਇੱਕ ਚਿੱਠੀ ਜਾਂ ਤਾਰ ਕਹਿ ਲਓ ਚਿਪਕਾਈ ਹੋਈ ਹੈ। ਏਸਨੂੰ ਪੜ੍ਹਨ ਤੋਂ ਕੁਝ ਬਾਅਦ ਇਸ ਬਾਰੇ ਲਿਖਣ ਨੂੰ ਕੁਝ ਬਚਿਆ ਹੀ ਨਹੀਂ ਜਿਵੇਂ। ਇਹ ਤਾਰ ਉਹਦੀ ਮਾਂ ਵਲੋਂ ਆਈ ਸੀ—

"ਪੁੱਤਰ, ਕਿਰਨ ਨੂੰ ਕੈਂਸਰ ਹੋ ਗਿਐ। ਉਹ ਸਿਰਫ ਤੈਨੂੰ ਉਡੀਕ ਰਹੀ ਏ। ਛੇਤੀ ਹਸਪਤਾਲ ਪਹੁੰਚ.....।"

ਮੇਰਾ ਦਿਲ-ਦਿਮਾਗ ਜਿਵੇਂ ਸੁੰਨ ਹੋ ਗਏ। 'ਕਿਰਨ ਨੂੰ ਕੈਂਸਰ.... ਕਿਰਨ ਨੂੰ ਕੈਂਸਰ....' ਇਹ ਸ਼ਬਦ ਮੇਰੇ ਕੰਨਾਂ ਵਿਚ ਪਿਘਲੇ ਸਿੱਕੇ ਵਾਂਗ ਪੈਣ ਲੱਗੇ।

ਸਾਹੋ-ਸਾਹ ਹੋਇਆ ਮੈਂ ਹਸਪਤਾਲ ਪਹੁੰਚਿਆ। ਸਾਮ੍ਹਣੇ ਬੈੱਡ ਤੇ ਕਿਰਨ ਪਈ ਸੀ। ਉਹਦੀਆਂ ਨਜ਼ਰਾਂ ਦਰਵਾਜ਼ੇ ਵੱਲ ਈ ਸਨ, ਜਿਵੇਂ ਮੈਨੂੰ ਉਡੀਕਦੀਆਂ.....। ਮੈਨੂੰ ਵੇਖਣਸਾਰ ਉਹਦੇ ਬੁੱਲ੍ਹਾਂ ਉੱਪਰ ਮੁਸਕਾਨ ਉੱਭਰੀ। ਮੈਂ ਇੱਕਦਮ ਉਹਦੇ ਕੋਲ ਪਹੁੰਚਿਆ....।

......ਪਰ ਉਹਦੀਆਂ ਨਜ਼ਰਾਂ ਦਰਵਾਜ਼ੇ ਵੱਲ ਈ ਸਨ। ਬੁੱਲ੍ਹ ਉਵੇਂ ਹੀ ਅੱਧੇ ਕੁ ਹਸਦੇ। ਮੈਂ ਤਾਂ ਇਹਦੇ ਕੋਲ ਪਹੁੰਚ ਗਿਆ ਸੀ ਪਰ ਇਹ ਅਜੇ ਵੀ ਉੱਧਰ ਕਿਉਂ ਝਾਕੀ ਜਾ ਰਹੀ ਹੈ? ਇਹਦੇ ਸਰੀਰ ਵਿਚ ਹਰਕਤ ਕਿਉਂ ਨਹੀਂ? ਇਹਨਾਂ ਸਵਾਲਾਂ ਦੇ ਹੱਲ ਲੱਭਣ ਦੀ ਅਜੇ ਕੋਸ਼ਿਸ਼ ਹੀ ਕਰ ਰਿਹਾ ਸੀ ਕਿ ਉਹਦੀ ਮਾਂ ਦੀ ਚੀਕ ਸੁਣੀ।

ਪਰ ਮੈਨੂੰ ਇਸ ਤੋਂ ਬਾਦ ਕੁਝ ਨਹੀਂ ਸੁਣ ਰਿਹਾ ਸੀ। ਉਹਦੇ ਸੁਭਾਅ ਦੀ ਹਰ ਇੱਕ ਪਹੇਲੀ ਆਪਣੇ-ਆਪ ਸੁਲਝਦੀ ਜਾ ਰਹੀ ਸੀ। ਮੈਨੂੰ ਸਮਝ ਨੀ ਸੀ ਆ ਰਿਹਾ ਕਿ ਮੈਂ ਕੀ ਕਰਾਂ। ਅੱਜ ਵੀ ਗੁੱਸਾ ਆ ਰਿਹਾ ਸੀ ਉਸ 'ਤੇ। ਅੱਜ ਵੀ ਉਹਨੇ ਇਹ ਸਭ ਕੁਝ ਮੈਥੋਂ ਲੁਕਾਇਆ ਸੀ। ਅੱਜ ਫੇਰ ਪਤਾ ਨੀ ਕਿਵੇਂ ਮੇਰਾ ਹੱਥ ਉਹਦੇ ਬੇਜਾਨ ਚਿਹਰੇ 'ਤੇ ਥੱਪੜ ਦੇ ਰੂਪ ਵਿੱਚ ਵੱਜ ਗਿਆ। ਬਹੁਤ ਕੁਝ ਬੋਲ ਰਿਹਾ ਸੀ, ਚਿਰਾਂ ਤੋਂ ਦੱਬੀਆਂ ਸ਼ਿਕਾਇਤਾਂ ਨੂੰ ਸ਼ਬਦਾਂ ਤੇ ਹੰਝੂਆਂ ਨਾਲ ਧੋ ਰਿਹਾ ਸੀ। ਪਰ ਖਾਮੋਸ਼ ਸੀ ਬਿਲਕੁਲ।

ਉਹਦੀ ਮਾਂ ਨੇ ਕਿਰਨ ਵਲੋਂ ਮੇਰੇ ਨਾਂ ਲਿਖਿਆ ਇੱਕ ਖਤ ਮੈਨੂੰ ਦਿੱਤਾ। ਅੱਜ ਵੀ

ਇਹ ਖਤ ਡਾਇਰੀ ਦੇ ਆਖਰੀ ਪੰਨੇ 'ਤੇ ਚਿਪਕਾਇਆ ਹੋਇਆ ਹੈ। ਮੇਰੇ ਸਾਮ੍ਹਣੇ ਉਹੋ ਪੇਜ ਖੁਲ੍ਹਿਆ ਹੋਇਆ ਹੈ—

"ਮੇਰੇ ਆਪੇ ਦੇ ਮਾਲਕ,

ਮੇਰੇ ਪ੍ਰੀਤਮ,

ਪਤਾ ਨੀ ਤੁਸੀਂ ਮੇਰੇ ਬਾਰੇ ਕਿਹੋ ਜਿਹੇ ਜ਼ਹਿਰੀਲੇ ਭਾਵ ਬਣਾ ਲਏ ਹੋਣਗੇ। ਸ਼ਾਇਦ ਭੁੱਲ ਵੀ ਗਏ ਹੋਵੋਗੇ। ਮੈਂ ਹੈ ਵੀ ਏਸੇ ਲਾਇਕ। ਮੈਂ ਹੀ ਅਜਿਹੀ ਨਿਕਰਮੀ ਹਾਂ ਜਿਹੜੀ ਤੁਹਾਡੀ ਕਦਰ ਨੀ ਪਾ ਸਕੀ। ਪਰ ਮੈਂ ਵੀ ਕੀ ਕਰਾਂ। ਰੱਬ ਨੇ ਮੈਨੂੰ ਸਭ ਕੁਝ ਦਿੱਤਾ—ਰੰਗ-ਰੂਪ, ਧੰਨ-ਦੌਲਤ ਤੇ ਆਪਣੇ ਵਰਗਾ ਸਾਥੀ ਵੀ, ਪਰ ਪਤਾ ਨੀ ਜ਼ਿੰਦਗੀ ਦੇਣ ਲੱਗਿਆ ਮਾੜੀ ਨੀਅਤ ਕਿਉਂ ਵਿਖਾ ਗਿਆ। ਪਿਆਰ ਕਰਨ ਲਈ ਤਾਂ ਲੱਖਾਂ ਵਰ੍ਹਿਆਂ ਦੀ ਜ਼ਿੰਦਗੀ ਵੀ ਥੋੜ੍ਹੀ ਜਾਪਦੀ ਹੈ। ਪਰ ਮੇਰੇ ਕੋਲ ਤਾਂ ਜ਼ਿੰਦਗੀ ਹੀ ਐਨੀ ਕੁ ਸੀ ਕਿ ਇਹਨੂੰ 'ਜ਼ਿੰਦਗੀ' ਨਾਂ ਦਿੰਦਿਆਂ ਵੀ ਸ਼ਰਮ ਆਉਂਦੀ ਹੈ। ਮੈਂ ਜਾਣਦੀ ਸੀ ਕਿ ਤੁਹਾਨੂੰ ਪਾ ਕੇ ਮੈਂ ਜ਼ਿੰਦਗੀ ਨੂੰ ਜਿਉਣ ਜੋਗੀ ਬਣਾ ਸਕਦੀ ਸੀ। ਪਰ ਜਿਸ ਜ਼ਿੰਦਗੀ ਨੇ ਮੈਨੂੰ ਕੁਝ ਨਾ ਦਿੱਤਾ, ਉਹਦੇ ਲਈ ਮੈਂ ਤੁਹਾਡੀਆਂ ਖੁਸ਼ੀਆਂ ਕਿਉਂ ਕੁਰਬਾਨ ਕਰਦੀ। ਹਾਂ, ਮੇਰੀ ਜ਼ਿੰਦਗੀ ਵਿੱਚ ਆਉਣਾ ਤੁਹਾਡੇ ਲਈ ਕੁਰਬਾਨੀ ਹੀ ਤਾਂ ਹੁੰਦੀ। ਫੇਰ ਜਦ ਮੈਂ ਤੁਹਾਨੂੰ ਪਿਆਰ ਦੇ ਨਹੀਂ ਸੀ ਸਕਣਾ ਤਾਂ ਤੁਹਾਨੂੰ ਪਿਆਰ ਲੈਣ ਦਾ ਵੀ ਕੀ ਹੱਕ ਸੀ। ਬੱਸ ਇਸੇ ਕਾਰਨ ਮੈਂ ਤੁਹਾਨੂੰ ਦੂਰ ਰੱਖਣਾ ਚਾਹੁੰਦੀ ਸੀ। ਮੈਂ ਕਿਸੇ ਨੂੰ ਵੀ ਆਪਣੀ ਬਿਮਾਰੀ ਬਾਰੇ ਨਹੀਂ ਦੱਸਿਆ, ਕਿਉਂਕਿ ਜਿਸਨੂੰ ਵੀ ਪਤਾ ਲਗਦਾ ਉਹਨੇ ਹਮਦਰਦੀ ਵਿਖਾਉਣੀ ਸੀ, ਪਰ ਇਸ ਹਮਦਰਦੀ ਨੇ ਮੈਨੂੰ ਐਨਾ ਵੀ ਜਿਉਣ ਨਹੀਂ ਦੇਣਾ ਸੀ। ਹੋ ਸਕੇ ਤਾਂ ਮੈਨੂੰ ਮਾਫ਼ ਕਰ ਦਿਓ।

ਹਾਂ ਸੱਚ, ਤੁਸੀਂ ਆਖਦੇ ਹੁੰਦੇ ਸੀ ਕਿ ਤੁਹਾਡੇ ਸਾਰੇ ਵਿਸ਼ੇ ਮੁੱਕ ਗਏ ਨੇ। ਮੈਂ ਇੱਕ ਵਿਸ਼ਾ ਦੇ ਰਹੀ ਹਾਂ। ਮੇਰੇ ਉਪਰ ਕਹਾਣੀ ਜ਼ਰੂਰ ਲਿਖਿਓ। ਇਹ ਕਹਾਣੀ ਮੈਨੂੰ ਅਮਰ ਕਰ ਦੇਵੇਗੀ। ਏਸ ਜਨਮ 'ਚ ਤੁਹਾਡੀ ਕਦਰ ਨੀ ਪਾ ਸਕੀ, ਅਗਲੇ ਜਨਮ 'ਚ ਰੱਬ ਤੋਂ ਢੇਰ ਸਾਰੀ ਜ਼ਿੰਦਗੀ ਮੰਗ ਕੇ ਲਿਆਵਾਂਗੀ।

ਜੋ ਤੁਹਾਡੀ ਨਾ ਬਣ ਸਕੀ,

ਕਿਰਨ।

ਡਾਇਰੀ ਦੇ ਏਸ ਪੇਜ ਤੇ ਉਹੋ ਦਿਨ ਤੇ ਤਾਰੀਖ ਹੈ ਜੋ ਅੱਜ ਹੈ। ਅੱਜ ਦੇ ਦਿਨ ਇਹ ਡਾਇਰੀ ਪੜ੍ਹ ਕੇ ਇਉਂ ਲਗਦਾ ਹੈ ਜਿਵੇਂ ਉਹਨੂੰ ਸ਼ਰਧਾਂਜਲੀ ਦੇ ਰਿਹਾ ਹੋਵਾਂ।

ਮੈਂ ਕੁਰਸੀ ਨਾਲ ਪਿੱਠ ਟਿਕਾ ਲਈ ਹੈ। ਕਮਰੇ ਵਿੱਚ ਹਨੇਰੇ ਤੋਂ ਸਿਵਾ ਭਾਵੇਂ ਕੁਝ ਨਹੀਂ, ਪਰ ਫੇਰ ਵੀ ਮੈਨੂੰ ਕਿਸੇ ਦੇ ਸਾਹਾਂ ਦੀ ਸਰਸਰਾਹਟ ਮਹਿਸੂਸ ਹੋ ਰਹੀ ਹੈ। ਉਹੋ ਜਾਣੇ-ਪਹਿਚਾਣੇ ਮਹਿਕਦੇ ਸਾਹ। ਇਸ ਮਹਿਕ ਨੂੰ ਮੈਂ ਸਾਫ ਮਹਿਸੂਸ ਕਰ ਰਿਹਾ ਹਾਂ। ਇਸ ਮਹਿਕ ਨੂੰ ਦੇਰ ਤੱਕ ਬਣਾਈ ਰੱਖਣ ਲਈ ਮੈਂ ਲੰਮੇ ਸਾਹ ਲੈਣ ਲਗਦਾ ਹਾਂ।

# ਸਭ ਕੁਝ ਠੀਕ ਹੈ....?

ਚਾਅ 'ਚ ਖੀਵੀ ਹੁੰਦੀ ਜਾ ਰਹੀ ਗੁੱਡੋ ਦਾ ਧਰਤੀ 'ਤੇ ਪੱਬ ਨੀ ਟਿਕ ਰਿਹਾ ਸੀ.... ਜਿਵੇਂ ਉਸਨੂੰ ਅਜੇ ਵੀ ਸਭ ਕੁਝ ਸੁਪਨੇ ਵਾਂਗ ਲੱਗ ਰਿਹਾ ਸੀ। ਇਉਂ ਈ ਤਾਂ ਹੁੰਦਾ ਹੈ ਜਦੋਂ ਚਾਹੇ ਜਾਂ ਕਿਆਸੇ ਨਾਲੋਂ ਵੀ ਵੱਧ ਪ੍ਰਾਪਤ ਹੋ ਜਾਵੇ।

ਗੁੱਡੋ ਨਾਲ ਇਉਂ ਈ ਤਾਂ ਹੋਇਆ ਸੀ। ਉਹ ਖੁਸ਼ ਕਿਉਂ ਨਾ ਹੁੰਦੀ.....ਰਿਸ਼ਤਾ ਜੁ ਐਨੇ ਵਧੀਆ ਘਰ ਵਿੱਚ ਤੈਅ ਹੋ ਗਿਆ ਸੀ। ਮੁੰਡਾ ਬਾਹਰਲੇ ਦੇਸ਼ 'ਚ ਰਹਿ ਰਿਹਾ ਸੀ। ਨਾਰਵੇ, ਬੜਾ ਠੰਢਾ ਮੁਲਕ ਹੈ, ਗੁੱਡੋ ਨੂੰ ਪਤਾ ਲੱਗਿਆ ਸੀ। ਉਥੇ ਈ ਕੰਮ-ਕਾਰ ਸਾਰਾ, ਪੜ੍ਹਿਆ ਲਿਖਿਆ ਗੁਣਵਾਨ।

ਤੇ ਗੁੱਡੋ ਆਪ......। ਵਿਚਾਰੀ ਸਿੱਧ-ਪੱਧਰੀ ਅਣਭੋਲ ਜਿਹੀ। ਰੰਗ ਬਹੁਤਾ ਗੋਰਾ ਤਾਂ ਨਹੀਂ ਭਾਵੇਂ ਕਾਲਾ ਵੀ ਨੀ ਸੀ। ਪਰ ਐਹੋ ਜਿਹਾ ਵੀ ਨਹੀਂ ਕਿ ਕੋਈ ਪਹਿਲੀ ਨਜ਼ਰੇ ਪਸੰਦ ਕਰ ਲਵੇ। ਨੈਣ-ਨਕਸ਼ ਤਿੱਖੇ, ਲੰਮੇ ਸਿਆਹ ਵਾਲ਼। ਤੂਤ ਦੀ ਲਗਰ ਵਰਗੀ ਅਣਛੂਹੀ ਜਿਹੀ ਗੁੱਡੋ। ਸੱਚਮੁੱਚ ਜਿਵੇਂ ਸਾਂਵਲੀ ਜਿਹੀ ਗੁਡੋ ਹੋਵੇ। ਦਸਵੀਂ ਜਮਾਤ ਤੱਕ ਪੜ੍ਹੀ ਹੋਈ, ਅੱਗੇ ਨੀ ਪੜ੍ਹੀ ਕਿਉਂਕਿ ਪਿੰਡ 'ਚ ਸਕੂਲ ਇਥੋਂ ਤੱਕ ਈ ਸੀ। ਸ਼ਹਿਰ ਬਾਪ ਨੇ ਭੇਜੀ ਨੀ ਪੜ੍ਹਨ ਲਈ। ਇੱਕ ਛੋਟੀ ਭੈਣ ਤੇ ਉਸ ਤੋਂ ਛੋਟਾ ਇੱਕ ਭਰਾ।

ਗੁੱਡੋ ਉਂਝ ਤੇ ਘਰ 'ਚ ਤਿਤਲੀ ਵਾਂਗ ਇਧਰੋਂ-ਉਧਰ ਉਡਦੀ ਫਿਰਦੀ ਰਹਿੰਦੀ, ਮਿਰਗਣੀ ਵਾਂਗ ਦੁੜੰਗੇ ਲਾਉਂਦੀ ਰਹਿੰਦੀ, ਪਰ ਜਦੋਂ ਕਦੇ ਘਰ 'ਚ ਰਿਸ਼ਤੇ ਬਾਰੇ ਗੱਲ ਛਿੜਦੀ ਤਾਂ ਲਾਜਵੰਤੀ ਦੇ ਬੂਟੇ ਵਾਂਗ ਵਿਆਹ ਦਾ ਅਹਿਸਾਸ ਛੂਹਣ ਸਾਰ ਆਪਣੇ-ਆਪ 'ਚ ਈ ਸਿਮਟ ਜਾਂਦੀ। ਸਰੀਰ ਅੰਦਰਲੇ ਖ਼ੂਨ ਦੀ ਸਾਰੀ ਲਾਲੀ ਜਿਵੇਂ ਚਿਹਰੇ 'ਤੇ ਆ ਕੇ ਫੈਲ ਜਾਂਦੀ।

ਏਵੇਂ ਈ ਹੋਇਆ ਜਦੋਂ ਉਹਦੀ ਭੂਆ ਬੰਤੋ ਨੇ ਗੁੱਡੋ ਦੇ ਬਾਪੂ, ਮਾਂ ਤੇ ਦਾਦੀ ਜੀਹਨੂੰ ਉਹ ਬੇਬੇ ਆਖਦੀ ਸੀ, ਨੂੰ ਮੁੰਡੇ ਬਾਰੇ ਆ ਕੇ ਦੱਸਿਆ—

"ਮੁੰਡਾ ਬਾਹਰ ਈ ਪੜ੍ਹਿਐ, ਉਥੇ ਈ ਨੌਕਰੀ ਕਰਦੈ ਹੁਣ। ਪਰ ਵਿਆਹ ਏਧਰਲੀ ਕੁੜੀ ਨਾਲ ਈ ਕਰਾਉਣਾ ਚਾਹੁੰਦੈ। ਹੁਣ ਆ ਰਿਹਾ ਏਧਰ। ਨਾਲ਼ੇ ਮਾਂ-ਬਾਪ ਦੇ ਕਾਗਜ਼ ਤਿਆਰ ਕਰ ਰਿਹੈ। ਇੱਕ ਭੈਣ ਆ ਉਹ ਵੀ ਉਧਰ ਈ ਵਿਆ੍ਹਤੀ।"

ਗੁੱਡੋ ਚੋਰੀ ਜਿਹੇ ਸੁਣ ਰਹੀ ਸੀ। ਉਹਦੀ ਮਾਂ ਚਿੰਤਾ 'ਚ ਸੀ—

"ਫੇਰ ਤਾਂ ਕੁੜੀ ਵੀ ਆਪਣੀ ਉਥੇ ਚਲੀ ਜਾਊ। ਬੇਗਾਨੇ ਮੁਲਕ 'ਚ ਜਦੋਂ ਕੋਈ ਆਵਦਾ ਨਾ ਦਿਸਿਆ ਤਾਂ ਗੁੱਡੋ ਤਾਂ ਉਈਂ ਕੁਮਲ਼ਾ ਜੂ। ਜਾਨ ਸੂਤੀ ਜਾਊ ਉਹਦੀ। ਏਥੇ ਤਾਂ

ਮੇਰੇ ਬਿਨਾਂ ਬਿੰਦ ਨੀ ਰਹਿੰਦੀ।"

ਬੰਤੋ ਨੇ ਦਲੀਲ ਦਿੱਤੀ ਸੀ—

"ਓ ਭਾਬੀ, ਤੂੰ ਤਾਂ ਐਵੇਂ ਝੋਰਾ ਲਾ ਕੇ ਬਹਿਗੀ। ਪਿਛਲਿਆਂ ਦੀ ਜ਼ਿੰਦਗੀ ਬਾਰੇ ਸੋਚ। ਕੀ ਪਤਾ ਥੋਨੂੰ ਸਾਰਿਆਂ ਨੂੰ ਉਥੇ ਬੁਲਾ ਲਏ। ਸਾਰਿਆਂ ਦੇ ਰੋਣੇ ਧੋਣੇ ਧੋ ਦੂ।"

ਗੁੱਡੋ ਦਾ ਬਾਪੂ ਕਰਤਾਰਾ ਵੀ ਬੋਲ ਪਿਆ—

"ਬੰਤੋ ਆਪਾਂ ਨੂੰ ਕੀ ਪਤੈ ਬਈ ਮੁੰਡਾ ਮੰਨ ਈ ਜਾਊ। ਉਹਨੇ ਕਿਹੜਾ ਗੁੱਡੋ ਨੂੰ ਵੇਖਿਐ ਅਜੇ। ਨਾਲ਼ੇ ਇਹਨਾਂ ਬਾਹਰਲਿਆਂ ਦੀਆਂ ਮੰਗਾਂ ਵੀ ਐਡੀਆਂ ਹੁੰਦੀਆਂ ਨੇ, ਤੇ ਸਾਡੀ ਹਾਲਤ ਤੈਥੋਂ ਲੁਕੀ ਨੀ ਕੋਈ। ਛੋਟੀ ਦਾ ਵੀ ਕਰਨੈ।"

"ਵੀਰੇ, ਤੂੰ ਇਹਨਾਂ ਗੱਲਾਂ ਦਾ ਫਿਕਰ ਨਾ ਕਰ, ਉਹ ਮੇਰੇ ਜਿੰਮੇ ਆ। ਮੇਰੇ ਨਣਦੋਈਏ ਦੀ ਮਾਸੀ ਓ ਆ ਮੁੰਡੇ ਦੀ ਮਾਂ।"

ਗੁੱਡੋ ਕਦੇ ਸੋਚਦੀ ਕਿ ਆਪਣੀ ਸਹੇਲੀ ਪ੍ਰੀਤੋ ਨਾਲ ਸਾਂਝਾ ਕਰੇ ਸਭ ਕੁਝ। ਫੇਰ ਸੋਚਦੀ ਕਿ ਅਜੇ ਕੀ ਫਾਇਦਾ ਦੱਸਣ ਦਾ, ਅਜੇ ਤਾਂ ਗੱਲ ਤੁਰੀ ਐ, ਕਿਸੇ ਬੰਨੇ ਤਾਂ ਲੱਗੇ। ਪਹਿਲਾਂ ਵੀ ਇੱਕ ਦੋ ਰਿਸ਼ਤੇ ਏਵੇਂ ਈ ਆਏ ਗਏ ਹੋ ਗਏ ਸੀ।

ਗੁੱਡੋ ਦੀ ਮਾਂ ਇੱਕ ਰਾਤ ਕਰਤਾਰੇ ਨੂੰ ਕਹਿਣ ਲੱਗੀ—

"ਵੇਖ ਗੁੱਡੋ ਦੇ ਬਾਪੂ, ਵੇਖ-ਪਰਖ ਕੇ ਈ ਕਰੀਂ ਜੋ ਕੁਸ਼ ਕਰਨੈ....ਗੁੱਡੋ ਆਪਣੀ ਆਂਦਰ ਦਾ ਟੋਟਾ ਕੋਈ ਡੰਗਰ ਪਸ਼ੂ ਨੀ ਜਿਹੜਾ ਐਵੇਂ ਮੜ੍ਹ ਦਿਓ ਫੈਦਾ ਵੇਖਕੇ।"

"ਓ ਤੂੰ ਐਵੇਂ ਨਾ ਘਾਬਰ, ਮੈਂ ਵੀ ਬਾਪ ਆਂ....... ਨਾਲ਼ੇ ਬੰਤੋ ਵਿੱਚ ਆ, ਫੇਰ ਆਪਾਂ ਨੂੰ ਕਾਹਦਾ ਫ਼ਿਕਰ।"

ਕਹਿ ਕੇ ਉਹ ਆਪਣੇ ਵੱਲੋਂ ਸੁਰਖਰੂ ਹੋਕੇ ਪੈ ਗਏ। ਕਰਤਾਰਾ ਸੋਚਣ ਲੱਗਿਆ ਕਿ ਵਾਹਿਗੁਰੂ ਦੀ ਮਿਹਰ ਹੋ ਜਾਵੇ ਤਾਂ ਇਹ ਰਿਸ਼ਤਾ ਸਿਰੇ ਚੜ੍ਹ ਜਾਵੇ। ਫੇਰ ਤਾਂ ਗੁੱਡੋ ਸਾਰੇ ਟੱਬਰ ਦੇ ਵਾਰੇ-ਨਿਆਰੇ ਕਰ ਦਿਊ। ਇੱਛਾਵਾਂ ਨੂੰ ਦੱਬ-ਘੁੱਟ ਕੇ ਜਿਉਣਾ ਉਹਨੂੰ ਜਿਵੇਂ ਜਿਉਣਾ ਨੀ ਜਾਪ ਰਿਹਾ ਸੀ।

ਤੀਜੇ ਦਿਨ ਬੰਤੋ ਫੇਰ ਆ ਗਈ। ਉਸਨੇ ਦੱਸਿਆ ਕਿ ਮੁੰਡੇ ਵਾਲੇ ਬਾਹਰੋਂ ਆ ਗਏ ਸਨ। ਪਰਿਵਾਰ ਬਾਰੇ ਪ੍ਰਸੰਸਾ ਦੇ ਬੜੇ ਪੁਲ ਬੰਨ੍ਹੇ। ਮੁੰਡੇ ਦੀਆਂ ਗੱਲਾਂ ਤਾਂ ਕਰਨੋਂ ਹਟਦੀ ਓ ਨਹੀਂ ਸੀ। ਕਰਤਾਰੇ ਨੇ ਫੇਰ ਵੀ ਪੁੱਛਿਆ—

"ਬੰਤੋ ਉਹ ਤਾਂ ਠੀਕ ਐ ਪਰ ਕੋਈ ਮੰਗ-ਮੁੰਗ ਤਾਂ ਦੱਸੀ ਹੋਊ....!"

"ਵੀਰੇ, ਦਾਜ-ਦਹੇਜ ਦੀ ਤਾਂ ਚਿੰਤਾ ਛੱਡਦੇ, ਉਹਨਾਂ ਨੂੰ ਤਾਂ ਕੁੜੀ ਚਾਹੀਦੀ ਐ। ਮੈਂ ਆਪਣੇ ਬਾਰੇ ਗੱਲਾਂ ਈ ਇਉਂ ਕੀਤੀਆਂ ਕਿ ਮੁੰਡੇ ਦੀ ਮਾਂ ਨੂੰ ਤਾਂ ਚਾਅ ਚੜ੍ਹ ਗਿਆ, ਰੱਬ ਦਾ ਦਿਤਾ ਸਭ ਕੁਸ਼ ਐ ਉਹਨਾਂ ਕੋਲ਼।" ਬੰਤੋ ਚਾਅ 'ਚ ਗੁੰਨ੍ਹੀ ਪਈ ਸੀ ਜਿਵੇਂ। ਕਰਤਾਰਾ ਬੋਲਿਆ—

"ਪਰ ਉਹ ਏਥੇ ਆਉਣ ਨੂੰ ਕਦੋਂ ਕਹਿੰਦੇ ਨੇ?"

"ਬਸ, ਇੱਕ ਮਹੀਨੇ ਦੇ ਅੰਦਰ-ਅੰਦਰ ਨਬੇੜਨਾ ਉਹਨਾਂ ਨੇ ਸਭ-ਕੁਸ਼। ਕਾਹਲ਼ ਐ ਉਹਨਾਂ ਨੂੰ। ਵੀਰੇ, ਉਹਨਾਂ ਦੀ ਮੰਗ ਤਾਂ ਕੋਈ ਨੀ ਪਰ ਇੱਕ ਸ਼ਰਤ ਐ.....।" ਬੰਤੋ ਨੇ ਕਿਹਾ।

"ਉਹ ਕੀ ਭਲਾ?" ਕਰਤਾਰਾ ਤੇ ਧੰਨ ਕੌਰ, ਗੁੱਡੋ ਦੀ ਮਾਂ, ਤ੍ਰਬਕੇ ਜਿਵੇਂ।

"ਵੀਰੇ ਐਡੀ ਕੋਈ ਡਾਹਢੀ ਗੱਲ ਨੀ। ਇਹ ਬਾਹਰਲੇ ਮੁਲਕਾਂ ਦੇ ਪੜ੍ਹੇ ਮੁੰਡੇ ਦਾਜ-ਦਹੇਜ ਨਾਲੋਂ ਸਿਹਤ ਦਾ ਧਿਆਨ ਵੱਧ ਰਖਦੇ ਨੇ। ਮੁੰਡੇ ਦਾ ਕਹਿਣਾ ਬਈ ਕੁੜੀ ਦਾ ਸਿਹਤ ਵੱਲੋਂ ਚੰਗੀ-ਭਲੀ ਹੋਣਾ ਜ਼ਰੂਰੀ ਐ। ਅੱਜ ਕੱਲ ਉਪਰੋਂ ਦੇਹਾਂ ਤੰਦਰੁਸਤ ਲਗਦੀਆਂ ਨੇ ਪਰ ਅੰਦਰੋਂ ਸੌ ਰੋਗ ਹੁੰਦੇ ਨੇ। ਏਸੇ ਲਈ ਉਹਨਾਂ ਦਾ ਇਹ ਕਹਿਣਾ ਪਈ ਕੁੜੀ ਦੇ ਕੁਸ਼ ਟੈਸਟ ਕਰਵਾਉਣੇ ਨੇ ਖ਼ੂਨ ਤੇ ਪਿਸ਼ਾਬ ਦੇ" ਬੰਤੋ ਸਮਝਾ ਰਹੀ ਸੀ।

"ਆਹ ਕੀ ਗੱਲ ਹੋਈ ਭਲਾ। ਟੈਸਟ ਕਾਹਦੇ ਵਾਸਤੇ? ਸਾਡੀ ਕੁੜੀ 'ਚ ਕੋਈ ਕਜ ਆ ਭਲਾ?" ਦੋਵੇਂ ਬੋਲ ਪਏ ਸੀ।

"ਤਾਂ ਹੀ ਤਾਂ ਮੈਂ ਕਹਿਨੀਂ ਆਂ। ਜਦੋਂ ਆਪਣੀ ਗੁੱਡੋ ਠੀਕ-ਠਾਕ ਆ ਤਾਂ ਭਲਾ ਆਪਾਂ ਨੂੰ ਉਹਨਾਂ ਦੀ ਗੱਲ ਮੰਨਣ 'ਚ ਕਾਹਦਾ ਡਰ, ਕਰਾ ਲੈਣ ਦਿਓ ਟੈਸਟ ਉਹਨਾਂ ਨੂੰ.....।"

"ਪਰ ਫੇਰ ਵੀ ਬੰਤੋ.....।" ਕਰਤਾਰਾ ਜਿਵੇਂ ਪਰੇਸ਼ਾਨ ਹੋ ਗਿਆ।

"ਓ ਵੀਰੇ, ਉਹਨਾਂ ਨੂੰ ਕਿਹੜਾ ਬੋਤਲ ਖ਼ੂਨ ਦੀ ਚਾਹੀਦੀ ਆ, ਇੱਕ ਸ਼ੀਸ਼ੀ 'ਚ ਪੈ ਜਾਂਦਾ ਮਾੜਾ ਜਿਹਾ। ਇੱਕ ਵਾਰ ਟੈਸਟ ਠੀਕ ਹੋ ਜਾਣ ਫੇਰ ਆਪਾਂ ਨੂੰ ਕੋਈ ਫਿਕਰ ਨੀ। ਉਹਨਾਂ ਨੇ ਸ਼ਹਿਰ 'ਚ ਡਾਕਟਰ ਨਾਲ ਗੱਲ ਕੀਤੀ ਹੋਈ ਆ ਆਪਾਂ ਗੁੱਡੋ ਨੂੰ ਲੈ ਚਲਾਂਗੇ।" ਬੰਤੋ ਨੇ ਸਮਝਾ ਦਿੱਤਾ।

ਦਾਜ-ਦਹੇਜ ਨਾ ਲੈਣ ਕਰਕੇ ਤਾਂ ਉਹਨਾਂ ਦਾ ਮਨ ਹੌਲ਼ਾ ਹੋ ਗਿਆ ਪਰ ਟੈਸਟਾਂ ਨੇ ਉਹਨਾਂ ਨੂੰ ਕੁਝ ਪਰੇਸ਼ਾਨ ਕਰ ਦਿੱਤਾ। ਫੇਰ ਆਪ ਈ ਸੋਚਣ ਲੱਗੇ ਚੱਲੋ ਬੰਤੋ ਵਿੱਚ ਐ।

ਟੈਸਟ ਕਰਨੇ ਦੇਣ ਤੋਂ ਬਾਦ ਗੁੱਡੋ ਦੇ ਮਨ 'ਚ ਉਭੱਲ ਚਿੱਤੀ ਜਿਹੀ ਲੱਗ ਗਈ ਸੀ। ਕੀ ਪਤਾ ਟੈਸਟਾਂ 'ਚ ਕੀ ਆਵੇ? ਇਹ ਰਿਸ਼ਤਾ ਸਿਰੇ ਚੜ੍ਹੂ ਕਿ ਨਹੀਂ? ਜੇ ਚੜ੍ਹ ਗਿਆ ਤਾਂ ਕੀ ਉਹ ਬੇਗਾਨੇ ਮੁਲਕ 'ਚ ਮਾਪਿਆਂ ਤੋਂ ਦੂਰ ਰਹਿ ਸਕੂ? ਇਹਨਾਂ ਸੋਚਾਂ ਨੇ ਜਿਵੇਂ ਉਹਨੂੰ ਜਕੜ ਲਿਆ ਆਪਣੇ ਵਿੱਚ। ਫੇਰ ਹਾਰ ਕੇ ਉਹ ਲੇਖਾਂ ਦੇ ਆਸਰੇ ਛੱਡ ਕੇ ਜਿਵੇਂ ਸੁਰਖਰੂ ਕਰ ਲੈਂਦੀ ਆਪ ਨੂੰ।

ਪੰਜਵੇਂ ਦਿਨ ਬੰਤੋ ਫੇਰ ਆਈ ਤਾਂ ਖੁਸ਼ੀ ਸਾਂਭੀ ਨੀ ਜਾਂਦੀ ਸੀ ਜਿਵੇਂ ਉਸ ਕੋਲੋਂ—

"ਵੀਰੇ, ਸ਼ੁਕਰ ਐ ਰੱਬ ਦਾ ਸਭ ਕੁਸ਼ ਠੀਕ-ਠਾਕ ਹੋ ਗਿਐ। ਉਹ ਬੜੇ ਖੁਸ਼ ਨੇ। ਬਸ ਕੱਲ੍ਹ ਨੂੰ ਆ ਰਹੇ ਨੇ ਵੇਖਣ।"

"ਕੱਲ੍ਹ ਨੂੰ? ਐਡੀ ਛੇਤੀ ਭਲਾ ਤਿਆਰੀ ਕਿਮੇਂ ਹੋਊ?" ਧੰਨ ਕੌਰ ਫਿਕਰਾਂ 'ਚ ਪੈ ਗਈ।

"ਤਿਆਰੀ ਭਲਾ ਕਾਹਦੀ ਕਰਨੀ ਐ? ਅੱਜ ਸ਼ਹਿਰ ਜਾ ਕੇ ਖਾਣ-ਪੀਣ ਦਾ ਸਾਮਾਨ ਲੈ ਆਉਨੈਂ ਆਂ, ਨਾਲ਼ੇ ਅਜੇ ਤਾਂ ਵੇਖਣ ਆਉਣੈ।" ਬੰਤੋ ਨੇ ਕਿਹਾ।

ਗੁੱਡੋ ਨੂੰ ਤਾਂ ਜਿਵੇਂ ਕੁਝ ਸੁਝ ਈ ਨੀ ਸੀ ਰਿਹਾ। ਵਾਰ-ਵਾਰ ਉਹ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਨਿਹਾਰਦੀ। ਸੋਚਦੀ ਕਦੇ ਖੁਸ਼ ਹੁੰਦੀ ਕਦੇ ਫਿਕਰਾਂ 'ਚ ਪੈ ਜਾਂਦੀ—'ਭਲਾ ਜੇ ਨਾ ਪਸੰਦ ਕਰ 'ਤਾ ਫੇਰ'। ਫੇਰ ਆਪ ਈ ਸਿਰ ਝਟਕ ਕੇ ਆਏ ਮਾੜੇ ਖਿਆਲਾਂ ਨੂੰ ਭਜਾ ਦਿੰਦੀ।

ਅਗਲੇ ਦਿਨ ਉਹ ਸਾਰੇ ਆ ਗਏ। ਕਰਤਾਰਾ ਤੇ ਧੰਨ ਕੌਰ ਤਾਂ ਉਹਨਾਂ ਨੂੰ ਚਮਕਦੀ ਗੱਡੀ 'ਚੋਂ ਉਤਰਦਿਆਂ ਵੇਖਕੇ ਜਿਵੇਂ ਡੌਰ-ਭੌਰ ਜਿਹੇ ਹੋ ਗਏ। ਉਹਨਾਂ ਮੂਹਰੇ ਆਪਣਾ-ਆਪ ਜਿਵੇਂ ਉਹਨਾਂ ਨੂੰ ਸੁੰਗੜਦਾ ਜਿਹਾ ਲੱਗਿਆ। ਗੁੱਡੋ ਨੂੰ ਵੇਖਕੇ ਮੁੰਡੇ ਦੀ ਮਾਂ ਬੜੀ ਖੁਸ਼ ਹੋਈ। ਪਰ ਉਹ ਆਪ ਉਹਨਾਂ ਨੂੰ ਵੇਖਕੇ ਜਿਵੇਂ ਕੁਰਸੀ ਵਿੱਚ ਈ ਸਿਮਟ ਗਈ। ਮੁੰਡੇ ਨੂੰ ਤਾਂ ਅੱਖ ਭਰ ਕੇ ਵੇਖ ਈ ਨਾ ਸਕੀ। ਇੱਕ ਵਾਰ ਚੋਰੀ ਜਿਹੇ ਵੇਖਿਆ ਤਾਂ ਮੁੰਡਾ ਜਿਵੇਂ ਉਹਦੇ ਵੱਲ ਈ ਵੇਖ ਰਿਹਾ ਸੀ। ਉਹਦੇ ਵੇਖਣ ਸਾਰ ਉਹਨੇ ਅੱਖ ਦੱਬ ਦਿੱਤੀ। ਗੁੱਡੋ ਦੇ ਚਿਹਰੇ 'ਤੇ ਸਰਘੀ ਵੇਲ਼ੇ ਦੀ ਸੰਧੂਰੀ ਭਾਅ ਮਾਰਦੀ ਲਾਲੀ ਡੁੱਲ੍ਹ ਗਈ ਜਿਵੇਂ। ਧੁਰ ਅੰਦਰ ਤੱਕ ਇੱਕ ਕੰਬਣੀ ਜਿਹੀ ਛਿੜ ਗਈ। ਕਰਤਾਰੇ ਨੂੰ ਪਹਿਲੀ ਨਜ਼ਰ ਮੁੰਡਾ ਕੁਝ ਬਿਮਾਰ ਜਿਹਾ ਲੱਗਿਆ ਪਰ ਫੇਰ ਉਹ ਆਪ ਈ ਸੋਚ ਕੇ ਨਿਸ਼ਚਿਤ ਹੋ ਗਿਆ ਕਿ ਹਵਾ ਪਾਣੀ ਬਦਲਣ ਕਰਕੇ ਹੋਊ

ਪੱਕ-ਠੱਕ ਹੋ ਗਈ। ਮੁੰਡੇ ਵਾਲਿਆਂ ਨੇ ਗੁੱਡੋ ਨੂੰ ਸ਼ਗਨ 'ਚ ਗਿਆਰਾਂ ਸੌ ਰੁਪਏ ਤੇ ਸੂਟ ਦਿੱਤਾ। ਹਫ਼ਤੇ ਤੱਕ ਈ ਚੁੰਨੀ ਚੜ੍ਹਾਉਣ ਦਾ ਕਰਾਰ ਕਰ ਲਿਆ ਗਿਆ। ਗੁੱਡੋ ਤਾਂ ਜਿਵੇਂ ਬੌਰੀ ਜਿਹੀ ਹੋ ਗਈ। ਉਹਨੇ ਕਦੇ ਐਨੇ ਬਾਰੇ ਤਾਂ ਆਸ ਵੀ ਨੀ ਕੀਤੀ ਸੀ। ਉਹ ਤਾਂ ਇਹ ਸੋਚ-ਸੋਚ ਕੇ ਝੋਰਾ ਲਾ ਬੈਠਦੀ ਸੀ ਕਿ ਉਹਨੂੰ ਕੋਈ ਪਸੰਦ ਵੀ ਕਰ ਲਊ ਜਾਂ ਐਰੇ-ਗੈਰੇ ਦੇ ਲੜ ਲਾਉਣੀ ਪਊ।

ਗੁੱਡੋ ਇਹਨਾਂ ਖਿਆਲਾਂ 'ਚ ਈ ਗੁਆਚੀ ਸੀ ਕਿ ਉਹਦੀ ਸਹੇਲੀ ਪ੍ਰੀਤੋ ਨੇ ਉਸਨੂੰ ਪਿਛੋਂ ਆ ਕੇ ਗਲਵਕੜੀ ਪਾ ਲਈ—

"ਨੀ ਮਰ ਜਾਣੀਏ, ਭੂਤਨੀਏ, ਐਨੀ ਵੱਡੀ ਗੱਲ ਮੈਥੋਂ ਲੁਕੋ ਕੇ ਰੱਖੀਂ ਬੈਠੀ ਸੀ।"

"ਨੀ ਅੜੀਏ, ਤੈਥੋਂ ਕਿਵੇਂ ਲੁਕੋ ਸਕਦੀ ਆਂ ਪਰ ਅੱਜ ਦੇ ਦਿਨ ਤੱਕ ਮੈਂ ਤੇ ਸਾਰਾ ਟੱਬਰ ਆਪ ਈ ਦੁਚਿੱਤੀ 'ਚ ਸੀ। ਫੇਰ ਭਲਾ ਤੈਨੂੰ ਮੈਂ ਕੀ ਦਸਦੀ।" ਗੁਡੋ ਬੋਲੀ।

"ਨੀ ਚੰਦਰੀਏ, ਤੂੰ ਤਾਂ ਜਹਾਜ਼ ਚੜ੍ਹ ਜਾਣੈ ਪਰੀਆਂ ਦੇ ਮੁਲਕ 'ਚ। ਤੇਰੇ ਬਿਨਾਂ ਮੇਰਾ ਕੀ ਬਣੂ, ਫੇਰ ਖੌਰੈ ਕਦੋਂ ਮੇਲ ਹੋਣਗੇ।" ਪ੍ਰੀਤੋ ਦੀਆਂ ਅੱਖਾਂ ਨਮ ਹੋ ਗਈਆਂ ਸਨ। ਗੁੱਡੋ ਨੇ ਉਹਨੂੰ ਗਲਵਕੜੀ 'ਚ ਲੈ ਲਿਆ। ਦੋਹਾਂ ਦੇ ਅੰਦਰਲਾ ਗੁਬਾਰ ਫੁੱਟ ਪਿਆ। ਕਿੰਨੀ ਦੇਰ ਰੋਂਦੀਆਂ ਰਹੀਆਂ ਫੇਰ ਸ਼ਾਂਤ ਹੋਈਆਂ ਤਾਂ ਪ੍ਰੀਤੋ ਬੋਲੀ—

"ਗੁੱਡੋ, ਮੈਂ ਤਾਂ ਸੁਣਿਆ ਬੜਾ ਠੰਢਾ ਮੁਲਕ ਐ, ਬਰਫ ਈ ਪਈ ਰਹਿੰਦੀ ਆ। ਚੱਲ ਕੋਈ ਨੀ ਮੈਂ ਆਵਦੇ ਲਈ ਕਰੋਸ਼ੀਏ ਨਾਲ ਸ਼ਾਲ ਬੁਣਿਆ ਸੀ ਇੱਕ, ਉਹ ਮੈਂ ਤੈਨੂੰ ਦੇ ਦਿਊਂ ਆਵਦੀ ਨਿਸ਼ਾਨੀ। ਕਦੇ ਠੰਢ ਲੱਗੂ ਤਾਂ ਲੈ ਲਿਆ ਕਰੀਂ। ਉਹਦੇ 'ਚ ਤੈਨੂੰ ਮੇਰੇ ਮੋਹ ਦਾ ਨਿਘ ਵੀ ਮਿਲੂ।" ਕਿੰਨੀ ਦੇਰ ਤੱਕ ਬੈਠੀਆਂ ਗੱਲਾਂ ਕਰਦੀਆਂ ਰਹੀਆਂ।

ਕਰਤਾਰੇ ਨੂੰ ਵੀ ਸਭ-ਕੁਝ ਸੁਪਨਾ ਜਿਹਾ ਲੱਗ ਰਿਹਾ ਸੀ। ਉਹ ਤਾਂ ਦੋ ਧੀਆਂ ਨੂੰ ਬੜਾ ਬੋਝ ਸਮਝਦਾ ਸੀ। ਪਰ ਏਸ ਰਿਸ਼ਤੇ ਨੇ ਤਾਂ ਜਿਵੇਂ ਉਹਦੇ ਸਾਰੇ ਫਿਕਰ ਧੋ ਦਿੱਤੇ। ਉਹਨੂੰ

ਯਕੀਨ ਹੋਣ ਲੱਗ ਪਿਆ ਕਿ ਧੀਆਂ ਆਪਣੇ ਲੇਖ ਧੁਰੋਂ ਈ ਲਿਖਾ ਕੇ ਲਿਆਉਂਦੀਆਂ ਨੇ। ਉਹ ਤਾਂ ਐਵੇਂ ਗੁੱਡੋ ਦਾ ਫਿਕਰ ਕਰ ਰਿਹਾ ਸੀ।

ਗੁੱਡੋ ਦੀ ਮਾਂ ਧੰਨ ਕੌਰ ਵੀ ਹੌਲ਼ੀ ਫੁੱਲ ਹੋ ਗਈ ਸੀ ਪਰ ਨਾਲ ਈ ਚਿੱਤ ਦੇ ਕਿਸੇ ਕੋਨੇ 'ਚ ਧੀ ਦੇ ਦੂਰ ਜਾਣ ਦਾ ਹੇਰਵਾ ਵੀ ਉਠਦਾ ਸੀ। ਇੱਕ ਦਿਨ ਉਹ ਇਸੇ ਤਰ੍ਹਾਂ ਮੋਹ-ਮਮਤਾ 'ਚ ਭਿੱਜੀ ਹੋਈ ਗੁੱਡੋ ਕੋਲ ਆ ਬੈਠੀ। ਪਤਾ ਨੀ ਕਿਉਂ ਉਹਨੂੰ ਧੀ ਤੇ ਐਨਾ ਪਿਆਰ ਆਇਆ ਕਿ ਉਹਨੂੰ ਕਲਾਵੇ 'ਚ ਲੈ ਕੇ ਰੋਣ ਲੱਗ ਪਈ। ਮਾਂ ਨੂੰ ਵੇਖ ਗੁੱਡੋ ਵੀ ਵਿੱਸ ਪਈ। ਮਾਂ ਨੂੰ ਅਸਲ ਵਿੱਚ ਧੀ ਵੱਲੋਂ ਪਰਿਵਾਰ ਲਈ ਬਾਹਰਲੇ ਮੁਲਕ ਜਾਣਾ ਵੀ ਕਬੂਲ ਕਰ ਲੈਣਾ ਬੜਾ ਵੱਡਾ ਕੰਮ ਲਗਦਾ ਸੀ। ਉਹ ਜਾਣਦੀ ਸੀ ਕਿ ਗੁੱਡੋ ਵੀ ਘਰ ਦੀ ਹਾਲਤ ਨੂੰ ਲੈਕੇ ਚਿੰਤਤ ਰਹਿੰਦੀ ਸੀ। ਬਾਪੂ ਦੇ ਮੋਢਿਆਂ ਦੇ ਭਾਰ ਨੂੰ ਵੰਡਾਉਣ ਲਈ ਹੀ ਉਹ ਦੂਰ ਜਾਣਾ ਵੀ ਮੰਨ ਗਈ ਸੀ। ਧੰਨ ਕੌਰ ਉਹਨੂੰ ਸਮਝਾਉਣ ਲੱਗੀ—

"ਧੀਏ, ਪਤਾ ਨੀ ਅਸੀਂ ਕਿਹੜੇ ਚੰਗੇ ਕਰਮ ਕੀਤੇ ਹੋਣਗੇ ਜੋ ਐਨੀ ਲੈਕ ਧੀ ਮਿਲੀ ਐ ਸਾਨੂੰ। ਬੱਸ ਹੁਣ ਤੂੰ ਸਾਡੀ ਕੁਲ ਦੀ ਲਾਜ ਰੱਖ ਲਵੀਂ। ਸੱਸ-ਸਹੁਰੇ ਦੀ ਜੀਅ-ਜਾਨ ਨਾਲ ਸੇਵਾ ਕਰੀਂ। ਉਹਨਾਂ ਦੀ ਕਿਸੇ ਗੱਲ ਤੇ ਮੱਥੇ ਵੱਟ ਨਾ ਪਾਵੀਂ। ਮਾਪਿਆਂ ਦੀ ਤਾਂ ਏਸੇ 'ਚ ਇਜ਼ਤ ਵਧ ਜਾਂਦੀ ਐ ਜਦੋਂ ਧੀ ਸਹੁਰੇ ਘਰ ਸੇਵਾ, ਸ਼ਰਮ ਤੇ ਧਰਮ ਦਾ ਪਾਲਣ ਕਰੇ। ਆਵਦੇ ਸਿਰ ਦੇ ਸਾਈਂ ਜੀਤ ਦਾ ਖਿਆਲ ਰੱਖਣਾ ਤੇਰਾ ਧਰਮ ਐ। ਆਪਣੇ ਤਾਂ ਕੀੜੀ ਦੇ ਘਰ ਭਗਵਾਨ ਬਣਕੇ ਬਹੁੜੇ ਨੇ ਉਹ। ਪਤੀ ਤਾਂ ਪਰਮੇਸ਼ਰ ਦਾ ਦੂਜਾ ਰੂਪ ਹੁੰਦਾ। ਤੇਰਾ ਬਾਪੂ ਤਾਂ ਜਿਮੇਂ ਫੁੱਲੋਂ ਹੌਲਾ ਹੋਇਆ ਫਿਰਦੈ.....।"

ਹੋਰ ਪਤਾ ਨੀ ਕੀ ਕੁਝ ਸਮਝਾਉਂਦੀ ਰਹੀ ਤੇ ਗੁੱਡੋ ਆਉਣ ਵਾਲੀ ਜ਼ਿੰਦਗੀ ਦੇ ਸੁਨਹਿਰੀ ਸੁਪਨਿਆਂ 'ਚ ਗੁਆਚੀ ਆਪਣੇ ਚਾਵਾਂ ਦੀ ਬੁਣਤੀ ਬੁਣਦੀ ਰਹੀ। ਬਾਪੂ ਦਾ ਬੋਝ ਹੌਲ਼ਾ ਕਰਕੇ ਉਹ ਆਪਣੀਆਂ ਨਜ਼ਰਾਂ 'ਚ ਜਿਵੇਂ ਹੋਰ ਉੱਚੀ ਉੱਠ ਗਈ ਸੀ। ਕਿਉਂਕਿ ਘਰ ਦੇ ਹਾਲਾਤ ਤੋਂ ਉਹ ਅਣਜਾਣ ਨੀ ਸੀ। ਪੰਜ-ਸੱਤ ਵਿੱਘੇ ਜ਼ਮੀਨ ਠੇਕੇ ਤੇ ਲੈ ਕੇ ਖੇਤੀ ਕਰਨ ਨਾਲ ਤਾਂ ਘਰੇ ਦਾਣਾ-ਫੱਕਾ ਈ ਮਸਾਂ ਜੁੜਦਾ ਸੀ। ਨਾਲ ਦੋ-ਚਾਰ ਮੱਝਾਂ ਰੱਖਕੇ ਦੁੱਧ-ਵੇਚਣ ਦਾ ਕੰਮ ਕਰ ਲੈਂਦੇ ਸੀ ਤਾਂ ਘਰ ਦਾ ਗੁਜ਼ਾਰਾ ਚੱਲਦਾ ਸੀ। ਭਰਾ ਤਾਂ ਅਜੇ ਛੋਟਾ ਸੀ ਤੇ ਬਾਪੂ ਉਹਨੂੰ ਪੜ੍ਹਾਉਣਾ ਚਾਹੁੰਦਾ ਸੀ। ਪਰ ਇਹਨਾਂ ਫਿਕਰਾਂ 'ਚ ਉਹਨੂੰ ਕਰਤਾਰਾ ਜਿਵੇਂ ਉਮਰੋਂ ਵੱਧ ਬੁੱਢਾ ਲੱਗਣ ਲੱਗ ਪਿਆ ਸੀ।

* * * * *

ਗੁੱਡੋ ਦੀ ਚੁੰਨੀ ਦੀ ਰਸਮ ਬੜੇ ਸਾਦੇ ਜਿਹੇ ਢੰਗ ਨਾਲ ਹੋ ਗਈ। ਮੁੰਡੇ ਵਾਲਿਆਂ ਦੇ ਨੇੜੇ ਦੇ ਦੋ-ਚਾਰ ਰਿਸ਼ਤੇਦਾਰ ਤੇ ਇਧਰੋਂ ਬੰਤੋ ਤੇ ਪਿੰਡ ਦੀ ਪੰਚਾਇਤ। ਗੁੱਡੋ ਦੀ ਡੋਲੀ ਸੁਪਨਮਈ ਸੰਸਾਰ 'ਚ ਚਲੀ ਗਈ। ਮੁੰਡੇ ਨੇ ਅਜੇ ਪੰਦਰਾਂ ਕੁ ਦਿਨ ਏਥੇ ਹੋਰ ਰਹਿਣਾ ਸੀ, ਕਾਗਜ਼ ਪੱਤਰ ਤਿਆਰ ਕਰਨ ਲਈ। ਮਾਪਿਆਂ ਦੇ ਕਾਗਜ਼ ਤਾਂ ਪ੍ਰਵਾਨ ਹੋ ਗਏ ਸਨ, ਉਹਨਾਂ ਨੇ ਤਾਂ ਨਾਲ਼ ਚੱਲੇ ਈ ਜਾਣਾ ਸੀ। ਫਿਰ ਮਹੀਨੇ ਕੁ ਤੱਕ ਗੁੱਡੋ ਨੂੰ ਵੀ ਬੁਲਾ ਲੈਣਾ ਸੀ। ਜਿੰਨੇ ਦਿਨ ਜੀਤ ਇਥੇ ਰਿਹਾ ਗੁੱਡੋ ਨੇ ਆਪਣੀਆਂ ਸਾਰੀਆਂ ਸੱਧਰਾਂ, ਸਾਰੇ ਚਾਅ, ਉਹਦੇ

ਚਰਨਾਂ 'ਚ ਸੌਂਪ ਦਿੱਤੇ। ਉਹ ਉਹਦੇ ਲਈ ਹੀ ਜਿਉਂ ਰਹੀ ਸੀ ਜਿਵੇਂ। ਉਹਦੇ ਸਾਹਾਂ 'ਚ ਸਾਹ ਲੈਂਦੀ ਉਹ ਆਪਣੇ ਸੁਨਹਿਰੇ ਭਵਿੱਖ ਲਈ ਸੱਧਰਾਂ ਦੇ ਹਾਰ ਪਰੋਂਦੀ ਰਹਿੰਦੀ। ਖ਼ੁਸ਼ੀਆਂ ਦਾ ਜਿਵੇਂ ਹੜ੍ਹ ਆ ਗਿਆ ਸੀ ਉਹਦੇ ਅੰਦਰ। ਚਾਵਾਂ 'ਚ ਨਸ਼ਿਆਉਂਦੀ ਨੂੰ ਪਤਾ ਈ ਨਾ ਲੱਗਿਆ ਕਿ ਕਦੋਂ ਪੰਦਰਾਂ ਦਿਨ ਬੀਤ ਗਏ ਤੇ ਆਖਰ ਉਹ ਦਿਨ ਆ ਗਿਆ ਜਦੋਂ ਦੋ ਰੂਹਾਂ ਨੇ ਵਿਛੜਨਾ ਸੀ।

ਇਹ ਵਿਛੋੜੇ ਦੀ ਘੜੀ ਗੁੱਡੋ ਲਈ ਜਿਵੇਂ ਅਸਹਿ ਸੀ। ਚਿੱਤ ਦੇ ਕਿਸੇ ਕੋਨੇ 'ਚ ਇੱਕ ਡਰ ਜਨਮ ਲੈ ਰਿਹਾ ਸੀ ਜੋ ਅੱਜਕਲ ਵਾਪਰ ਰਿਹਾ ਸੀ। ਬਾਹਰਲੇ ਮੁੰਡੇ ਇਧਰ ਆਉਂਦੇ ਨੇ, ਵਿਆਹ ਕਰਵਾ ਕੇ ਕੁਝ ਦਿਨ ਐਸ਼ ਕਰਦੇ ਨੇ ਮਗਰੋਂ ਨਾਲ ਲਿਜਾਣ ਦਾ ਕਰਾਰ ਕਰਕੇ ਪਹਿਲਾਂ ਆਪ ਚਲੇ ਜਾਂਦੇ ਤੇ ਪਿੱਛੇ ਛੱਡ ਜਾਂਦੇ ਨੇ ਬਿਰਹਨਾਂ ਲਈ ਲੰਮੀ, ਕਦੇ ਨਾ ਮੁੱਕਣ ਲਈ ਉਡੀਕ ਤੇ ਪੱਲੇ ਪਾ ਜਾਂਦੇ ਨੇ ਉਮਰਾਂ ਦਾ ਰੋਣਾ। ਗੁੱਡੋ ਨੇ ਵੀ ਡਰ ਜਤਾਇਆ ਸੀ ਜੀਤ ਅੱਗੇ ਪਰ ਉਹਨੇ ਵਾਅਦਾ ਕੀਤਾ ਸੀ ਕਿ ਉਹ ਅਜਿਹਾ ਨੀ ਕਰੇਗਾ। ਉਹਦੀ ਉਡੀਕ ਐਨੀ ਲੰਮੀ ਨਹੀਂ ਹੋਵੇਗੀ।

ਜੀਤ ਗਿਆ ਤਾਂ ਉਹਦੀ ਉਡੀਕ ਦਾ ਸਮਾਂ ਔਂਸੀਆਂ ਪਾਉਂਦੀ ਦਾ ਕਿਵੇਂ ਲੰਘ ਰਿਹਾ ਸੀ ਇਹ ਸਿਰਫ ਉਹ ਹੀ ਜਾਣ ਸਕਦੀ ਸੀ। ਸਾਰਾ ਟੱਬਰ ਚੱਲਿਆ ਗਿਆ ਸੀ ਤੇ ਇਥੇ ਬਾਬਲ ਦੇ ਘਰ ਬੈਠੀ ਗੁੱਡੋ ਦੀਆਂ ਅੱਖਾਂ ਪਲ-ਪਲ ਬੂਹੇ ਤੇ ਡਾਕੀਏ ਦੀ ਉਡੀਕ ਕਰਦੀਆਂ। ਹਰ ਖੜਾਕ ਤੇ ਉਹਦਾ ਦਿਲ ਜ਼ੋਰ ਦੀ ਧੜਕਦਾ, ਉਹ ਭੱਜ ਕੇ ਜਾਂਦੀ, ਬਿੜਕਾਂ ਲੈਂਦੀ ਪਰ ਉਹਨੂੰ ਦੂਰ ਤੱਕ ਸੁੰਨੀ ਗਲ਼ੀ ਤੋਂ ਬਿਨਾਂ ਹੋਰ ਕੁਝ ਨਾ ਵਿਖਾਈ ਦਿੰਦਾ। ਉਹਦੀਆਂ ਅੱਖਾਂ ਨਮ ਹੋ ਜਾਂਦੀਆਂ।

......ਪਰ ਗੁੱਡੋ ਦਾ ਡਰ ਨਿਰਮੂਲ ਸਿੱਧ ਹੋ ਗਿਆ, ਡੇਢ ਕੁ ਮਹੀਨਾ ਹੋਇਆ ਸੀ ਕਿ ਬਾਹਰੋਂ ਖਬਰ ਆ ਗਈ। ਗੁੱਡੋ ਦੇ ਕਾਗਜ਼ ਪ੍ਰਵਾਨ ਹੋ ਗਏ ਸਨ। ਉਹਦਾ ਸਹੁਰਾ ਆ ਰਿਹਾ ਸੀ ਅਗਲੇ ਹਫ਼ਤੇ ਉਹਨੂੰ ਲੈਣ ਲਈ।

ਮਿਥੇ ਦਿਨ ਗੁੱਡੋ ਜਹਾਜ਼ ਚੜ੍ਹ ਗਈ। ਚਲੀ ਗਈ ਆਪਣੇ ਸੁਪਨਿਆਂ ਦੇ ਲੋਕ ਵਿੱਚ.....ਆਪਣੇ ਸਿਰ ਦੇ ਸਾਈਂ, ਆਪਣੇ ਰਾਜ ਕੁਮਾਰ ਨੂੰ ਮਿਲਣ ਲਈ, ਆਪਣੇ ਚਿਰਾਂ ਤੋਂ ਓਦਰੇ ਚਾਵਾਂ ਨੂੰ ਮਾਣਨ ਲਈ।

ਏਅਰਪੋਰਟ ਤੋਂ ਜਦੋਂ ਘਰ ਪਹੁੰਚੀ ਤਾਂ ਘਰੇ ਕੋਈ ਨਹੀਂ ਸੀ। ਗੁੱਡੋ ਥੋੜਾ ਹੈਰਾਨ ਹੋਈ ਕਿ ਉਹਦੇ ਸੁਆਗਤ ਲਈ ਜੇ ਹੋਰ ਕੋਈ ਨਾ ਹੋਵੇ ਨਾ ਸਹੀ ਘਟੋ-ਘੱਟ ਜੀਤ ਤਾਂ ਹੋਣਾ ਚਾਹੀਦਾ ਸੀ। ਇਸ ਤੋਂ ਪਹਿਲਾਂ ਕਿ ਉਹ ਸਹੁਰੇ ਤੋਂ ਇਸ ਬਾਰੇ ਪੁਛਦੀ ਉਹ ਉਹਦੀ ਹਾਲਤ ਭਾਂਪ ਕੇ ਆਪ ਈ ਬੋਲ ਪਿਆ—

"ਪੁੱਤ, ਮੈਂ ਰਾਹ 'ਚ ਤੈਨੂੰ ਕੁਸ਼ ਨੀ ਦੱਸਿਆ ਸੀ, ਸੋਚਿਆ ਸੀ ਤੂੰ ਐਵੇਂ ਘਬਰਾ ਜਾਵੇਂਗੀ। ਜੀਤ ਬਿਮਾਰ ਐ। ਹਸਪਤਾਲ 'ਚ ਦਾਖਲ ਐ।"

"ਹਸਪਤਾਲ 'ਚ.....? ਪਰ ਕਿਉਂ? ਕੀ ਹੋਇਆ.....?" ਗੁੱਡੋ ਤੋਂ ਜਿਵੇਂ ਗੱਲ ਨੀ ਹੋ

ਰਹੀ ਸੀ। ਕੁਝ ਰੁਕ ਕੇ ਉਹ ਬੋਲੀ—

"ਪਾਪਾ ਜੀ....ਹਸਪਤਾਲ ਈ ਚਲਦੇਂ ਹਾਂ।"

ਹਸਪਤਾਲ ਪੁੱਜੇ ਤਾਂ ਜੀਤ ਦੀ ਮਾਂ, ਭੈਣ ਤੇ ਭਣੋਈਆ ਬਾਹਰ ਬੈਠੇ ਸਨ।

ਗੁੱਡੋ ਸੱਸ ਦੇ ਗਲ਼ ਜਾ ਲੱਗੀ।

"ਕੀ ਹੋਇਆ ਬੀਜੀ....ਇਹਨਾਂ ਨੂੰ?"

"ਕੀ ਦੱਸੀਏ ਧੀਏ,....ਜੀਤ ਦੇ ਦੋਵੇਂ ਗੁਰਦੇ ਖ਼ਰਾਬ ਹੋ ਗਏ ਨੇ। ਮਸ਼ੀਨਾਂ ਦੇ ਸਹਾਰੇ ਪਾਇਆ ਹੋਇਆ ਡਾਕਟਰਾਂ ਨੇ। ਕਹਿੰਦੇ ਨੇ ਛੇਤੀ ਅਪ੍ਰੇਸ਼ਨ ਕਰਨਾ ਪਊ।"

"ਪਰ ਇਹ ਠੀਕ ਤਾਂ ਹੋ ਜਾਣਗੇ ਬੀਜੀ?" ਗੁੱਡੋ ਘਬਰਾਈ ਹੋਈ ਸੀ।

"ਠੀਕ ਤਾਂ ਧੀਏ ਤੂੰ ਹੀ ਕਰ ਸਕਦੀ ਐਂ ਹੁਣ।" ਸੱਸ ਜਿਵੇਂ ਅਸਲ ਗੱਲ ਤੇ ਆ ਗਈ ਸੀ।

"ਮੈਂ? ਭਲਾ ਮੈਂ ਕਿਮੇਂ ਬੀਜੀ?"

"ਤੇਰਾ ਗੁਰਦਾ ਜੀਤ ਨੂੰ ਦਿੱਤਾ ਜਾ ਸਕਦੈ। ਡਾਕਟਰ ਕਹਿੰਦੇ ਨੇ ਬੰਦੇ 'ਚ ਦੋ ਗੁਰਦੇ ਹੁੰਦੇ ਨੇ। ਇੱਕ ਗੁਰਦਾ ਦਾਨ ਕੀਤਾ ਜਾ ਸਕਦੈ। ਇੱਕ ਦੇ ਸਹਾਰੇ ਵੀ ਬੰਦਾ ਜਿਉਂਦਾ ਰਹਿ ਸਕਦਾ। ਸਾਡੇ ਬੁੜ੍ਹਿਆਂ ਦੇ ਗੁਰਦੇ ਇਹਨੂੰ ਕੀ ਕੰਮ ਆਉਣਗੇ। ਤੇਰੇ ਸਾਰੇ ਟੈਸਟ ਠੀਕ ਨੇ....ਤੂੰ ਬਚਾ ਲੈ ਮੇਰੇ ਪੁੱਤ ਨੂੰ। ਹੁਣ ਤੇਰਾ ਵੀ ਇਹ ਪਤੀ ਆ ਆਖਰ।" ਕਹਿਕੇ ਸੱਸ ਰੋਣ ਲੱਗ ਪਈ।

ਉਹ ਰੋ ਰਹੀ ਸੀ ਜਾਂ ਰੋਣ ਦਾ ਨਾਟਕ ਕਰ ਰਹੀ ਸੀ ਇਹ ਤਾਂ ਗੁੱਡੋ ਨੂੰ ਸਮਝ ਨਾ ਆਈ ਪਰ ਉਹਦੇ ਇਹ ਸ਼ਬਦਾਂ ਕਿ "ਟੈਸਟ ਠੀਕ ਨੇ...." ਨੇ ਉਹਨੂੰ ਜਿਵੇਂ ਹੈਰਾਨ ਕਰ ਦਿੱਤਾ ਸੀ। ਉਹ ਸੋਚਣ ਲੱਗੀ 'ਕਿਹੜੇ ਟੈਸਟ? ਕਦੋਂ ਕਰਵਾਏ ਟੈਸਟ? ਹਾਂ....ਉਹ ਟੈਸਟ ਜੋ ਸਿਹਤ ਠੀਕ ਪਰਖਣ ਦੇ ਨਾਂ ਤੇ ਕਰਵਾਏ ਸੀ?.....ਤਾਂ ਕੀ ਇਹ ਸਭ ਗਿਣੀ ਮਿਥੀ ਚਾਲ ਸੀ?' ਗੁੱਡੋ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਆਉਣ ਲੱਗਿਆ।

ਉਸਤੋਂ ਬਾਅਦ ਗੁੱਡੋ ਦੀ ਸੱਸ, ਸਹੁਰਾ, ਡਾਕਟਰ ਕਿੰਨੀ ਦੇਰ ਉਹਨੂੰ ਪਤਾ ਨੀ ਕੀ-ਕੀ ਸਮਝਾਉਂਦੇ ਰਹੇ। ਪਰ ਉਹ ਵਿਚਾਰੀ ਏਸ ਬਗਾਨੇ ਦੇਸ਼ 'ਚ ਕੀਹਨੂੰ ਆਪਣਾ ਹਮਦਰਦ ਸਮਝੇ, ਐਨੀ ਪੜ੍ਹੀ-ਲਿਖੀ ਵੀ ਨਹੀਂ ਕਿ ਕੋਈ ਕਾਨੂੰਨ ਜਾਣਦੀ ਹੋਵੇ। ਮਾਂ-ਬਾਪ ਨੂੰ ਵੀ ਕਿਵੇਂ ਦੱਸੇ ਸਭ ਕੁਝ।

ਫੇਰ ਸੋਚਣ ਲੱਗੀ ਕਿ ਜੇ ਦੱਸ ਵੀ ਦੇਵੇ ਤਾਂ ਕੀ ਹੋਊ। ਬਾਪੂ ਤਾਂ ਐਨਾ ਖੁਸ਼ ਸੀ ਉਹਨੂੰ ਤੋਰਨ ਵੇਲ਼ੇ। ਉਸਤੋਂ ਵੀ ਵੱਧ ਖੁਸ਼ ਸੀ ਕਿ ਇਹਨਾਂ ਨੇ ਛੋਟੀ ਦਾ ਖਰਚ ਵੀ ਓਟ ਲਿਆ ਸੀ, ਪਰ ਉਹ ਇਹਨਾਂ ਦੇ ਧੁਰ ਅੰਦਰ ਝਾਕ ਨੀ ਸਕਿਆ ਸੀ। ਮਾਂ ਦੀਆਂ ਸਿੱਖਿਆਵਾਂ ਵੀ ਉਹਦੇ ਕੰਨੀਂ ਗੂੰਜਣ ਲੱਗੀਆਂ—'ਸੱਸ-ਸਹੁਰੇ ਦੀ ਜੀਅ-ਜਾਨ ਨਾਲ ਸੇਵਾ ਕਰੀਂ......ਪਤੀ ਤਾਂ ਪਰਮੇਸ਼ਰ ਹੁੰਦੈ.....ਉਹਦੇ ਚਰਨਾਂ 'ਚ ਸੁਰਗ ਹੁੰਦੈ.....ਆਹ ਪਰਮੇਸ਼ਰ? ਗੁਰਦੇ ਐਵੇਂ ਤਾਂ ਨੀ ਖਰਾਬ ਹੁੰਦੇ? ਇੱਕ ਦਮ ਵੀ ਨਹੀਂ ਹੁੰਦੇ। ਸ਼ਾਇਦ ਕਿਸੇ ਨਸ਼ੇ ਦੀ ਲਤ? ਉਹ ਐਨੀ ਕਮਲੀ ਵੀ

ਨੀ.....ਪਰ ਹੁਣ ਕੀ ਕਰੇ ਉਹ?'

'ਪਤੀ ਤਾਂ ਪਰਮੇਸ਼ਰ ਹੁੰਦੈ....ਪਰ ਕੀ ਮਾਂ ਲਈ ਪੁੱਤ, ਭੈਣ ਲਈ ਭਰਾ ਕੁਸ਼ ਨੀ ਹੁੰਦਾ? ਇਹਨਾਂ ਸੋਚਾਂ ਨੇ ਉਹਦੇ ਅੰਦਰ ਤਰਥੱਲੀ ਮਚਾ ਦਿੱਤੀ ਜਿਵੇਂ। ਉਹਦੀਆਂ ਅੱਖਾਂ ਅੱਗੇ ਆ ਰਿਹਾ ਹਨੇਰਾ ਗੂੜ੍ਹਾ ਤੇ ਹੋਰ ਗੂੜ੍ਹਾ ਹੁੰਦਾ ਗਿਆ। ਅਗਲੇ ਈ ਪਲ ਉਹ ਬੇਸੁਰਤ ਹੋ ਕੇ ਡਿੱਗਣ ਲੱਗੀ ਤਾਂ ਡਾਕਟਰ ਦੀਆਂ ਬਾਹਾਂ ਨੇ ਬੋਚ ਲਈ। ਡਾਕਟਰ ਦੀਆਂ ਸੱਸ-ਸਹੁਰੇ ਨਾਲ ਅੱਖਾਂ ਮਿਲੀਆਂ, ਇਸ਼ਾਰਾ ਹੋਇਆ ਕਿ 'ਸਭ ਕੁਝ ਠੀਕ ਹੈ'।

ਅਗਲੇ ਈ ਪਲ ਉਹਨੂੰ ਸਟਰੈਚਰ 'ਤੇ ਪਾ ਕੇ ਅਪ੍ਰੇਸ਼ਨ ਥਿਏਟਰ ਵੱਲ ਲਿਜਾਇਆ ਜਾ ਰਿਹਾ ਸੀ।

# ਮੰਥਨ—1

ਸ਼ਰਧਾਲੂਆਂ ਨਾਲ ਭਰੇ ਪੰਡਾਲ ਵਿੱਚ ਸਾਮ੍ਹਣੇ ਸਟੇਜ ’ਤੇ ਕੀਰਤਨ ਮੰਡਲੀ ’ਚ ਉਸਨੂੰ ਬੈਠੀ ਨੂੰ ਵੇਖਕੇ ਮੈਂ ਹੈਰਾਨ ਰਹਿ ਗਿਆ। ਪਹਿਲਾਂ ਤਾਂ ਮੈਨੂੰ ਜਾਪਿਆ ਕਿ ਜਿਵੇਂ ਭੁਲੇਖਾ ਪਿਆ ਹੋਵੇ। ਪਰ ਜਦੋਂ ਨਜ਼ਰਾਂ ਮਿਲਣ ਤੇ ਉਹ ਵੀ ਤ੍ਰਭਕੀ ਤਾਂ ਮੈਨੂੰ ਲੱਗਿਆ ਕਿ ਮੈਂ ਗ਼ਲਤ ਨਹੀਂ ਹਾਂ। ਉਸਤੋਂ ਬਾਦ ਜਿਵੇਂ ਮੈਂ ਕਿਸੇ ਸੰਮੋਹਨ ਵਿੱਚ ਜਕੜਿਆ ਗਿਆ ਹੋਵਾਂ। ਪਤਾ ਹੀ ਨਾ ਲੱਗਿਆ ਕਿ ਕਦੋਂ ਪ੍ਰੋ. ਬਾਤਿਸ਼ ਜਿਸ ਨਾਲ ਮੈਂ ਇਥੇ ਆਇਆ ਸੀ, ਨਾਲ਼ ਵਾਪਸ ਆ ਕੇ ਖਾਲੀ ਸੀਟਾਂ ਤੇ ਬੈਠ ਗਏ।

ਬਾਤਿਸ਼ ਦੇ ਜ਼ਿੱਦ ਕਰਨ ਤੇ ਮੈਂ ਅਣਮੰਨੇ ਜਿਹੇ ਮਨ ਨਾਲ ਆਉਣ ਦੀ ਹਾਮੀ ਭਰੀ ਸੀ, ਵੈਸੇ ਨਿੱਜੀ ਤੌਰ ਤੇ ਅਜਿਹੇ ਧਾਰਮਿਕ ਸਮਾਗਮਾਂ ਵਿੱਚ ਜਾਣ ਦੀ ਮੇਰੀ ਕੋਈ ਰੁਚੀ ਨਹੀਂ। ਬਾਤਿਸ਼ ਨੇ ਗੁਰੂ ਧਾਰੇ ਹੋਏ ਨੇ, ਉਂਞ ਤਾਂ ਉਹਨਾਂ ਦਾ ਆਸ਼ਰਮ ਹਿਮਾਚਲ ਪ੍ਰਦੇਸ਼ ਦੇ ਕਿਸੇ ਪਹਾੜੀ ਸਥਾਨ ’ਤੇ ਹੈ ਪਰ ਇਸ ਸ਼ਹਿਰ ’ਚ ਉਹਨਾਂ ਦਾ ਤਿੰਨ ਰੋਜ਼ਾ ਸਤੰਸਗ ਕਾਰਜਕ੍ਰਮ ਸੀ।

ਪਰ ਸਤਸੰਗ ਵਿੱਚ ਉਹ?....ਪ੍ਰੀਤੀ ਉਹ ਤਾਂ ਕਦੇ ਰੱਬ ਦੀ ਹਸਤੀ ਤੋਂ ਵੀ ਮੁਨਕਰ ਹੁੰਦੀ ਸੀ। ਭਾਵੇਂ ਵਿਗਿਆਨ ਦੀ ਸਟੂਡੈਂਟ ਤਾਂ ਨਹੀਂ ਸੀ ਪਰ ਵਿਗਿਆਨਕ ਸੁਭਾਅ ਜ਼ਰੂਰ ਰਖਦੀ ਸੀ। ਕਿਸੇ ਤੱਥ ਨੂੰ ਪਰਖੇ ਬਿਨਾ ਪ੍ਰਵਾਨ ਨਹੀਂ ਸੀ ਕਰਦੀ। ਰੱਬ ਨੂੰ ਤਾਂ ਉਹ ਬੰਦੇ ਵੱਲੋਂ ਆਪਣੀਆਂ ਗਲਤੀਆਂ ਅਤੇ ਕਮਜ਼ੋਰੀਆਂ ਛੁਪਾਉਣ ਲਈ ਘੜੀ ਗਈ ਸਭ ਤੋਂ ਉੱਤਮ ਕਾਢ ਮੰਨਦੀ ਸੀ।

ਬਾਤਿਸ਼ ਸ਼ਾਇਦ ਮੈਨੂੰ ਗੁਰੂ, ਗੁਰੂਮਾਤਾ ਅਤੇ ਆਸ਼ਰਮ ਦੀਆਂ ਗੱਲਾਂ ਦੱਸ ਰਿਹਾ ਸੀ। ਪਰ ਮੇਰੇ ਜ਼ਿਹਨ ’ਚ ਤਾਂ ਉਹ ਘੁੰਮ ਰਹੀ ਹੈ। ਕੁਝ ਉਸਦੀਆਂ ਸੋਚਾਂ ਕੁਝ ਬਾਤਿਸ਼ ਦੀਆਂ ਗੱਲਾਂ, ਜ਼ਿਹਨ ’ਚ ਜਿਵੇਂ ਰਲ਼ਗੱਡ ਹੋ ਰਹੀਆਂ ਨੇ।

ਪ੍ਰੀਤੀ.....ਦੂਰ ਦੇ ਰਿਸ਼ਤੇ ਤੋਂ ਮੇਰੀ ਭੈਣ ਲਗਦੀ ਸੀ। ਪਰ ਰਿਸ਼ਤਾ ਦੂਰ ਦਾ ਕੀ, ਨੇੜੇ ਦਾ ਕੀ.....ਰਿਸ਼ਤਾ ਤਾਂ ਮੰਨਣ ਦਾ ਹੁੰਦੈ। ਜਿੱਥੇ ਦਿਲ ਮਿਲੇ ਵਿਚਾਰ ਮਿਲ ਜਾਣ, ਸੁਭਾਅ ਮੇਲ ਖਾ ਜਾਵੇ, ਉਹੀ ਰਿਸ਼ਤਾ ਗੂੜ੍ਹਾ ਹੋ ਨਿਬੜਦੈ। ਉਥੇ ਇਹ ਤਰਕ ਬਹੁਤਾ ਮਾਅਨੇ ਨੀ ਰੱਖਦਾ ਕਿ ਇਸ ਰਿਸ਼ਤੇ ਦੀ ਬਣਤਰ ਕਿਵੇਂ ਹੈ?

ਵਿਚਾਰ ਤਾਂ ਬਹੁਤ ਮਿਲਦੇ ਸਨ ਸਾਡੇ। ਮੈਂ ਫਿਲਾਸਫੀ ਦਾ ਸਟੂਡੈਂਟ ਸੀ, ਉਹ ਸਿੱਧੇ ਤੌਰ ਤੇ ਫਿਲਾਸਫੀ ਨਹੀਂ ਸੀ ਪੜ੍ਹਦੀ ਪਰ ਸੁਭਾਅ ਤੋਂ ਜ਼ਰੂਰ ਫਿਲਾਸਫੀਕਲ ਸੀ। ਉਸਦੇ ਵੱਡੇ

ਭੈਣ ਭਰਾ ਭਾਵੇਂ ਮਤਰੇਏ ਸਨ ਪਰ ਚਲੋ ਸਨ ਤਾਂ ਭੈਣ ਭਰਾ ਹੀ। ਉਮਰ 'ਚ ਭਾਵੇਂ ਉਸਤੋਂ ਵੱਡੇ ਸਨ ਪਰ ਇੰਟੈਲੀਜੈਂਸੀ ਵਿੱਚ ਉਸਦੇ ਸਾਹਵੇਂ ਨਿਗੂਣੇ ਜਾਪਦੇ।

ਹੁਣ ਮੈਨੂੰ ਪ੍ਰੀਤੀ ਵਿਖਾਈ ਦੇਣ ਨਾਲ ਪ੍ਰੀਤੀ ਦੀ ਮਾਂ ਜਿਸਨੂੰ ਮੈਂ ਮਾਸੀ ਆਖਦਾ ਸੀ ਉਹ ਵੀ ਯਾਦ ਆ ਰਹੀ ਹੈ। ਬੜੇ ਦੁੱਖ ਵੇਖੇ ਨੇ ਮਾਸੀ ਨੇ ਜ਼ਿੰਦਗੀ 'ਚ। ਸੁਖੀ ਤਾਂ ਪ੍ਰੀਤੀ ਵੀ ਨਹੀਂ ਸੀ, ਮਤਰੇਏ ਬਾਪ ਤੇ ਭੈਣ-ਭਰਾਵਾਂ ਵਿੱਚ ਹੀ ਉਹਨੇ ਸੁਰਤ ਸੰਭਾਲੀ, ਉਦੋਂ ਤਾਂ ਤਿੰਨ ਕੁ ਸਾਲ ਦੀ ਹੀ ਸੀ ਜਦੋਂ ਸਕਾ ਬਾਪ ਮੁੱਕ ਗਿਆ। ਛੇ-ਸੱਤ ਮਹੀਨਿਆਂ ਬਾਅਦ ਹੀ ਮਾਸੀ ਨੂੰ ਇਸ ਘਰ 'ਚ ਵਿਆਹ ਦਿੱਤਾ ਗਿਆ।

ਕਦੇ-ਕਦੇ ਪ੍ਰੀਤੀ ਦੀ ਸ਼ਖਸੀਅਤ ਮੈਨੂੰ ਬੜੀ ਰਹੱਸਮਈ ਲਗਦੀ! ਉਹ ਮੇਰੇ ਨਾਲ ਵਿਚਾਰ-ਵਟਾਂਦਰਾ ਕਰਨ ਲਈ ਬੜੇ ਗੂੜ੍ਹ ਵਿਸ਼ੇ ਚੁਣਦੀ। ਕਦੇ ਕੁਦਰਤ ਬਾਰੇ, ਕਦੇ ਰੱਬ ਬਾਰੇ, ਕਦੇ ਮੌਤ ਦੇ ਰਹੱਸਾਂ ਬਾਰੇ ਤੇ ਕਦੇ ਜ਼ਿੰਦਗੀ ਦੇ ਫਲਸਫੇ ਅਤੇ ਹਕੀਕਤ ਬਾਰੇ। ਮੇਰੇ ਨਾਲ ਐਨੀ ਨੇੜਤਾ ਉਹ ਕਿਉਂ ਰਖਦੀ ਸੀ ਕਦੇ-ਕਦੇ ਸੋਚਕੇ ਮੈਨੂੰ ਡਰ ਆਉਂਦਾ। ਉਸਦਾ ਮਤਰੇਆ ਬਾਪ ਭਾਵੇਂ ਮੇਰਾ ਮਾਸੜ ਸੀ, ਪਰ ਮਾਸੀ ਵੀ ਤਾਂ ਸਕੀ ਨਹੀਂ ਸੀ। ਮੇਰੀ ਮਾਂ ਦੀ ਭੂਆ ਦੀ ਕੁੜੀ ਸੀ। ਪਰ ਫੇਰ ਵੀ ਰਿਸ਼ਤਾ ਤਾਂ ਮੰਨਣ ਨਾਲ ਐ। ਫਿਰ ਦੂਰ ਕੀ ਤੇ ਨੇੜੇ ਕੀ। ਮਾਸੀ ਲਈ ਤਾਂ ਮੈਂ ਸਹਾਰਾ ਈ ਸੀ ਇੱਕ ਕਿਸਮ ਦਾ।

....ਤੇ ਪ੍ਰੀਤੀ ਲਈ ਤਾਂ ਉਸਤੋਂ ਵੀ ਵਧ ਕੇ। ਭੈਣ-ਭਰਾਵਾਂ ਨਾਲ ਉਹਦੀ ਉੱਕਾ ਨਾ ਬਣਦੀ। ਜਦੋਂ ਮੈਂ ਜਾਂਦਾ ਤਾਂ ਦੇਰ ਰਾਤ ਤੱਕ ਬੈਠੀ ਰਹਿੰਦੀ। ਅਸੀਂ ਗੱਲਾਂ ਕਰਦੇ ਰਹਿੰਦੇ। ਜਦੋਂ ਮੈਂ ਆਉਣਾ ਹੁੰਦਾ ਤਾਂ ਉਸਦੀਆਂ ਅੱਖਾਂ 'ਚ ਉਦਰੇਵਾਂ ਜਿਹਾ ਆ ਜਾਂਦਾ।

ਜਦੋਂ ਉਥੋਂ ਮੈਂ ਆਉਂਦਾ ਤਾਂ ਮੈਨੂੰ ਵੀ ਲਗਦਾ ਜਿਵੇਂ ਮੈਂ ਸਾਰੇ ਦਾ ਸਾਰਾ ਉਥੋਂ ਨਾ ਆਉਂਦਾ। ਜਿਵੇਂ ਸੀ ਕੁਝ ਜੋ ਉਥੇ ਛੁੱਟ ਜਾਂਦਾ। ਸ਼ਾਇਦ ਮੈਂ ਇਕਲੌਤਾ ਸੀ, ਘਰ 'ਚ ਭੈਣ-ਭਰਾ ਕੋਈ ਹੋਰ ਨਹੀਂ ਸੀ। ਪਰ ਹੁਣ ਵੀ ਕਿਉਂ ਲੱਗਦੈ ਕਿ ਜਿਵੇਂ ਪੂਰੇ ਦਾ ਪੂਰਾ ਮੈਂ ਇਥੇ ਨਾ ਬੈਠਾ ਹੋਵਾਂ। ਕੁਝ ਹਿੱਸਾ ਜਿਵੇਂ ਸਟੇਜ ਤੇ ਪਿਆ।

ਪੰਜਾਂ ਸਾਲਾਂ ਦਾ ਸਮਾਂ ਕਾਫ਼ੀ ਹੋ ਜਾਂਦੈ ਵਿੱਛੜਿਆਂ ਨੂੰ। ਮਾਸੜ ਦਾ ਫੋਨ ਆਇਆ ਸੀ ਮੇਰੇ ਕੋਲ ਕਿ ਪ੍ਰੀਤੀ ਭੱਜ ਗਈ ਹੈ ਘਰੋਂ। ਕਿਵੇਂ ਭੱਜੀ, ਕਿਉਂ ਭੱਜੀ ਉਸ ਕੋਲ ਕੋਈ ਜਵਾਬ ਨਹੀਂ ਸੀ ਕਿਉਂਕਿ ਕੋਈ ਗੱਲ ਈ ਨਹੀਂ ਹੋਈ, ਉਸਨੇ ਦੱਸਿਆ ਸੀ। ਉਸਨੇ ਐਨਾਂ ਜ਼ਰੂਰ ਕਿਹਾ ਸੀ ਕਿ ਪਰੇਸ਼ਾਨ ਜਿਹੀ ਰਹਿੰਦੀ ਸੀ। ਉਂਝ ਤਾਂ ਨੌਕਰੀ ਕਰਨ ਲੱਗ ਪਈ ਸੀ ਪ੍ਰਾਈਵੇਟ ਸਕੂਲ ਵਿੱਚ, ਸ਼ਾਇਦ ਉਥੇ ਕੋਈ ਗੱਲ ਹੋ ਗਈ ਹੋਵੇ। ਉਹ ਤਾਂ ਟਰੱਕ ਲੈ ਕੇ ਆਇਆ ਸੀ ਦਸਾਂ ਦਿਨਾਂ ਪਿੱਛੋਂ। ਪੰਜ ਸਾਲਾਂ ਵਿੱਚ ਕੋਈ ਥਹੁ-ਪਤਾ ਨਹੀਂ ਸੀ ਲੱਗਿਆ ਮਰ ਗਈ ਸੀ ਕਿ ਜਿਉਂਦੀ ਸੀ।

'ਬੜੀ ਸੰਵੇਦਨਸ਼ੀਲ ਸੀ ਉਦੋਂ ਉਹ' ਮੈਂ ਸੋਚਣ ਲੱਗਿਆ, 'ਹੁਣ ਤਾਂ ਪਤਾ ਨੀ ਹੋਣੀ ਐ ਕਿ ਨਹੀਂ, ਪਰ ਉਦੋਂ ਤਾਂ ਹਰੇਕ ਰਿਸ਼ਤੇ ਨੂੰ ਪੂਰੀ ਤਰ੍ਹਾਂ ਜਿਉਣਾ ਲੋਚਦੀ ਹੁੰਦੀ ਸੀ। ਕਿਸੇ ਰਿਸ਼ਤੇ ਵਿੱਚ ਵਾਧੂ ਦੀ ਫਾਰਮੈਲਿਟੀ ਜਾਂ ਵਿੰਗ-ਵਲੇਵਾਂ ਪਸੰਦ ਨਹੀਂ ਸੀ ਉਸਨੂੰ.....।

ਏਸੇ ਲਈ ਤਾਂ ਕਦੇ-ਕਦੇ ਮਾਂ ਨਾਲ ਲੜ ਪੈਂਦੀ ਸੀ ਕਿ ਉਹ ਉਸਨੂੰ ਓਨਾਂ ਪਿਆਰ ਨਹੀਂ ਸੀ ਕਰਦੀ ਜਿੰਨਾਂ ਇੱਕ ਮਾਂ ਨੂੰ ਧੀ ਨਾਲ ਕਰਨਾ ਚਾਹੀਦਾ। ਮੈਂ ਵੀ ਗਿਆ ਸੀ ਇੱਕ ਵਾਰ ਤਾਂ ਮਾਸੀ ਦੇ ਸੱਦੇ 'ਤੇ ਜਦੋਂ ਰੋਟੀ-ਪਾਣੀ ਛੱਡੀ ਬੈਠੀ ਸੀ। ਮਾਸੀ ਨੇ ਗੱਲ ਤੋਰੀ ਸੀ—

"ਪੁੱਤ ਤੂੰ ਹੀ ਸਮਝਾ ਇਹਨੂੰ। ਪਤਾ ਨੀ ਕੀਨ੍ਹੇ ਪੁੱਠੀ ਪੜ੍ਹਤੀ ਪੜ੍ਹਾ'ਤੀ ਬਈ ਮੈਂ ਏਹਦੇ ਦੂਜੇ ਭੈਣ-ਭਰਾਵਾਂ ਨਾਲੋਂ ਘੱਟ ਪਿਆਰ ਕਰਦੀ ਆਂ ਇਹਨੂੰ।"

"ਫੇਰ ਮੈਨੂੰ ਕਿਹੜਾ ਗਲਤ ਲੱਗਿਆ।" ਪ੍ਰੀਤੀ ਬੋਲੀ ਸੀ।

"ਤੂੰ ਚੁੱਪ ਰਹਿ ਪ੍ਰੀਤੀ।" ਮੈਂ ਟੋਕਿਆ ਸੀ।

"ਪੁੱਤ, ਇਹ ਨੀ ਸਮਝਦੀ ਕਿ ਮੈਂ ਤਾਂ ਦੋ ਹਿੱਸਿਆਂ 'ਚ ਵੰਡੀ ਹੋਈ ਆਂ। ਜੇ ਮੈਂ ਉਹਨਾਂ ਦਾ ਘੱਟ ਕਰਦੀ ਆਂ ਤਾਂ ਉਹ ਸੋਚਣਗੇ ਕਿ ਮੈਂ ਮਤਰੇਅਪੁਣਾ ਕਰਦੀ ਆਂ। ਤੀਮੀਂ ਨੂੰ ਤਾਂ ਸੌ ਕੁਸ਼ ਸੋਚਣਾ ਪੈਂਦੈਂ।"

"ਪਰ ਮਾਸੀ, ਤੈਨੂੰ ਇਹਦੇ ਬਾਰੇ ਵੀ ਸੋਚਣਾ ਚਾਹੀਦੈ। ਇਹਨੂੰ ਵੀ ਤੂੰ ਅਣਗੌਲ਼ਿਆ ਨਾ ਕਰ।" ਕਹਿਕੇ ਮੈਂ ਮਾਸੀ ਨੂੰ ਅੱਖ ਦੱਬੀ। ਫੇਰ ਕਹਿਣ ਲੱਗਿਆ—"ਘਰੇ ਤਾਂ ਤੂੰ ਹੀ ਬਹੁਤਾ ਹੁੰਨੀਂ ਐਂ, ਮਾਸੜ ਤਾਂ ਮਹੀਨਾ-ਮਹੀਨਾ ਬਾਹਰ ਈ ਰਹਿੰਦੈ। ਇਹ ਤੇਰੀ ਧੀ ਐ ਇਹਨੇ ਤਾਂ ਤੈਥੋਂ ਈ ਆਸ ਰੱਖਣੀ ਐ। ਤੂੰ ਸਭ ਦਾ ਬਰਾਬਰ ਕਰ।"

ਐਨੇ 'ਚ ਈ ਖੁਸ਼ ਹੋ ਗਈ ਸੀ ਪ੍ਰੀਤੀ। ਪਰ ਘਰੇ ਜਦੋਂ ਇਕੱਲੀ ਸੀ ਤਾਂ ਮੈਂ ਉਸਨੂੰ ਵੀ ਸਮਝਾਇਆ ਸੀ—

"ਪ੍ਰੀਤੀ, ਮਾਸੀ ਮੂਹਰੇ ਤਾਂ ਮੈਂ ਤੇਰਾ ਪੱਖ ਲੈ ਲਿਆ, ਪਰ ਤੂੰ ਐਨੀਆਂ ਛੋਟੀਆਂ-ਛੋਟੀਆਂ ਗੱਲਾਂ ਤੇ ਇਉਂ ਰਿਐਕਟ ਕਰੇਂਗੀ ਇਹ ਮੈਂ ਘਟੋ-ਘੱਟ ਤੇਰੇ ਤੋਂ ਤਾਂ ਆਸ ਨੀ ਕਰ ਸਕਦਾ। ਮਾਸੀ ਦੀ ਥਾਂ ਤੂੰ ਆਪਣੇ-ਆਪ ਨੂੰ ਰੱਖ ਕੇ ਵੇਖ।"

"ਪਰ ਵੀਰੇ, ਮੈਂ ਕੀ ਕਰਾਂ ਮੈਨੂੰ ਤਾਂ ਜੋ ਰਿਸ਼ਤਾ ਚਾਹੀਦਾ ਉਹ ਪੂਰਾ ਚਾਹੀਦਾ। ਜਦੋਂ ਮੈਂ ਹਰ ਰਿਸ਼ਤੇ ਨੂੰ ਜਨੂੰਨ ਦੀ ਹੱਦ ਤੱਕ ਨਿਭਾਉਂਦੀ ਹਾਂ ਤਾਂ ਦੂਸਰੇ ਤੋਂ ਵੀ ਏਹੋ ਆਸ ਰੱਖਦੀ ਹਾਂ।" ਪ੍ਰੀਤੀ ਨੇ ਆਪਣਾ ਪੱਖ ਪੇਸ਼ ਕੀਤਾ।

ਮੈਂ ਫੇਰ ਸਮਝਾਇਆ ਸੀ—"ਇਥੇ ਹੀ ਤਾਂ ਗਲਤੀ ਕਰ ਦਿੰਨੀ ਏਂ, ਅਗਲੇ ਤੋਂ ਉਨੇ ਦੀ ਆਸ ਨੀ ਰੱਖੀਦੀ। ਰਿਸ਼ਤੇ ਇਉਂ ਨੀ ਨਿਭਦੇ। ਬੱਸ ਆਪਣੇ ਫਰਜ਼ ਨਿਭਾਉਂਦੇ ਜਾਓ। ਪਿਆਰ ਦੇਣ ਦਾ ਨਾਂ ਐ।"

"ਪਰ ਵਿਗਿਆਨ ਤਾਂ ਕਹਿੰਦਾ ਕਿ ਹਰੇਕ ਕਿਰਿਆ ਲਈ ਉਲਟ ਅਤੇ ਬਰਾਬਰ ਪ੍ਰਤੀਕਿਰਿਆ ਹੁੰਦੀ ਹੈ। ਜੇ ਇਹ ਸਿਧਾਂਤ ਸਰਬ-ਪ੍ਰਮਾਣਿਤ ਹੈ ਤਾਂ ਫਿਰ ਰਿਸ਼ਤਿਆਂ ਤੇ ਕਿਉਂ ਨਹੀਂ?"

"ਇਹ ਸਿਧਾਂਤ ਸਰਬ-ਪ੍ਰਮਾਣਿਤ ਹੈ ਪਰ ਸਿਰਫ ਭੌਤਿਕ ਕਿਰਿਆਵਾਂ ਲਈ। ਰਿਸ਼ਤੇ ਸਿਰਫ ਭੌਤਿਕ ਨਹੀਂ ਹੁੰਦੇ ਸਗੋਂ ਆਤਮਿਕ ਅਤੇ ਭਾਵਨਾਤਮਿਕ ਵੱਧ ਹੁੰਦੇ ਹਨ।" ਕੁਝ ਦੇਰ ਰੁਕ ਕੇ ਮੈਂ ਫੇਰ ਕਿਹਾ ਸੀ—"ਨਾਲ਼ੇ ਦੱਸ ਭਲਾ, ਮੇਰੇ ਰਿਸ਼ਤੇ ਵਿੱਚ ਵੀ ਤੈਨੂੰ ਇਹ ਸਿਧਾਂਤ ਸਹੀ ਨੀ ਲੱਗਦਾ?"

ਉਹ ਮੇਰੇ ਨਾਲ ਚਿੰਬੜ ਗਈ ਸੀ—"ਤੁਹਾਡੇ ਰਿਸ਼ਤੇ ਨੇ ਤਾਂ ਮੈਨੂੰ ਐਹੋ ਜਿਹੀ ਬਣਾ'ਤਾ। ਤਾਂ ਹੀ ਤਾਂ ਹਰੇਕ ਰਿਸ਼ਤਾ ਏਹੋ ਜਿਹਾ ਚਾਹੁੰਨੀ ਆਂ।"

ਰਿਸ਼ਤਿਆਂ ਪ੍ਰਤੀ ਬੜੀ ਸੰਵੇਦਨਸ਼ੀਲ ਸੀ। ਉਹ ਇਸ ਲਈ ਕਿ ਉਸ ਦੇ ਸੁਭਾਅ ਵਿੱਚ ਕੋਈ ਛਲਕਪਟ ਜਾਂ ਵਲ਼-ਛਲ ਨਹੀਂ ਸੀ। ਤਾਂ ਹੀ ਤਾਂ ਮੈਂ ਹੈਰਾਨ ਹੋ ਗਿਆ ਸੀ ਇਹ ਸੁਣਕੇ ਕਿ ਉਹ ਭੱਜ ਗਈ ਤੇ ਹੁਣ ਪੰਜ ਸਾਲਾਂ ਪਿੱਛੋਂ ਏਸ ਹਾਲਤ ਵਿੱਚ? ਸੁਰਤ ਭੰਗ ਹੋਈ ਹੈ, ਬਾਤਿਸ਼ ਵੱਲ ਵੇਖਿਆ ਉਹ ਮਗਨ ਐ ਪੂਰਾ ਕੀਰਤਨ 'ਚ। ਅੱਖਾਂ ਬੰਦ ਨੇ ਉਸੇ ਲੈਅ 'ਚ ਹੱਥ ਵੱਜ ਰਹੇ ਨੇ ਹੌਲ਼ੀ-ਹੌਲ਼ੀ। ਪ੍ਰੀਤੀ..........ਉਹ ਵੀ ਮਗਨ ਲੱਗ ਰਹੀ ਹੈ, ਚਿਮਟਾ ਵਜਾ ਰਹੀ ਹੈ।

'ਕੀ ਇਹ ਉਹੀ ਪ੍ਰੀਤੀ ਹੈ? ਆਖਰ ਮੈਨੂੰ ਕਿਉਂ ਨਾ ਦੱਸਣ ਬਾਰੇ ਸੋਚਿਆ ਇਹਨੇ, ਜਦੋਂ ਘਰ ਛੱਡਿਆ ਸੀ! ਮੇਰੇ ਕੋਲ ਕਿਉਂ ਨਹੀਂ ਆਈ। ਪਰ ਹਾਂ ਮੇਰੇ ਕੋਲ ਕਿਉਂ ਆਉਂਦੀ? ਮੇਰੇ ਕੋਲੋਂ ਤਾਂ ਗਈ ਸੀ ਉਦੋਂ ਨਰਾਜ਼ ਹੋ ਕੇ। ਨਰਾਜ਼ ਤਾਂ ਹੋਵੇਗੀ ਹੀ ਭਾਵੇਂ ਬਾਹਰੋਂ ਨਹੀਂ ਜਤਾ ਰਹੀ ਸੀ ਪਰ ਮੈਂ ਵੀ ਕੀ ਕਰਦਾ.....ਮਜਬੂਰ ਸੀ ਮੈਂ ਵੀ ਆਪਣੇ-ਆਪ ਹੱਥੋਂ....ਸਭ ਕੁਝ ਮੇਰੇ ਵੱਸ ਵਿੱਚ ਤਾਂ ਨਹੀਂ ਸੀ। ਇਹ ਮੈਨੂੰ ਦੋਸ਼ੀ ਮੰਨ ਰਹੀ ਸੀ ਭਾਵੇਂ ਮੂੰਹੋਂ ਨਹੀਂ ਆਖਦੀ ਸੀ। ਮੈਂ ਵੀ ਮੰਨਦਾਂ ਕਿ ਮੈਂ ਦੋਸ਼ੀ ਹਾਂ, ਪਰ ਸਾਰਾ ਦੋਸ਼ ਮੇਰਾ ਵੀ ਤਾਂ ਨਹੀਂ। ਲੇਖ ਵੀ ਆਪਣਾ ਹਿੱਸਾ ਪਾ ਦਿੰਦੇ ਨੇ ਜ਼ਿੰਦਗੀ ਵਿੱਚ। ਸਭ ਕੁਝ ਬੰਦੇ ਦੇ ਹੱਥ ਵੱਸ ਨਹੀਂ ਹੁੰਦਾ। ਪਰ ਪ੍ਰੀਤੀ ਤਾਂ ਬਹੁਤ ਵੱਡੀ ਸਜ਼ਾ ਦੇਣ ਲੱਗੀ ਸੀ ਭਾਵੇਂ ਅਣਜਾਣੇ ਹੀ। ਚਾਹੇ ਉਹ ਇਸਨੂੰ ਸਜ਼ਾ ਨਾ ਵੀ ਸਮਝਦੀ ਪਰ ਮੇਰੇ ਲਈ ਤਾਂ ਸਜ਼ਾ ਈ ਹੋਣੀ ਸੀ। ਮੈਂ ਭੁਗਤ ਨਹੀਂ ਸਕਿਆ ਤਾਂ ਨਰਾਜ਼ ਹੋ ਗਈ ਹੋਣੀ ਐ। ਮੈਂ ਵੀ ਤਾਂ ਰੋਕ ਨਹੀਂ ਸੀ ਸਕਿਆ ਇਹਨੂੰ ਚੰਡੀਗੜ੍ਹੋਂ ਵਾਪਸ ਆਉਣ ਲੱਗੀ ਨੂੰ।

ਪਰ ਮੇਰੇ ਨਾਲ ਇਹਦਾ ਰਿਸ਼ਤਾ ਬਹੁਤ ਗਹਿਰਾ ਸੀ। ਏਹਦੇ ਲਈ ਸਭ-ਕੁਝ ਨਾਰਮਲ ਸੀ, ਰਿਸ਼ਤੇ ਨੂੰ ਜਨੂੰਨ ਦੀ ਹੱਦ ਤੱਕ ਨਿਭਾਉਣ ਦਾ ਸੰਕਲਪ। ਮੇਰਾ ਕੋਈ ਹੋਰ ਸਾਥੀ ਨਹੀਂ ਸੀ। ਇਸ ਲਈ ਜਦੋਂ ਮੈਂ ਇਹਦੇ ਨਾਲ ਵਿਚਰਦਾ ਸੀ ਤਾਂ ਭਰਿਆ-ਭਰਿਆ ਜਿਹਾ ਲਗਦਾ। ਤਾਂ ਹੀ ਤਾਂ ਹੁਣ ਖਾਲੀਪਣ ਜਿਹਾ ਹੈ ਜ਼ਿੰਦਗੀ ਵਿੱਚ। ਹੁਣ ਵੀ ਮੈਨੂੰ ਯਾਦ ਆ ਰਿਹੈ ਜਦੋਂ ਇੱਕ ਵਾਰ ਇਹ ਮਾਸੀ ਨਾਲ ਆਈ ਸੀ ਸਾਡੇ ਘਰ। ਦੇਰ ਰਾਤ ਤੱਕ ਅਸੀਂ ਗੱਲਾਂ ਕਰਦੇ ਰਹੇ ਸਾਂ। ਗੱਲਾਂ ਕਰਦੇ ਹੀ ਪਤਾ ਨਹੀਂ ਕਦੋਂ ਨੀਂਦ ਆ ਗਈ ਸੀ ਮੈਨੂੰ। ਅਚਾਨਕ ਜਦੋਂ ਅੱਖ ਖੁੱਲ੍ਹੀ ਸੀ ਤਾਂ ਇਹ ਕੁਰਸੀ ਤੇ ਉਸੇ ਤਰ੍ਹਾਂ ਬੈਠੀ ਦੋਵੇਂ ਹਥੇਲੀਆਂ ਤੇ ਠੋਡੀ ਟਿਕਾਈ ਮੈਨੂੰ ਵੇਖ ਰਹੀ ਸੀ। ਮੈਂ ਚੌਂਕ ਪਿਆ ਸੀ ਉਦੋਂ—

"ਪ੍ਰੀਤੀ, ਆਹ ਕੀ? ਤੂੰ ਗਈ ਨਹੀਂ? ਮੇਰੀ ਤਾਂ ਅੱਖ ਈ ਲੱਗ ਗਈ ਸੀ।"

"ਨੀਂਦ ਈ ਨਹੀਂ ਸੀ ਆ ਰਹੀ ਵੀਰੇ, ਜਾ ਕੇ ਵੀ ਕੀ ਕਰਦੀ।" ਇਹ ਬੋਲੀ ਸੀ।

"ਫੇਰ ਮੈਨੂੰ ਜਗਾ ਲੈਣਾ ਸੀ। ਕੱਲੀ ਵੀ ਤਾਂ ਬੈਠੀ ਸੀ।" ਮੈਂ ਕਿਹਾ ਸੀ।

"ਮੈਂ ਸੋਚਿਆ ਮੇਰੀ ਤਾਂ ਨੀਂਦ ਖਰਾਬ ਹੋਈ ਈ ਹੈ ਤੁਹਾਡੀ ਕਾਹਨੂੰ-ਕਰਨੀ ਹੈ। ਨਾਲ਼ੇ ਸੁੱਤੇ ਪਏ ਤੁਸੀਂ ਬੜੇ ਚੰਗੇ ਲੱਗ ਰਹੇ ਸੀ।" ਇਹ ਮੁਸਕਰਾਈ।

"ਇਹ ਕੀ ਝੱਲ ਚੜ੍ਹਿਐ?" ਪੁੱਛਦਿਆਂ ਮੈਂ ਵੀ ਮੁਸਕਰਾ ਪਿਆ ਸੀ।

"ਥੋਡੇ ਲਈ ਇਹ ਝੱਲ ਹੋਣੈ, ਪਰ ਮੈਨੂੰ ਤਾਂ ਲੱਗ ਰਿਹਾ ਸੀ ਕਿ ਜਿਵੇਂ ਤੁਸੀਂ ਮੁਰਲੀ ਮਨੋਹਰ ਸ਼ਾਮ ਹੋਵੋ ਤੇ ਮੈਂ ਮੀਰਾ। ਤੁਹਾਡੀ ਮਨਮੋਹਣੀ ਸੂਰਤ ਦੇ ਆਨੰਦ ਵਿਚ ਡੁੱਬੀ ਹੋਈ ਸਾਂ।" ਉਹਦਾ ਉੱਤਰ ਕਿੰਨਾ ਸਟੀਕ ਸੀ।

"ਬੱਸ-ਬੱਸ, ਐਨਾ ਹਵਾ 'ਚ ਨਾ ਉਡਾ ਮੈਨੂੰ। ਨਾਲ਼ੇ ਤੂੰ ਤਾਂ ਰੱਬ ਨੂੰ ਮੰਨਦੀ ਨਹੀਂ ਫੇਰ ਇਹ ਮੀਰਾ-ਸ਼ਾਮ ਕਿੱਥੋਂ ਚੇਤੇ ਆ ਗਏ ਤੈਨੂੰ?" ਮੈਂ ਫੇਰ ਮੁਸਕਰਾਇਆ ਸੀ। ਪਰ ਉਹ ਉਸੇ ਰੌਂਅ 'ਚ ਬੋਲੀ ਸੀ—

"ਮੈਂ ਮੀਰਾ-ਸ਼ਾਮ ਨੂੰ ਕਿਸੇ ਰੱਬੀ ਨਹੀਂ ਸਗੋਂ ਇਨਸਾਨੀ ਪਾਤਰਾਂ ਵਜੋਂ ਵੇਖਦੀ ਹਾਂ ਤੇ ਮਹਿਸੂਸ ਕਰਦੀ ਹਾਂ। ਉਹਨਾਂ ਦਾ ਰਿਸ਼ਤਾ ਕਿੰਨਾ ਭਾਵਪੂਰਤ ਸੀ।"

ਪ੍ਰੀਤੀ ਦੀਆਂ ਗੱਲਾਂ ਕਦੇ-ਕਦੇ ਮੈਨੂੰ ਸੋਚਾਂ 'ਚ ਪਾ ਦਿੰਦੀਆਂ ਨੇ। ਆਖਰ ਕਿਹੜੀ ਭਟਕਣਾ ਸੀ ਉਸਦੇ ਅੰਦਰ। ਮੈਂ ਉਸਦੀ ਪੀੜ ਨੂੰ ਸਮਝ ਸਕਦਾ ਸੀ ਉਂਝ ਤਾਂ। ਬਚਪਨ ਤੋਂ ਹੀ ਉਸਨੂੰ ਦੁੱਖਾਂ ਤੇ ਮਤਰੇਏ ਰਿਸ਼ਤਿਆਂ ਦੀ ਕੁੜੱਤਣ ਹੰਢਾਉਣੀ ਪਈ ਸੀ। ਇਸੇ ਲਈ ਮੈਂ ਉਸਦੇ ਦੁੱਖ ਨੂੰ ਦਿਲੋਂ ਮਹਿਸੂਸ ਕਰ ਸਕਦਾ ਸੀ।

ਸੁਰਤ ਫੇਰ ਭੰਗ ਹੋਈ ਹੈ।.....ਭਜਨ ਚੱਲ ਰਿਹੈ। ਬਿਰਹਾ ਦਾ ਭਾਵ ਹੈ ਭਜਨ ਵਿੱਚ। ਮੀਰਾ ਦੀ ਵੇਦਨਾ ਦਾ ਰਸ। ਬਹੁਤ ਸਾਰੇ ਸ਼ਰਧਾਲੂਆਂ ਦੀਆਂ ਅੱਖਾਂ ਨਮ ਨੇ। ਸਟੇਜ ਤੇ ਵੇਖਦਾ ਹਾਂ, ਪ੍ਰੀਤੀ ਮੀਰਾ ਦਾ ਬਾਣਾ ਪਾਈ ਹੱਥਾਂ 'ਚ ਇਕਤਾਰਾ ਫੜੀ ਝੂਮ ਰਹੀ ਹੈ, ਸਾਹਮਣੇ ਮੁਰਲੀ ਮਨੋਹਰ ਦੀ ਵੱਡੀ ਸਾਰੀ ਤਸਵੀਰ ਪਈ ਹੈ। ਆਲੇ-ਦੁਆਲੇ ਤੋਂ ਬੇਖਬਰ ਉਹ ਆਪਣੇ ਆਨੰਦ 'ਚ ਮਗਨ ਹੈ। ਮੈਂ ਉਸਦੇ ਇਸ ਰੂਪ ਨੂੰ ਵੇਖਕੇ ਹੈਰਾਨੀ ਦੀ ਹੱਦ ਤੋਂ ਵੀ ਵੱਧ ਹੈਰਾਨ ਸੀ।

ਰਿਸ਼ਤਿਆਂ ਪ੍ਰਤੀ ਐਨਾ ਸੰਵੇਦਨਸ਼ੀਲ ਉਸਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਵੇਖਿਆ ਸੀ ਹੁਣ ਤੱਕ ਸ਼ਾਇਦ। ਪਿਤਾ ਦੇ ਰਿਸ਼ਤੇ ਦੀ ਪਿਆਸ ਬੜੀ ਮਹਿਸੂਸ ਕਰਦੀ ਸੀ ਉਹ। ਮਾਸੜ ਨੇ ਉਹਨੂੰ ਝਿੜਕਿਆ ਤਾਂ ਨਹੀਂ ਪਰ ਪਿਆਰ ਨਾਲ ਕਦੇ ਸਿਰ 'ਤੇ ਹੱਥ ਵੀ ਨਹੀਂ ਸੀ ਰੱਖਿਆ। ਧੀ ਆਮ ਕਰਕੇ ਮਾਂ ਨਾਲੋਂ ਬਾਬਲ ਨੂੰ ਵੱਧ ਪਿਆਰੀ ਹੁੰਦੀ ਹੈ। ਮਾਂ ਤਾਂ ਫੇਰ ਵੀ ਕਦੇ-ਕਦੇ ਮੱਤਾਂ ਦਿੰਦੀ ਰਹਿੰਦੀ ਹੈ ਪਰ ਬਾਪ ਤੋਂ ਤਾਂ ਉਸਨੂੰ ਲਾਡ ਪਿਆਰ ਹੀ ਮਿਲਦਾ ਹੈ। ਤੇ ਉਹ ਇਸੇ ਲਾਡ ਪਿਆਰ ਤੋਂ ਵਾਂਝੀ ਮਹਿਸੂਸ ਕਰਦੀ ਸੀ ਕਦੇ-ਕਦੇ। ਉਦੋਂ ਵੀ ਤਾਂ ਉਸਨੇ ਮੇਰੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਕੀਤਾ ਸੀ ਜਦੋਂ ਇੱਕ ਵਾਰ ਤਾਂ ਮੈਂ ਘਬਰਾ ਹੀ ਗਿਆ ਸੀ ਉਦੋਂ ਟਾਈਫਾਈਡ ਦੀ ਲੰਬੀ ਬਿਮਾਰੀ ਤੋਂ ਬਾਅਦ ਹਸਪਤਾਲ 'ਚੋਂ ਛੁੱਟੀ ਲੈ ਕੇ ਘਰ ਆਈ ਸੀ। ਹਸਪਤਾਲ 'ਚ ਵੀ ਕਿੰਨੇ ਦਿਨ ਮੈਨੂੰ ਹੀ ਰੱਖਿਆ ਸੀ ਆਵਦੇ ਕੋਲ। ਬਾਪ ਨੇ ਉਹਦੇ ਪਿੱਛੇ ਟਰੱਕ ਦਾ ਇੱਕ ਗੇੜਾ ਵੀ ਨਹੀਂ ਸੀ ਛੱਡਿਆ। ਮਾਸੀ ਨੂੰ ਪੈਸੇ ਜ਼ਰੂਰ ਦੇ ਦਿੱਤੇ ਨਾਲ ਹੀ ਕਿਹਾ, "ਚੰਗੀ ਤਰ੍ਹਾਂ ਇਲਾਜ ਕਰਵਾ ਲਈਂ, ਜੇ ਘਟੇ ਤਾਂ ਹੋਰ ਲੈ ਲਈਂ, ਘਰੇ ਸੰਦੂਕ 'ਚ ਪਏ ਨੇ।" ਪਰ ਪ੍ਰੀਤੀ ਤਾਂ ਪੈਸੇ ਤੋਂ ਵੱਧ ਪਿਆਰ ਨੂੰ ਅਹਿਮੀਅਤ ਦਿੰਦੀ ਸੀ।

ਘਰ ਆਉਣ ਤੇ ਰਾਤ ਨੂੰ ਅਚਾਨਕ ਉਹ ਆਪਣੇ ਮੰਜੇ ਤੋਂ ਉੱਠ ਕੇ ਮੇਰੇ ਨਾਲ ਆ ਪਈ ਤਾਂ ਮੈਂ ਘਬਰਾ ਗਿਆ ਸੀ। ਮੈਥੋਂ ਕਿਹਾ ਗਿਆ ਸੀ—

"ਇਹ ਕੀ ਪ੍ਰੀਤੀ? ਭਲਾ ਮਾਸੀ ਕੀ ਸੋਚੂ?"

"ਮੰਮੀ ਜੇ ਗਲਤ ਸੋਚੂ ਤਾਂ ਇਹ ਉਹਦੀ ਸੋਚ ਦਾ ਦੋਸ਼ ਹੋਊ ਪਰ ਮੈਂ ਆਪਣੀ ਜਗ੍ਹਾ ਸਹੀ ਹਾਂ। ਤੁਸੀਂ ਮੇਰੇ ਵੱਡੇ ਭਰਾ ਹੋ। ਵੱਡਾ ਭਰਾ ਪਿਤਾ ਸਮਾਨ ਹੁੰਦਾ ਹੈ।" ਉਹ ਦ੍ਰਿੜਤਾ ਨਾਲ ਬੋਲੀ ਸੀ।

"ਉਹ ਤਾਂ ਠੀਕ ਹੈ ਪਰ....।" ਮੈਂ ਅਜੇ ਵੀ ਦੁਚਿੱਤੀ 'ਚ ਸੀ ਜਿਵੇਂ।

ਉਹ ਫੇਰ ਬੋਲੀ, "ਤੁਹਾਨੂੰ ਸਿਰਫ ਭਰਾ ਮੰਨਣਾ ਮੈਨੂੰ ਇਸ ਰਿਸ਼ਤੇ 'ਚ ਅਧੂਰਾਪਣ ਲਗਦਾ ਜਿਵੇਂ। ਇੱਕ ਅਣਵੇਖੀ ਜਿਹੀ ਕੰਧ ਜਾਪ ਰਹੀ ਹੈ ਮੇਰੇ ਅਤੇ ਥੋਡੇ ਵਿਚਕਾਰ। ਏਸੇ ਲਈ ਅੱਜ ਤੁਸੀਂ ਇਹ ਸਮਝੋ ਕਿ ਤੁਸੀਂ ਮੇਰੇ ਪਿਤਾ ਹੋ ਅਤੇ ਮੈਂ ਥੋਡੀ ਧੀ। ਇੱਕ ਪਿਤਾ ਆਪਣੀ ਲਾਡਲੀ ਧੀ ਨੂੰ ਕਿੰਨਾ ਕੁ ਪਿਆਰ ਦੇ ਸਕਦਾ ਹੈ, ਆਪਣੀ ਗਲਵਕੜੀ ਦਾ ਨਿੱਘ ਦੇ ਸਕਦਾ ਹੈ ਮੈਨੂੰ ਮਹਿਸੂਸ ਕਰਵਾਉ।"

ਮੈਂ ਉਸਨੂੰ ਛਾਤੀ ਨਾਲ ਘੁੱਟ ਲਿਆ ਸੀ ਉਸਨੂੰ, ਜਿਵੇਂ ਉਹ ਮੇਰੀ ਨਿੱਕੀ ਜਿਹੀ ਧੀ ਹੋਵੇ। ਉਹ ਵੀ ਮੇਰੇ ਨਾਲ ਇਉਂ ਲੱਗ ਗਈ ਜਿਵੇਂ ਇੱਕ ਛੋਟਾ ਜਿਹਾ ਬੱਚਾ ਨ੍ਹੇਰੇ ਤੋਂ ਡਰ ਕੇ ਮਾਂ ਨਾਲ ਚਿੰਬੜ ਕੇ ਪੈ ਜਾਂਦਾ ਹੈ। ਕਿੰਨੀ ਦੇਰ ਤੱਕ ਇਉਂ ਈ ਪਈ ਰਹੀ ਸੀ।

ਮੈਂ ਅਕਸਰ ਉਸ ਨਾਲ ਕਾਇਮ ਹੋ ਰਹੇ ਇਸ ਰਿਸ਼ਤੇ ਦਾ ਮੰਥਨ ਕਰਦਾ ਰਹਿੰਦਾ। ਮੇਰੀ ਪੀੜਾ ਦਾ ਵੀ ਬੜਾ ਖਿਆਲ ਰਖਦੀ ਸੀ ਇਹ। ਮਾਂ ਦੀ ਮੌਤ ਦਾ ਦੁੱਖ ਜਿੰਨਾਂ ਮੈਨੂੰ ਹੋਇਆ ਸੀ ਉਨਾ ਈ ਇਸਨੇ ਵੀ ਮਹਿਸੂਸ ਕੀਤਾ ਸੀ। ਮਾਂ ਨੇ ਤਾਂ ਬਚਪਨ 'ਚ ਈ ਗੁਜ਼ਰੇ ਪਿਤਾ ਦੀ ਵੀ ਯਾਦ ਭੁਲਾ ਦਿੱਤੀ ਸੀ ਪਰ ਉਸਦੀ ਅਣਿਆਈ ਮੌਤ ਨੇ ਮੈਨੂੰ ਤਾਂ ਜਿਵੇਂ ਤੋੜ ਈ ਦਿੱਤਾ ਸੀ। ਸ਼ਾਇਦ ਇਹ ਦੁੱਖ ਹੋਰ ਵੀ ਮੇਰੇ ਲਈ ਅਸਹਿ ਹੋ ਜਾਂਦਾ ਜੇ ਸ਼ਿਮਲੇ ਮੈਨੂੰ ਐਮ. ਐੱਸ. ਸੀ. 'ਚ ਦਾਖ਼ਲਾ ਨਾ ਮਿਲਦਾ। ਇਸ 'ਚ ਰੁੱਝ ਕੇ ਤਾਂ ਮੇਰਾ ਦੁੱਖ ਕੁਝ ਘਟਿਆ ਸੀ।

ਪ੍ਰੀਤੀ, ਇਸ ਪੀੜ ਨੂੰ ਮਹਿਸੂਸ ਕਰਦਿਆਂ ਹੀ ਇੱਕ ਦਿਨ ਮੈਨੂੰ ਬਿਨਾ ਦੱਸੇ ਸ਼ਿਮਲੇ ਆ ਗਈ ਸੀ। ਸਾਰਾ ਦਿਨ ਸ਼ਿਮਲੇ ਦੀਆਂ ਵਾਦੀਆਂ 'ਚ ਘੁੰਮਣ ਪਿੱਛੋਂ ਥੱਕ-ਹਾਰ ਕੇ ਸ਼ਾਮ ਨੂੰ ਵਾਪਸ ਕੁਆਟਰ ਪਰਤੇ। ਖਾਣੇ ਤੋਂ ਬਾਅਦ ਰਾਤ ਨੂੰ ਕਿੰਨੀਆਂ ਗੱਲਾਂ ਕੀਤੀਆਂ ਸੀ ਅਸੀਂ.....ਮੇਰੀ ਮਾਂ ਬਾਰੇ, ਆਪਣੇ ਤੇ ਉਸਦੇ ਪਿਤਾ ਬਾਰੇ। ਮਾਂ ਨੂੰ ਯਾਦ ਕਰਦਿਆਂ ਮੇਰੀਆਂ ਅੱਖਾਂ ਨਮ ਹੋਈਆਂ ਤਾਂ ਇਸਨੇ ਬੈੱਡ ਨਾਲ ਪਿੱਠ ਟਿਕਾ ਕੇ ਮੈਨੂੰ ਆਪਣੀ ਗੋਦ 'ਚ ਪਾ ਲਿਆ ਸੀ—

"ਮਾਂ ਦੀ ਬਹੁਤ ਯਾਦ ਆ ਰਹੀ ਐ ਨਾ? ਹੁਣ ਮੇਰੇ ਵਿਚੋਂ ਮਾਂ ਨੂੰ ਮਹਿਸੂਸ ਕਰੋ।" ਕਹਿਕੇ ਉਸਨੇ ਮੱਥਾ ਚੁੰਮ ਲਿਆ ਸੀ ਮੇਰਾ ਤੇ ਵਾਲਾਂ ਵਿੱਚ ਮਾਂ ਵਾਂਗ ਹੀ ਉਂਗਲਾਂ ਫੇਰਨ ਲੱਗੀ ਸੀ। ਮੈਨੂੰ ਵੀ ਉਸ ਵਿਚੋਂ ਮਾਂ ਦੀ ਮਮਤਾ ਦਾ ਨਿੱਘ ਮਹਿਸੂਸ ਹੋਇਆ ਸੀ। ਉਦੋਂ ਉਹ ਆਪਣੀ ਉਮਰ ਨਾਲੋਂ ਵੀ ਵੱਡੀ ਪੂਰਨ ਔਰਤ ਮਹਿਸੂਸ ਹੋ ਰਹੀ ਸੀ ਉਹ ਮੈਨੂੰ। ਮੈਨੂੰ ਉਸੇ ਤਰ੍ਹਾਂ ਘੁੱਟ ਕੇ ਕਿਹਾ ਸੀ ਉਸਨੇ—

"ਵੀਰੇ, ਇਸ ਵੇਲੇ ਮੇਰੇ ਚਿੱਤ 'ਚੋਂ ਏਹੋ ਦੁਆ ਨਿੱਕਲ ਰਹੀ ਹੈ ਕਿ ਅਗਲੇ ਜਨਮ 'ਚ ਤੁਸੀਂ ਮੇਰੀ ਕੁੱਖੋਂ ਹੀ ਜਨਮ ਲਵੋਂ। ਫੇਰ ਮੈਂ ਥੋਨੂੰ ਕੁਝ ਪਲਾਂ ਦਾ ਨਹੀਂ ਸਗੋਂ ਲੰਮਾ ਸਮਾਂ ਇਹ

ਪਿਆਰ ਤੇ ਨਿੱਘ ਦੇਣ ਦੇ ਕਾਬਲ ਬਣ ਜਾਊਂਗੀ।"

"ਕਿਤੇ ਗੁਆਚ ਗਿਐਂ ਲਗਦੈਂ।" ਬਾਤਿਸ਼ ਦੇ ਇਹਨਾਂ ਬੋਲਾਂ ਨੇ ਮੈਨੂੰ ਜਿਵੇਂ ਨੀਂਦ 'ਚੋਂ ਜਗਾ ਦਿੱਤਾ।

"ਹਾਂਅ?....ਹਾਂ ਗੁਆਚ ਈ ਗਿਆ ਸੀ।" ਮੈਂ ਕਿਹਾ ਹੈ।

"ਗੁਰੂ ਮਾਤਾ 'ਚ ਕਲਾ ਹੀ ਅਜਿਹੀ ਹੈ। ਸੁਣਨ ਵਾਲ਼ੇ ਨੂੰ ਤਾਂ ਕੀਲ ਕੇ ਰੱਖ ਦਿੰਦੇ ਨੇ। ਖ਼ੈਰ ਹੁਣ ਗੁਰੂ ਜੀ ਆਉਣਗੇ। ਦਸ ਕੁ ਮਿੰਟ ਆਪਾਂ ਤੁਰ ਫਿਰ ਲਈਏ, ਪਿੱਠ ਸਿੱਧੀ ਹੋ ਜੂ ਜ਼ਰਾ। ਨਾਲ਼ੇ ਬਾਹਰ ਸਟਾਲਾਂ 'ਤੇ ਖਾ ਪੀ ਲੈਨੈਂ ਆਂ ਕੁਝ।" ਬਾਤਿਸ਼ ਦੇ ਕਹਿਣ ਤੇ ਅਸੀਂ ਉੱਠ ਕੇ ਬਾਹਰ ਆ ਗਏ ਹਾਂ। ਬਾਹਰ ਸਟਾਲਾਂ ਤੇ ਕਾਫ਼ੀ ਗਹਿਮਾ-ਗਹਿਮੀ ਹੈ। ਸੋਚਾਂ 'ਚ ਡੁੱਬੇ ਪਤਾ ਈ ਨਾ ਲੱਗਿਆ ਕਦੋਂ ਕੀਰਤਨ ਮੰਡਲ ਨੇ ਕੀਰਤਨ ਸਮਾਪਤ ਕਰ ਦਿੱਤਾ ਸੀ। "ਅੰਦਰ ਚਲੀ ਗਈ ਹੋਈ ਏ ਪ੍ਰੀਤੀ ਤਾਂ....ਕੀ ਹੁਣ ਮਿਲਣ ਆਊ ਉਹ ਮੈਨੂੰ?....ਪਰ ਮੌਜੂਦਾ ਸਥਿਤੀ ਵਿੱਚ ਕਿਮੇਂ ਮਿਲ ਸਕਦੀ ਹੈ। ਬਾਤਿਸ਼ ਆਖਦਾ ਸੀ, ਕੱਲ੍ਹ ਨੂੰ ਦੀਕਸ਼ਾ ਮਿਲਣੀ ਐ ਨਾਲ਼ੇ ਅੰਤਿਮ ਦਿਨ ਹੈ ਸ਼ਰਧਾਲੂ ਨਿੱਜੀ ਤੌਰ ਤੇ ਨੇੜੇ ਜਾ ਕੇ ਮਿਲ ਸਕਦੇ ਹਨ। ਚਲੋ ਕੱਲ੍ਹ ਨੂੰ ਹੀ ਠੀਕ ਰਹੇਗਾ.....।" ਮੈਂ ਕਿੰਨੇ ਪ੍ਰਸ਼ਨ ਆਪਣੇ ਦਿਮਾਗ 'ਚ ਆਪ ਈ ਉਤਪੰਨ ਕਰਕੇ ਆਪ ਹੀ ਉਹਨਾਂ ਦਾ ਜਵਾਬ ਵੀ ਦੇ ਦਿੱਤਾ ਜਿਵੇਂ। ਖਾ ਪੀ ਕੇ ਅਸੀਂ ਫਿਰ ਅੰਦਰ ਆ ਗਏ ਹਾਂ।

ਹੁਣ ਗੁਰੂ ਜੀ ਨੇ ਆਉਣਾ ਸੀ। ਉਹਨਾਂ ਦਾ ਸਤਸੰਗ ਹੋਵੇਗਾ ਘੰਟਾ ਕੁ। ਚੱਲੋ ਸੁਣਨਾ ਈ ਪੈਣਾ ਹੁਣ ਤਾਂ। ਪਰ ਸੋਚਾਂ 'ਚ ਤਾਂ ਉਹ ਘੁੰਮ ਰਹੀ ਏ ਸਤਸੰਗ ਤਾਂ ਕਿਹੜਾ ਸੁਣਨਾ, ਜਿਹੋ ਜਿਹਾ ਕੀਰਤਨ ਸੁਣ ਲਿਆ......।

ਪ੍ਰੀਤੀ ਨੇ ਮੁੰਡੇ ਦੀ ਚੋਣ ਦੀ ਜ਼ਿੰਮੇਵਾਰੀ ਵੀ ਮੈਨੂੰ ਈ ਸੌਂਪ ਦਿੱਤੀ ਸੀ, ਮਾਸੀ ਨੇ ਜਦੋਂ ਵਿਆਹ ਦੀ ਗੱਲ ਤੋਰੀ ਸੀ ਉਸਦੀ। ਮੁੰਡਾ ਤਾਂ ਲੱਭਿਆ ਈ ਹੋਇਆ ਸੀ, ਮਾਸੀ ਦੇ ਸਹੁਰਿਆਂ 'ਚੋਂ ਈ ਅੱਗੇ ਅੰਗਲੀ-ਸੰਗਲੀ ਨਿਕਲਦੀ ਸੀ। ਸਭ ਨੇ ਵੇਖ ਵੀ ਲਿਆ ਸੀ, ਘਰ-ਬਾਰ ਵੀ ਕਹਿੰਦੇ ਚੰਗਾ ਸੀ। ਪਰ ਪ੍ਰੀਤੀ ਦੀ ਜ਼ਿੱਦ ਸੀ ਕਿ ਮੁੰਡੇ ਨੂੰ ਮੈਂ ਜ਼ਰੂਰ ਵੇਖਾਂ, ਪਰਖਾਂ। ਜੇ ਮੈਂ ਪਸੰਦ ਕਰਾਂ ਤਾਂ ਉਹ 'ਹਾਂ' ਕਰੇਗੀ।

ਮੁੰਡਾ ਤਾਂ ਜਚ ਈ ਗਿਆ ਸੀ, ਹੁਣ ਘਰ-ਬਾਰ ਕਿਹੋ ਜਿਹਾ ਹੋਊਗਾ, ਘਰ-ਵਾਲੇ ਕਿਹੋ ਜਿਹੇ ਹੋਣਗੇ, ਇਹ ਤਾਂ 'ਵਾਹ' ਪਏ ਤੋਂ ਈ ਪਤਾ ਚੱਲਣਾ ਸੀ। ਆਪਣੇ ਵਲੋਂ ਤਾਂ ਮੈਂ ਪਰਖ ਕਰ ਈ ਲਈ ਸੀ ਪਰ ਮਾਸੀ ਨੇ ਜਦੋਂ ਕਿਹਾ ਸੀ ਕਿ "ਇਹ ਤਾਂ ਕਮਲ਼ੀ ਐ ਜਦੋਂ ਸਹੁਰਿਆਂ 'ਚੋਂ ਰਿਸ਼ਤੇਦਾਰੀ ਏ, ਅਗਲੇ ਜ਼ੋਰ ਪਾ ਰਹੇ ਨੇ, ਰਿਸ਼ਤਾ ਤਾਂ ਕਰਨਾ ਈ ਪੈਣਾ.....।" ਤਾਂ ਮੈਂ ਬਹੁਤੇ ਚੱਕਰਾਂ 'ਚ ਨਾ ਪੈਣ ਬਾਰੇ ਹੀ ਸੋਚਿਆ, ਜਦੋਂ ਮਾਸੀ ਰਾਜ਼ੀ ਏ ਤਾਂ ਫੇਰ ਮੈਂ ਬਹੁਤੀ ਪਰਖ ਕੀ ਕਰਨੀ ਏ।

ਕਿੰਨੀ ਜੱਚ ਰਹੀ ਸੀ, ਇਹ ਵਿਆਹ ਵਾਲੇ ਸੂਹੇ ਜੋੜੇ 'ਚ। ਬਿਲਕੁਲ ਜਿਵੇਂ ਗੁੱਡੀ ਹੋਵੇ ਕੋਈ। ਇਸਨੂੰ ਵੇਖਕੇ ਏਹੋ ਦੁਆਵਾਂ ਨਿੱਕਲੀਆਂ ਸੀ ਮਨ 'ਚੋਂ ਕਿ ਇਹਦਾ ਸਾਈਂ ਇਹਦੇ ਸੁਭਾਅ ਦੀ ਗਹਿਰਾਈ ਨੂੰ ਸਮਝਣ ਵਾਲਾ ਹੋਵੇ ਤਾਂ ਚੰਗੀ ਗੱਲ ਹੋਊ। ਇਹਦੀਆਂ ਭਾਵਨਾਵਾਂ ਦੀ ਕਦਰ ਕਰੇ ਬੱਸ ਇਹੋ ਚਾਹੁੰਦਾ ਸੀ ਮੈਂ।

ਪਰ ਇਨਸਾਨ ਜੋ ਸੋਚਦਾ ਜੇ ਸਭ ਕੁਝ ਉਸੇ ਤਰ੍ਹਾਂ ਹੋਣ ਲੱਗ ਪਵੇ ਤਾਂ ਉਹ 'ਖੁਦਾ' ਨਾ ਬਣ ਜਾਵੇ? ਮੈਂ ਪ੍ਰੀਤੀ ਕੋਲ ਆਉਣਾ-ਜਾਣਾ ਘਟਾ ਦਿਤਾ ਸੀ। ਇਹ ਜ਼ਰੂਰੀ ਵੀ ਸੀ ਕਿਉਂਕਿ ਸਾਡਾ ਰਿਸ਼ਤਾ ਮਾਸੀ ਤੇ ਪ੍ਰੀਤੀ ਦੀਆਂ ਨਜ਼ਰਾਂ ਵਿੱਚ ਤਾਂ ਬਹੁਤ ਗੂੜ੍ਹਾ ਤੇ ਸਕਿਆਂ ਨਾਲੋਂ ਵੀ ਵੱਧ ਸੀ, ਪਰ ਉਹਦਾ ਪਤੀ ਜਾਂ ਸਹੁਰੇ ਪਰਿਵਾਰ ਵਾਲੇ ਹੋਰ ਸਾਰੇ ਵੀ ਇਸਨੂੰ ਉਨੀ ਸ਼ਿੱਦਤ ਨਾਲ ਹੀ ਮਹਿਸੂਸ ਕਰਨ ਇਸ ਲਈ ਕੁਝ ਸਮਾਂ ਚਾਹੀਦਾ ਸੀ। ਪ੍ਰੀਤੀ ਨੇ ਤਾਂ ਆਪ ਅਜੇ ਨਵੇਂ ਘਰ ਦਾ ਮਾਹੌਲ ਸਮਝਣਾ ਸੀ, ਆਪਣੇ ਸਾਈਂ ਨੂੰ ਸਮਝਣਾ ਸੀ ਏਸ ਲਈ ਆਪਣੇ ਰਿਸ਼ਤੇ ਨੂੰ ਵਕਤ ਦੇ ਸਹਾਰੇ ਹੀ ਛੱਡਣਾ ਠੀਕ ਸਮਝਿਆ ਸੀ ਅਸੀਂ। ਇਹ ਮੈਂ ਪ੍ਰੀਤੀ ਨੂੰ ਵੀ ਸਮਝਾ ਦਿੱਤਾ ਸੀ।

ਡੇਢ ਕੁ ਸਾਲ ਦਾ ਵਕਫ਼ਾ ਈ ਤਾਂ ਹੋਇਆ ਸੀ ਸਾਡੇ ਰਿਸ਼ਤੇ ਦੇ ਵਹਾਅ ਵਿੱਚ ਖੜੋਤ ਲਿਆਂਦੇ ਹੋਏ। ਮੈਂ ਐੱਮ. ਐਸ. ਸੀ. ਪੂਰੀ ਕਰਕੇ ਪੰਜਾਬ ਯੂਨੀਵਰਸਿਟੀ ਵਿਖੇ ਪੀ. ਐੱਚ. ਡੀ. ਕਰਨ ਲੱਗ ਪਿਆ ਤੇ ਨਾਲੋ-ਨਾਲ ਪਾਰਟ ਟਾਈਮ ਨੌਕਰੀ ਵੀ ਕਰ ਲਈ ਸੀ। ਪੜ੍ਹਾਈ ਦਾ ਖਰਚਾ ਵੀ ਤਾਂ ਚੁੱਕਣਾ ਸੀ।

ਏਸ ਦੌਰਾਨ ਪ੍ਰੀਤੀ ਕੋਲ ਆਉਣਾ ਜਾਣਾ ਬੰਦ ਹੀ ਕਰ ਦਿੱਤਾ ਸੀ। ਪਰ ਉਦੋਂ ਤਾਂ ਹੈਰਾਨ ਰਹਿ ਗਿਆ ਸੀ ਉਹਨੂੰ ਵੇਖ ਕੇ ਜਦੋਂ ਮਾਸੀ ਨੇ ਸੱਦਾ ਭੇਜ ਕੇ ਆਪ ਬੁਲਾਇਆ ਸੀ ਮੈਨੂੰ। ਸਾਲ ਕੁ ਵਿੱਚ ਹੀ ਉਹ ਹੋਰ ਦੀ ਹੋਰ ਹੋ ਗਈ ਸੀ....ਕਿੱਥੇ ਗਈ ਉਹ ਪ੍ਰੀਤੀ?....ਕਿੱਥੇ ਗਿਆ ਉਹਦੇ ਚਿਹਰੇ ਦਾ ਨੂਰ? ਵੇਖਕੇ ਮੇਰੇ ਕਾਲਜੇ 'ਚੋਂ ਰੁੱਗ ਭਰਿਆ ਗਿਆ ਸੀ ਜਿਵੇਂ। ਪੀਲਾ ਭੂਕ ਰੰਗ ਜਿਵੇਂ ਸਦੀਆਂ ਤੋਂ ਬਿਮਾਰ ਹੋਵੇ। ਗਲ਼ ਨਾਲ ਆ ਚਿੰਬੜੀ ਸੀ ਉਹ। ਚਿਰਾਂ ਤੋਂ ਦੱਬਿਆ ਗੁਬਾਰ ਜਿਵੇਂ ਫੁੱਟ ਪਿਆ ਸੀ ਸਾਰੇ ਬੰਨੇ ਤੋੜ ਕੇ—

"ਵੀਰੇ, ਥੋਡੀਆਂ ਦੁਆਵਾਂ ਨੇ ਅਸਰ ਨੀ ਵਿਖਾਇਆ। ਜੀਹਨੂੰ ਤੁਸੀਂ ਹੀਰਾ ਸਮਝ ਕੇ ਮੇਰੀ ਝੋਲੀ ਪਾਇਆ ਸੀ ਉਹ ਤਾਂ ਕੱਚ ਤੋਂ ਵੀ ਭੈੜਾ ਨਿਕਲਿਆ.....।"

ਪਿਘਲੇ ਸਿੱਕੇ ਵਾਂਗ ਪੈਂਦੇ ਨੇ ਮੇਰੇ ਕੰਨਾਂ 'ਚ ਉਹਦੇ ਸ਼ਬਦ। ਮੈਂ ਮਾਫ਼ ਨਹੀਂ ਸੀ ਕਰ ਪਾ ਰਿਹਾ ਆਪਣੇ-ਆਪ ਨੂੰ। ਜਦੋਂ ਮੇਰੇ ਤੇ ਵਿਸ਼ਵਾਸ ਕਰਕੇ ਉਸਨੇ ਮੁੰਡੇ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਸੀ ਤਾਂ ਕਿਉਂ ਨਾ ਮੈਂ ਪਰਖ ਕੀਤੀ ਚੰਗੀ ਤਰ੍ਹਾਂ.....। ਪਰ ਮੈਂ ਵੀ ਕਰਦਾ। ਮਾਸੀ ਦੇ ਸ਼ਬਦਾਂ—"ਪੁੱਤ ਜੇ ਮੈਂ ਨਾਂਹ ਕਰ'ਤੀ ਤਾਂ ਇਹਦਾ ਬਾਪੂ ਆਖੂ ਮਤਰੇਈ ਐ ਤਾਂ ਕਰਕੇ ਨਖਰੇ ਆਉਂਦੇ ਨੇ.....।" ਮੈਨੂੰ ਹੋਰ ਕੋਈ ਪਰਖ ਕਰਨ ਤੋਂ ਬੰਨ੍ਹ ਦਿੱਤਾ ਸੀ ਜਿਵੇਂ!

ਪ੍ਰੀਤੀ ਦੀ ਪੀੜ ਮੇਰੇ ਲਈ ਵੀ ਅਸਹਿ ਸੀ। ਉਹ ਡਿਪ੍ਰੈਸ਼ਨ ਦੀ ਬਦਤਰ ਹਾਲਤ 'ਚ ਚਲੀ ਗਈ ਸੀ। ਤਾਂ ਹੀ ਤਾਂ ਮੈਂ ਚੰਡੀਗੜ੍ਹ ਲੈ ਆਇਆ ਸੀ, ਉਸਨੂੰ। ਸੋਚਿਆ ਸੀ ਕੁਝ ਦਿਨ ਹਵਾ-ਪਾਣੀ ਬਦਲ ਜਾਵੇਗਾ। ਨਾਲ਼ ਹੀ ਕਿਸੇ ਚੰਗੇ ਸਾਈਕੈਟਰਿਸਟ ਨੂੰ ਵਿਖਾ ਲਵਾਂਗੇ। ਸਾਈਕੈਟਰਿਸਟ ਨੇ ਵੀ ਹਾਲਤ ਵੇਖ ਕੇ ਕਹਿ ਦਿੱਤਾ ਸੀ—

"ਮੌਜੂਦਾ ਸਥਿਤੀ ਤੋਂ ਗਹਿਰਾ ਸਦਮਾ ਪਹੁੰਚਿਆ ਹੈ। ਇਹਨਾਂ ਨੂੰ ਇਉਂ ਲੱਗਿਐ ਜਿਵੇਂ ਇਹਨਾਂ ਨਾਲ ਉਹ ਕੁਝ ਵਾਪਰ ਗਿਆ ਜਿਸਦੀ ਸੁਪਨੇ ਵਿੱਚ ਵੀ ਆਸ ਨਹੀਂ ਸੀ ਕੀਤੀ......।" ਫੇਰ ਉਹ ਅੱਗੇ ਹੋਰ ਕੁਝ ਸਮਝਾਉਂਦਾ ਰਿਹਾ ਜਿਸਦਾ ਨਿਚੋੜ ਇਹ ਸੀ ਕਿ

'ਕਈ ਵਾਰ ਕਿਸੇ ਇਨਸਾਨ ਦੇ ਮਨ ਦੀ ਕਿਸੇ ਆਦਰਸ਼ ਸਥਿਤੀ ਨਾਲ ਕੰਡੀਸ਼ਨਿੰਗ ਹੋ ਜਾਂਦੀ ਹੈ। ਉਪਰੋ ਜੇ ਉਹ ਜ਼ਿਆਦਾ ਸੰਵਦੇਨਸ਼ੀਲ ਹੋਵੇ ਤਾਂ ਇਸਤੋਂ ਜ਼ਰ੍ਹਾ ਜਿੰਨੀ ਉਲਟ ਸਥਿਤੀ ਵੀ ਵਾਪਰੇ ਤਾਂ ਉਸਤੋਂ ਬਰਦਾਸ਼ਤ ਨਹੀਂ ਹੁੰਦੀ.....।'

"ਇਹਨਾਂ ਦਾ ਹਵਾ-ਪਾਣੀ ਬਦਲੋ, ਵੱਧ ਤੋਂ ਵੱਧ ਖੁਸ਼ ਰੱਖਣ ਦੀ ਕੋਸ਼ਿਸ਼ ਕਰੋ। ਜੋ ਕੁਝ ਇਹ ਚਾਹੁੰਦੇ ਨੇ ਉਹ ਕਰਨ ਜਾਂ ਮੰਨਣ ਦੀ ਕੋਸ਼ਿਸ਼ ਕਰੋ। ਸਮਾਂ ਹਰ ਜ਼ਖਮ ਭਰ ਦਿੰਦਾ ਹੈ.....।" ਡਾਕਟਰ ਦੇ ਇਹ ਲਫਜ਼ ਮੇਰੇ ਕੰਨਾਂ ਵਿੱਚ ਅੱਜ ਵੀ ਗੂੰਜਦੇ ਨੇ....।

ਉਦੋਂ ਵੀ ਗੂੰਜੇ ਸਨ ਜਦੋਂ ਇੱਕ ਰਾਤ ਕਾਮੇਡੀ ਫਿਲਮ ਦੀ ਵੀ. ਸੀ. ਡੀ. ਲਗਾ ਕੇ ਇਹਨੂੰ ਹਸਾਉਣ ਦੀ ਕੋਸ਼ਿਸ਼ ਕੀਤੀ ਸੀ। ਹਫ਼ਤਾ ਹੋ ਚੱਲਿਆ ਸੀ ਚੰਡੀਗੜ੍ਹ ਆਪਣੇ ਕੋਲ ਰੱਖੇ ਨੂੰ। ਪਰ ਹਾਲਤ ਵਿੱਚ ਬਹੁਤ ਸੁਧਾਰ ਨਹੀਂ ਸੀ ਹੋਇਆ। ਮੇਰੇ ਸਾਹਮਣੇ ਬਨਾਵਟੀ ਜਿਹਾ ਮੁਸਕਰਾਉਣ ਦਾ ਯਤਨ ਕਰਦੀ ਸੀ। ਉਸ ਰਾਤ ਵੀ ਹਸਾਉਣੀ ਫਿਲਮ ਵੇਖਦੀ ਹਲਕਾ ਜਿਹਾ ਪਰ ਬਨਾਵਟੀ ਜਿਹਾ ਹਸਦੀ। ਮੈਨੂੰ ਪਤਾ ਸੀ ਕਿ ਇਸਦੇ ਧੁਰ ਅੰਦਰ ਤਾਂ ਮੰਥਨ ਚੱਲ ਰਿਹਾ ਹੈ, ਜੋ ਇਸਨੂੰ ਚੈਨ ਨਹੀਂ ਲੈਣ ਦੇ ਰਿਹਾ। ਹਾਰ ਕੇ ਮੈਂ ਫਿਲਮ ਬੰਦ ਕਰ ਦਿੱਤੀ ਸੀ ਅਤੇ ਉਹਦਾ ਚਿਹਰਾ ਦੋਵਾਂ ਹੱਥਾਂ 'ਚ ਲੈ ਕੇ ਕਿਹਾ ਸੀ—

"ਮੇਰੀ ਪਿਆਰੀ, ਕਦੋਂ ਤੱਕ ਚੱਲੂ ਇਹ ਸਭ। ਜਿਸ ਸ਼ਖਸ ਨੇ ਤੈਨੂੰ ਐਨਾ ਦਰਦ ਦਿੱਤਾ ਉਹਦੇ ਬਾਰੇ ਸੋਚ-ਸੋਚ ਕੇ ਕਿਉਂ ਗਾਲ਼ ਰਹੀ ਏਂ ਆਪਣੇ ਆਪ ਨੂੰ?"

"ਵੀਰੇ, ਸਾਰਾ ਦੋਸ਼ ਉਹਦਾ ਨੀ ਮੇਰਾ ਵੀ ਹੈ। ਤੁਸੀਂ ਕਿਹਾ ਸੀ ਇੱਕ ਵਾਰ ਕਿ ਹਰੇਕ ਰਿਸ਼ਤੇ ਵਿਚੋਂ ਮੈਂ ਆਪਣੇ ਰਿਸ਼ਤੇ ਵਰਗੀ ਸ਼ਿੱਦਤ ਦੀ ਆਸ ਨਾ ਰੱਖਾਂ। ਰਿਸ਼ਤਿਆਂ ਨਾਲ ਐਡਜੈਸਟ ਕਰਨ ਦੀ ਕੋਸ਼ਿਸ਼ ਕਰਾਂ....।" ਉਹ ਕੁਝ ਪਲ ਰੁਕੀ, ਫਿਰ ਬੋਲੀ, "....ਪਰ ਮੈਂ ਕੀ ਕਰਾਂ ਤੁਹਾਡੇ ਕੋਲੋਂ ਪਿਆਰ ਹੀ ਐਨਾ ਮਿਲਿਐ ਕਿ ਮੈਂ ਇਸ ਦੀ ਆਦੀ ਹੋ ਗਈ। ਜਿਵੇਂ ਤੁਸੀਂ ਮੈਨੂੰ ਧੁਰੋਂ ਅੰਦਰੋਂ ਸਮਝਦੇ ਹੋ ਜੇ ਕੋਈ ਦੂਸਰਾ ਨਹੀਂ ਸਮਝਦਾ ਤਾਂ ਉਹਦੇ ਨਾਲ ਰਿਸ਼ਤਾ ਖੋਖਲਾ ਪ੍ਰਤੀਤ ਹੋਣ ਲਗਦੈ।"

"ਪਰ ਡੀਅਰ, ਐਡਜੈਸਟ ਤਾਂ ਕਰਨਾ ਪੈਂਦੈ....।" ਮੈਂ ਕਿਹਾ ਸੀ।

"ਪਰ ਕਿੰਨਾ ਕੁ? ਐਡਜੈਸਟ ਕਰਨ ਦੀ ਵੀ ਤਾਂ ਹੱਦ ਹੁੰਦੀ ਹੈ ਕੋਈ। ਮੈਂ ਇਨਸਾਨ ਹਾਂ ਕੋਈ ਦੇਵੀ ਤਾਂ ਨਹੀਂ। ਥੋੜੇ ਵਿਚੋਂ ਮੈਨੂੰ ਭਰਾ, ਪਿਉ, ਮਾਂ ਤੇ ਇਥੋਂ ਤੱਕ ਕਿ ਔਲਾਦ ਦੇ ਰਿਸ਼ਤੇ ਦਾ ਨਿੱਘ ਵੀ ਮਹਿਸੂਸ ਹੋਇਆ। ਇਹ ਸਾਰੇ ਰਿਸ਼ਤੇ ਮੈਂ ਹੱਡੀਂ ਹੰਢਾਏ ਨੇ। ਮੈਂ ਰੱਬ ਨੂੰ ਨਹੀਂ ਮੰਨਦੀ ਪਰ ਐਨਾ ਕੁ ਯਕੀਨ ਜ਼ਰੂਰ ਹੈ ਕਿ ਜੇ ਰੱਬ ਨਾਂ ਦੀ ਕੋਈ ਹਸਤੀ ਹੈ ਵੀ ਇਸ ਜੱਗ ਤੇ ਤਾਂ ਉਹ ਤੁਹਾਥੋਂ ਵਧ ਕੇ ਨਹੀਂ ਹੋ ਸਕਦੀ......।" ਉਸਦਾ ਗਲ਼ਾ ਭਰ ਆਇਆ। ਉਹ ਕੁਝ ਦੇਰ ਰੁਕੀ ਫਿਰ ਆਪਣੇ ਆਪ ਨੂੰ ਨਾਰਮਲ ਕਰਕੇ ਬੋਲਣ ਲੱਗੀ—

"ਮੇਰੀ ਗਲਤੀ ਸਿਰਫ ਏਹੋ ਹੈ ਕਿ ਮੈਂ ਪਤੀ ਦੇ ਸੁਭਾਅ ਵਿੱਚ ਵੀ ਤੁਹਾਨੂੰ ਮਹਿਸੂਸ ਕਰਨ ਲੱਗ ਪਈ। ਮੈਂ ਸਿਰਫ ਇਹੀ ਚਾਹਿਆ ਸੀ ਕਿ ਉਹ ਮੇਰੀਆਂ ਭਾਵਨਾਵਾਂ ਨੂੰ ਤੁਹਾਡੇ ਵਾਂਗ ਹੀ ਗਹਿਰਾਈ ਤੋਂ ਮਹਿਸੂਸ ਕਰੇ.....।"

ਉਸਨੇ ਨੀਵੀਂ ਪਾ ਲਈ ਸੀ। ਉਹਦੇ ਹੱਥ ਉਵੇਂ ਜਿਵੇਂ ਮੇਰੇ ਹੱਥਾਂ ਵਿੱਚ ਹੀ ਸਨ। ਦੋ

ਕਤਰੇ ਲੂਣੇ ਪਾਣੀ ਦੇ ਉਹਦੀਆਂ ਅੱਖਾਂ 'ਚੋਂ ਛਲਕ ਕੇ ਮੇਰੇ ਹੱਥਾਂ ਤੇ ਡਿੱਗੇ। ਮੈਂ ਉਹਦਾ ਚਿਹਰਾ ਉਤਾਂਹ ਕੀਤਾ, ਅੱਖਾਂ 'ਚ ਵੇਖਿਆ ਤਾਂ ਵੇਦਨਾ ਭਰੀਆਂ ਨਜ਼ਰਾਂ ਦੀ ਗਹਿਰਾਈ ਮੈਨੂੰ ਅੰਨ੍ਹੇ ਖੂਹ ਵਾਂਗ ਜਾਪੀ। ਉਸਦੇ ਅੰਦਰ ਚੱਲ ਰਹੇ ਮੰਥਨ ਨੂੰ ਮੈਂ ਮਹਿਸੂਸ ਕਰ ਰਿਹਾ ਸੀ। ਮੈਂ ਉਸ ਮੰਥਨ ਦਾ ਹਿੱਸਾ ਬਣਨਾ ਚਾਹੁੰਦਾ ਸੀ.....। ਮੈਂ ਉਹਨਾਂ ਨਜ਼ਰਾਂ ਨੂੰ ਚੁੰਮ ਲਿਆ। ਉਹ ਮੇਰੀ ਗਲਵਕੜੀ ਵਿੱਚ ਆ ਗਈ। ਉਸ ਦੇ ਮੰਥਨ ਨੂੰ ਮੈਂ ਸ਼ਾਂਤ ਕਰਨਾ ਚਾਹੁੰਦਾ ਸੀ, ਡਾਕਟਰ ਦੇ ਬੋਲ ਮੇਰੇ ਕੰਨਾਂ 'ਚ ਗੂੰਜ ਰਹੇ ਸਨ—'ਕੋਸ਼ਿਸ਼ ਕਰੋ ਜੋ ਇਹ ਚਾਹੁਣ ਉਹ ਮੰਨਣ ਦੀ.....।' ਹੁਣ ਇਸਦੇ ਅੰਦਰ ਚਲਦਾ ਮੰਥਨ ਕੀ ਚਾਹ ਰਿਹਾ ਸੀ ਇਹ ਮੈਂ ਵੀ ਕੁਝ-ਕੁਝ ਮਹਿਸੂਸ ਕਰ ਸਕਦਾ ਸੀ। ਉਸਦੀਆਂ ਬਾਹਾਂ ਦੀ ਪਕੜ ਮੇਰੇ ਦੁਆਲੇ ਮਜ਼ਬੂਤ ਹੋ ਰਹੀ ਸੀ ਜਿਵੇਂ ਉਹ ਮੇਰੇ ਅੰਦਰ ਸਮਾ ਜਾਣਾ ਚਾਹੁੰਦੀ ਹੋਵੇ।

ਉਸਨੇ ਮੇਰੀਆਂ ਅੱਖਾਂ 'ਚ ਝਾਕਿਆ, ਜਿਵੇਂ ਮੈਂ ਸੰਮੋਹਿਤ ਹੋ ਗਿਆ। ਉਸਦੀਆਂ ਨਜ਼ਰਾਂ ਨੇ ਜਿਵੇਂ ਹੁਕਮ ਦਿੱਤਾ ਕਿ ਮੈਂ ਵੀ ਉਸਦੇ ਮੰਥਨ ਦਾ ਹਿੱਸਾ ਬਣ ਜਾਵਾਂ। ਮੈਂ ਵੀ ਚਾਹੁੰਦਾ ਸੀ ਕਿ ਉਸਦੇ ਮੰਥਨ 'ਚੋਂ ਅੰਮ੍ਰਿਤ ਨਿਤਾਰ ਕੇ ਉਹਦੇ ਲਈ ਰਾਖਵਾਂ ਰੱਖ ਦੇਵਾਂ ਤੇ ਉਸ ਵਿਚਲਾ ਜ਼ਹਿਰ ਮੈਂ ਆਪਣੇ ਹਿੱਸੇ ਕਰ ਲਵਾਂ। ਮੈਂ ਮਨ ਦੇ ਦੋਰਾਹੇ ਤੇ ਖੜ੍ਹਾ ਸਾਂ ਕੀ ਕਰਾਂ, ਕੀ ਨਾ ਕਰਾਂ? ਮੇਰਾ ਦਿਲੋ-ਦਿਮਾਗ ਜਿਵੇਂ ਸੁੰਨ ਹੋ ਰਹੇ ਸਨ। ਅੱਖਾਂ 'ਚੋਂ ਸੇਕ ਨਿਕਲ ਰਿਹਾ ਸੀ। ਉਸਦੀ ਹਾਲਤ ਮੇਰੇ ਬਰਦਾਸ਼ਤ ਤੋਂ ਬਾਹਰ ਸੀ। ਉਸਦੀਆਂ ਨਜ਼ਰਾਂ ਆਪਣੀ ਅਨੰਤ ਗਹਿਰਾਈ ਵਿਚ ਖਿੱਚੀ ਲਿਜਾਣਾ ਚਾਹੁੰਦੀਆਂ ਸਨ। ਪਤਾ ਨੀ ਕਿਵੇਂ ਮੈਂ ਜ਼ਹਿਰ ਪੀਣ ਦਾ ਫੈਸਲਾ ਕਰ ਲਿਆ। ਉਹਦਾ ਚਿਹਰਾ ਮੇਰੇ ਨੇੜੇ ਤੇ ਹੋਰ ਨੇੜੇ ਆ ਰਿਹਾ ਸੀ, ਉਸਦੀਆਂ ਨਜ਼ਰਾਂ ਮੇਰੀਆਂ ਨਜ਼ਰਾਂ ਦੇ ਨੇੜੇ, ਉਸਦੇ ਬੁੱਲ੍ਹ ਮੇਰਾ ਬੁੱਲ੍ਹਾਂ ਦੇ ਨੇੜੇ.....।

ਪਰ ਮੈਨੂੰ ਲੱਗਿਆ ਜਿਵੇਂ ਮੇਰਾ ਦਿਮਾਗ ਫਟ ਜਾਵੇਗਾ। ਮੈਂ ਉਸਨੂੰ ਛੱਡ ਕੇ ਪਤਾ ਨੀ ਕਦੋਂ ਉਹਦੇ ਪੈਰੀਂ ਡਿੱਗ ਪਿਆ—

"ਨਾ ਮੇਰੀਏ ਲਾਡਲੀਏ ਭੈਣੇ, ਮੇਰੀਏ ਧੀਏ, ਮੇਰੇ ਦੋਸ਼ ਦੀ ਐਡੀ ਵੱਡੀ ਸਜ਼ਾ ਮੈਨੂੰ ਨਾ ਦੇ। ਮੈਂ ਸ਼ਿਵ ਨਹੀਂ ਆਂ, ਜੋ ਇਹ ਜ਼ਹਿਰ ਪੀ ਸਕਾਂ।" ਮੇਰੇ ਬੋਲ ਹੰਝੂਆਂ 'ਚ ਭਿੱਜੇ ਹੋਏ ਸਨ।

ਕਹਿ ਕੇ ਮੈਂ ਬਾਹਰ ਆ ਗਿਆ ਸਾਂ। ਸਰਦ ਹਵਾ ਵਿਚ ਠੰਢੇ-ਠੰਢੇ ਘਾਹ ਤੇ ਲੰਮਾ ਪੈ ਗਿਆ ਸੀ। ਥੋੜੀ ਦੇਰ ਬਾਅਦ ਉਹ ਵੀ ਬਾਹਰ ਆਈ ਤਾਂ ਮੈਨੂੰ ਉਠਾ ਕੇ ਅੰਦਰ ਲੈ ਗਈ। ਮੇਰੀਆਂ ਅੱਖਾਂ ਸਾਫ਼ ਕਰਦਿਆਂ ਐਨਾ ਹੀ ਕਿਹਾ ਸੀ ਉਸਨੇ—

"ਮੇਰੇ ਕਾਰਨ ਆਪਣੇ ਆਪ ਨੂੰ ਦੋਸ਼ੀ ਨਾ ਮੰਨੋ। ਮੇਰੀ ਹਾਲਤ ਦੀ ਜ਼ਿੰਮੇਵਾਰ ਮੈਂ ਖੁਦ ਹਾਂ। ਮੈਨੂੰ ਥੋਤੋਂ ਕੁਝ ਨੀ ਚਾਹੀਦਾ। ਤੁਸੀਂ ਤਾਂ ਪਹਿਲਾਂ ਈ ਮੇਰੇ ਲਈ ਬਹੁਤ ਕਰ ਚੁੱਕੇ ਓਂ।"

ਦੂਜੇ ਦਿਨ ਈ ਉਹ ਚਲੀ ਗਈ ਸੀ। ਮੈਂ ਖੁਦ ਛਡ ਕੇ ਆਇਆ ਸੀ। ਰਸਤੇ ਵਿੱਚ ਉਸਨੇ ਕੋਈ ਬਹੁਤੀ ਗੱਲ ਨੀ ਕੀਤੀ ਪਰ ਇਹ ਵੀ ਨਹੀਂ ਕਿ ਕੋਈ ਸ਼ਿਕਾਇਤ ਸੀ। ਪਰ ਉਸ ਅੰਦਰ ਮੰਥਨ ਅਜੇ ਵੀ ਜਾਰੀ ਸੀ।

ਮਾਸੀ ਵੀ ਬਹੁਤੀ ਦੇਰ ਉਹਦਾ ਦੁੱਖ ਨਾ ਸਹਾਰ ਸਕੀ ਤੇ ਦੋ ਕੁ ਮਹੀਨੇ ਬਾਅਦ ਉਹ ਵੀ ਰੱਬ ਨੂੰ ਪਿਆਰੀ ਹੋ ਗਈ। ਭਰੇ ਜਹਾਨ 'ਚ ਪ੍ਰੀਤੀ ਜਿਵੇਂ ਇਕੱਲੀ ਪੈ ਗਈ ਸੀ। ਬਾਪ 'ਤੇ

ਵੀ ਕਾਹਦਾ ਮਾਣ ਕਰਦੀ, ਉਸਨੇ ਤਾਂ ਕਦੇ ਮਾਸੀ ਦੇ ਹੁੰਦਿਆਂ ਉਹਦੇ ਨਾਲ ਮੋਹ ਨਹੀਂ ਜਤਾਇਆ ਸੀ। ਮਾਂ ਦੀ ਮੌਤ ਨੇ ਉਹਦੀਆਂ ਪੀੜਾਂ ਦੀ ਗੰਢ ਨੂੰ ਹੋਰ ਪੀਡਾ ਕਰ ਦਿੱਤਾ। ਮੈਂ ਉਹਦੇ ਕੋਲ ਜਾਂਦਾ। ਜਿਵੇਂ ਉਹਦੇ ਵਿਚੋਂ ਉਹਦਾ ਅਸਲ ਆਪਾ ਤਾਂ ਗੁਆਚ ਗਿਆ ਸੀ। ਇੱਕ ਪ੍ਰਾਈਵੇਟ ਸਕੂਲ ਵਿਚ ਨੌਕਰੀ ਕਰ ਲਈ ਉਸਨੇ ਮੇਰੇ ਜ਼ੋਰ ਦੇਣ 'ਤੇ। ਮੈਂ ਸੋਚਿਆ ਸੀ ਕਿ ਚਲੋ ਕੁਝ ਵਾਤਾਵਰਨ ਬਦਲੇਗਾ। ਬੱਚਿਆਂ 'ਚ ਵਿਚਰੇਗੀ ਮਨ ਹੌਲ਼ਾ ਹੋ ਜਾਵੇਗਾ।

ਪਰ ਅਜੇ ਵੀ ਉਸਦਾ ਘਰੋਂ ਭੱਜ ਜਾਣਾ ਜਿਵੇਂ ਤੰਗ ਕਰ ਰਿਹਾ ਹੈ। ਮੈਨੂੰ ਵੀ ਦੁਖ ਦੱਸਣਾ ਜ਼ਰੂਰੀ ਨਹੀਂ ਸਮਝਿਆ ਇਹਨੇ। ਬਥੇਰਾ ਲੱਭਣ ਦੀ ਕੋਸ਼ਿਸ਼ ਕੀਤੀ ਸੀ ਮੈਂ ਤੇ ਮਾਸੜ ਨੇ। ਹੁਣ ਤਾਂ ਜਿਵੇਂ ਆਸ ਛੱਡ 'ਤੀ ਸੀ ਪਰ ਹੁਣ ਅੱਜ ਆਹ ਹਾਲ ਵਿੱਚ.......।

ਸਤਸੰਗ ਸਮਾਪਤ ਹੋ ਗਿਆ ਸੀ। ਪਤਾ ਨੀ ਕਿਉਂ ਮੈਂ ਬਾਤਿਸ਼ ਨੂੰ ਦੂਜੇ ਦਿਨ ਵੀ ਆਉਣ ਲਈ ਹਾਮੀ ਭਰ ਦਿੱਤੀ। ਉਹ ਖੁਸ਼ ਹੋ ਗਿਆ ਸੀ। ਪਰ ਉਸਨੂੰ ਕੀ ਪਤਾ ਮੇਰੇ ਅੰਦਰ ਕੀ ਚੱਲ ਰਿਹਾ ਹੈ? ਮੈਂ ਕਿਉਂ ਹਾਮੀ ਭਰੀ ਹੈ? ਹੁਣ ਤਾਂ ਹਨੇਰਾ ਹੋ ਗਿਆ ਹੈ। ਕੱਲ੍ਹ ਕੋਸ਼ਿਸ਼ ਕਰੂੰਗਾ ਉਸਨੂੰ ਮਿਲਣ ਦੀ।

*    *    *    *

## (ਅਗਲਾ ਦਿਨ)

ਮੇਰਾ ਦਿਮਾਗ ਫਟ ਰਿਹਾ ਹੈ। ਸੋਚਾਂ ਘੁੰਮਣ ਘੇਰੀਆਂ ਖਾ ਰਹੀਆਂ ਹਨ। ਮੈਨੂੰ ਸਮਝ ਨੀ ਆ ਰਿਹਾ ਕਿ ਮੈਂ ਕੀ ਕਰਾਂ। ਰਾਤ ਵੀ ਸਾਰੀ ਉੱਸਲ ਵੱਟੇ ਲੈਂਦਿਆਂ ਹੀ ਗੁਜ਼ਰੀ। ਸੋਚ ਰਿਹਾ ਸੀ, ਉਡੀਕ ਰਿਹਾ ਸੀ ਕਿ ਕਦੋਂ ਸਵੇਰ ਹੋਵੇ।

ਆਖਰ ਸਵੇਰ ਹੋਈ ਤਾਂ ਤਿਆਰ ਹੋ ਕੇ ਬਾਤਿਸ਼ ਨਾਲ ਸਤਸੰਗ ਵਿੱਚ ਆ ਗਿਆ। ਸੀ ਮੈਨੂੰ ਇਉਂ ਕਾਹਲ਼ਾ ਵੇਖਕੇ ਬਾਤਿਸ਼ ਵੀ ਹੈਰਾਨ ਸੀ, ਪਰ ਉਹਨੂੰ ਕੀ ਪਤਾ? ਅੱਜ ਦੀਕਸ਼ਾ ਦਾ ਦਿਨ ਸੀ। ਅੱਜ ਸਿਰਫ ਸਵੇਰੇ ਹੀ ਸਤਸੰਗ ਹੋਣਾ ਸੀ। ਪਹਿਲਾਂ ਸਰਘੀ ਵੇਲੇ ਗੁਰੂ ਜੀ ਨੇ ਦੀਕਸ਼ਾ ਦਿੱਤੀ ਹੋਣੀ ਹੈ। ਉਸਤੋਂ ਬਾਅਦ ਸ਼ਰਧਾਲੂਆਂ ਨੇ ਖਾ-ਪੀ ਕੇ ਫੇਰ ਆ ਬੈਠਣਾ ਸੀ। ਫਿਰ ਉਹੀ ਕੱਲ੍ਹ ਵਾਂਗ ਪਹਿਲਾਂ ਘੰਟਾ ਕੀਰਤਨ ਫੇਰ ਉਸਤੋਂ ਬਾਅਦ ਘੰਟਾ ਗੁਰੂ ਜੀ ਦਾ ਸਤਸੰਗ। ਮੈਨੂੰ ਤਾਂ ਕੀਰਤਨ ਦੀ ਲੋੜ ਸੀ।

ਕੀਰਤਨ ਦੇ ਸਮੇਂ ਮੰਡਲੀ ਸਟੇਜ ਤੇ ਸਸ਼ੋਭਿਤ ਹੋਈ ਤਾਂ ਮੇਰਾ ਦਿਲ ਪਤਾ ਨੀ ਕਿਉਂ ਜ਼ੋਰ ਦੀ ਧੜਕਿਆ ਜਿਵੇਂ ਨਜ਼ਰਾਂ ਉਸੇ ਨੂੰ ਲੱਭ ਰਹੀਆਂ ਹੋਣ, ਪਰ ਆਹ ਕੀ....? ਕੀਰਤਨ ਮੰਡਲੀ ਵਿੱਚ ਕੱਲ੍ਹ ਨਾਲੋਂ ਇੱਕ ਸਾਧਣੀ ਘੱਟ ਸੀ, ਤੇ ਉਹ ਗੈਰ-ਹਾਜ਼ਰ ਸਾਧਣੀ ਪ੍ਰੀਤੀ ਹੀ ਸੀ। ਆਖਰ ਉਹ ਕਿੱਥੇ ਗਈ? ਕਿਉਂ ਗਈ? ਕੀ ਮੇਰੇ ਕਾਰਨ? ਪਰ ਕਿਉਂ? ਮੇਰੀ ਸੋਚ ਜਿਵੇਂ ਜਵਾਬ ਦੇ ਰਹੀ ਸੀ। ਕੀਰਤਨ ਚੱਲ ਪਿਆ ਸੀ, ਸ਼ਰਧਾਲੂ ਝੂਮ ਰਹੇ ਸਨ ਪਰ ਉਹ ਤਾਂ ਝੂਮਣਗੇ ਹੀ ਕਿਉਂਕਿ ਉਹਨਾਂ ਨੂੰ ਇੱਕ ਮੈਂਬਰ ਦੇ ਨਾ ਆਉਣ ਨਾਲ ਕੀ ਫ਼ਰਕ ਪੈਣਾ ਸੀ। ਫ਼ਰਕ ਤਾਂ ਮੈਨੂੰ ਪੈ ਰਿਹਾ ਸੀ। ਮੈਨੂੰ ਜਿਵੇਂ ਹੁਣ ਉਥੇ ਬੈਠਣਾ ਮੁਹਾਲ ਹੋ ਰਿਹਾ ਸੀ। ਮੈਂ ਬਾਤਿਸ਼ ਨੂੰ ਕੁਝ ਬਹਾਨਾ ਲਾ ਕੇ ਬਾਹਰ ਆ ਗਿਆ।

ਮੈਂ ਸੋਚਿਆ, ਸਮਿਤੀ ਵਾਲ਼ਿਆਂ ਨੂੰ ਪੁੱਛਣਾ ਚਾਹੀਦੈ? ਪਰ ਕੀ ਕਹਾਂਗਾ? ਜੀਅ ਕਰੜਾ ਜਿਹਾ ਕਰਕੇ ਮੈਂ ਪੁੱਛ ਗਿੱਛ ਦਫ਼ਤਰ ਵਿੱਚ ਚਲਿਆ ਹੀ ਗਿਆ। ਉਹਨਾਂ ਤੋਂ ਪ੍ਰੀਤੀ ਬਾਰੇ ਪੁੱਛਿਆ, ਆਪਣੇ ਆਪਨੂੰ ਉਸਦਾ ਰਿਸ਼ਤੇਦਾਰ ਦੱਸਿਆ। ਪਰ ਮੈਂ ਹੈਰਾਨ ਹੋਇਆ ਜਦੋਂ ਉਹਨਾਂ ਨੇ ਕਿਹਾ ਕਿ ਪ੍ਰੀਤੀ ਨਾਂ ਦੀ ਤਾਂ ਕੋਈ ਸਾਧਵੀ ਕੀਰਤਨ ਮੰਡਲੀ ਵਿੱਚ ਹੈ ਹੀ ਨਹੀਂ। ਫਿਰ ਉਹਨਾਂ ਅੱਗੇ ਕਿਹਾ ਕਿ—ਇੱਕ ਸਾਧਵੀ ਜੋ ਅੱਜ ਮੰਡਲੀ ਵਿੱਚ ਹਾਜ਼ਰ ਨਹੀਂ ਸੀ ਉਸ ਦਾ ਨਾਂ 'ਰਾਗਨੀ' ਸੀ, ਜੋ ਰਾਤ ਨੂੰ ਅਚਾਨਕ ਤਬੀਅਤ ਖ਼ਰਾਬ ਹੋਣ ਕਾਰਨ ਅੱਜ ਸਵੇਰੇ ਹੀ ਆਸ਼ਰਮ ਵਾਪਸ ਚਲੀ ਗਈ।

ਆਸ਼ਰਮ ਵਾਪਿਸ ਚਲੀ ਗਈ? ਆਖਰ ਕਿਉਂ? ਕੀ ਸੱਚ ਮੁੱਚ ਤਬੀਅਤ ਖਰਾਬ ਹੋ ਗਈ? ਜਾਂ ਫੇਰ ਮੈਨੂੰ ਨਾ ਮਿਲਣ ਦਾ ਬਹਾਨਾ ਸੀ? ਕੀ ਮੈਨੂੰ ਆਸ਼ਰਮ ਜਾਣਾ ਚਾਹੀਦੈ? ਪਰ ਜੇ ਉਹ ਮੈਨੂੰ ਨਾ ਮਿਲਣ ਕਾਰਨ ਹੀ ਆਸ਼ਰਮ ਗਈ ਹੈ ਤਾਂ ਕੀ ਪਤਾ ਉਥੋਂ ਵੀ ਅੱਗੇ ਚੱਲੀ ਜਾਵੇ।

ਮੈਨੂੰ ਕੁਝ ਸਮਝ ਨੀ ਆ ਰਿਹਾ ਕਿ ਆਖਰ ਉਸਨੇ ਅਜਿਹਾ ਕਿਉਂ ਕੀਤਾ? ਉਹਦਾ ਇਸ ਤਰ੍ਹਾਂ ਮੈਨੂੰ ਬਿਨਾ ਮਿਲੇ ਚਲੇ ਜਾਣਾ ਮੇਰੀਆਂ ਸੋਚਾਂ ਵਿੱਚ ਇੱਕ ਪ੍ਰਸ਼ਨ ਚਿੰਨ੍ਹ ਛੱਡ ਗਿਆ ਹੈ!

**ਅਜੇ ਸਮਾਪਤ ਨਹੀਂ.....**

# ਮੰਥਨ—2

ਅੱਜ ਕੀ ਹੋ ਗਿਆ ਇਹ? ਕਿਉਂ ਹੋ ਗਿਆ ਆਖ਼ਰ? ਜੋ ਮੈਂ ਨਹੀਂ ਚਾਹੁੰਦੀ ਸੀ ਜਾਂ ਸ਼ਾਇਦ ਚਾਹੁੰਦੀ ਸੀ? ਪਤਾ ਨਹੀਂ, ਪਰ ਇਸ ਪ੍ਰਤੀ ਮੇਰੇ ਮਨ 'ਚ ਦੋ ਵਿਰੋਧੀ ਪੱਖ ਜਿਹੇ ਉਪਜ ਰਹੇ ਨੇ। ਜਿਵੇਂ ਇੱਕ ਪੱਖ ਤਾਂ ਚਾਹੁੰਦਾ ਸੀ ਕਿ ਤੂੰ ਮਿਲ ਜਾਵੇਂ ਪਰ ਦੂਜਾ ਇਹ ਕਹਿ ਰਿਹਾ ਸੀ ਕਿ ਨਹੀਂ, ਤੇਰਾ ਮਿਲਣਾ, ਵਿਖਾਈ ਦੇਣਾ ਹੁਣ ਠੀਕ ਨਹੀਂ.....।

ਤੂੰ....ਕੀ ਕਹਾਂ ਮੈਂ ਤੈਨੂੰ? ਭਰਾ? ਪਰ ਨਹੀਂ ਹੁਣ ਸਿਰਫ ਭਰਾ ਕਹਿਣ ਨਾਲ਼ ਤਾਂ ਇਸ ਰਿਸ਼ਤੇ ਵਿੱਚ ਇੱਕ ਸੱਖਣਾਪਣ ਜਿਹਾ ਝਲਕਦਾ ਹੈ। ਫੇਰ ਪਿਤਾ....ਪੁੱਤ.....ਪ੍ਰੇਮੀ ਜਾਂ....? ਕੀ ਕਹਾਂ, ਕੀ ਸਮਝਾਂ? ਇਹ ਸਭ ਮੇਰੀ ਸਮਝ ਦੀ ਹੱਦ ਤੋਂ ਪਰ੍ਹੇ ਦੀ ਗੱਲ ਜਾਂ ਸੋਚ ਦੇ ਦਿਸਹੱਦੇ ਤੋਂ ਪਾਰ ਦਾ ਅਮਲ ਭਾਸਦੇ ਨੇ। ਪਰ ਫੇਰ ਕੁਝ ਤਾਂ ਕਹਿਣਾ ਪਵੇਗਾ।

ਦੇਵਤਾ ਜਾਂ ਰੱਬ.....? ਆਹ! ਇਹ ਕੀ ਨਾਂ ਆ ਗਏ ਨੇ ਜ਼ੁਬਾਨ ਤੇ। ਮੈਂ ਤਾਂ ਰੱਬ ਦੀ ਹਸਤੀ 'ਤੋਂ ਵੀ ਮੁਨਕਰ ਸਾਂ ਕਦੇ। ਫੇਰ ਰੱਬ ਕਿੱਥੋਂ ਮੇਰੀ ਚੇਤਨਾ ਵਿੱਚ ਆ ਗਿਆ। ਮੇਰੇ ਜਾਣਕਾਰ ਮੈਨੂੰ ਚੈਨ ਨਾਲ ਕਿੱਥੋਂ ਜਿਉਣ ਦੇਣਗੇ ਕਿ ਮੈਂ ਨਾਸਤਿਕਤਾ ਤੋਂ ਆਸਤਿਕਤਾ ਦੇ ਅਮਲ ਵੱਲ ਕਿਥੋਂ ਮੁੜ ਗਈ।

ਤੂੰ ਕੀ ਕਰ ਦਿੱਤੈ, ਮੇਰੇ ਪ੍ਰੀਤਮ?

ਅੱਜ ਸਤਸੰਗ ਪੰਡਾਲ ਵਿੱਚ ਤੂੰ ਕਿਉਂ ਵਿਖਾਈ ਦੇ ਗਿਉਂ? ਤੇਰਾ ਵਿਖਾਈ ਦੇਣਾ ਮੇਰੇ ਚਿੱਤ 'ਚ ਸਹਿਜਤਾ ਨਾਲ ਚੱਲ ਰਹੇ ਮੰਥਨ ਵਿੱਚ ਅਚਾਨਕ ਭਿਆਨਕਤਾ ਲਿਆ ਗਿਆ ਹੈ। ਮਨ ਦੀ ਅਨੰਤਤਾ ਤੱਕ ਪੱਸਰੇ ਖਲਾਅ 'ਚ ਅਚਾਨਕ ਜਿਵੇਂ ਕੋਈ ਵਿਸਫੋਟ ਹੋ ਗਿਆ ਹੋਵੇ, ਇਸਨੇ ਮੇਰੀ ਚੇਤਨਾ ਅੱਗੇ ਗੁਬਾਰ ਜਿਹਾ ਫੈਲਾ ਦਿੱਤਾ ਹੈ।

ਤੈਨੂੰ ਵੇਖ ਕੇ ਹੁਣੇ ਵਾਪਿਸ ਆਈ ਹਾਂ ਕੁਟੀਆ ਵਿੱਚ। ਇਸ ਬੇਚੈਨੀ ਨੇ ਜਿਵੇਂ ਬਹਿਣਾ ਮੁਹਾਲ ਕਰ ਦਿੱਤਾ ਹੈ। ਉਦੋਂ ਦਾ ਇਧਰੋਂ-ਉੱਧਰ ਚੱਕਰ ਕੱਟਣ ਤੋਂ ਬਿਨਾ ਕੁਝ ਨਹੀਂ ਸੁੱਝ ਰਿਹਾ। ਕਦੇ ਬਹਿ ਜਾਨੀਂ ਆਂ, ਕਦੇ ਪੈ ਜਾਨੀਂ ਆਂ, ਕਦੇ ਉੱਠ ਕੇ ਤੁਰਨ ਫਿਰਨ ਲੱਗ ਜਾਨੀਂ ਹਾਂ।

ਤੂੰ ਹੈਰਾਨ ਤਾਂ ਹੋਵੇਂਗਾ ਜ਼ਰੂਰ, ਹੈ ਨਾ? ਮੈਨੂੰ ਐਨੇ ਚਿਰ ਪਿਛੋਂ ਆਹ ਹਾਲ 'ਚ ਵੇਖਕੇ। ਮੈਂ ਆਪ ਕਦੇ-ਕਦੇ ਆਪਣੀ ਹਾਲਤ 'ਤੇ ਹੈਰਾਨ ਹੋ ਜਾਂਦੀ ਹਾਂ ਕਿ ਮੈਂ ਕੀ ਤੋਂ ਕੀ ਹੋ ਗਈ। ਮੈਂ ਆਪਣੇ ਆਪ ਨੂੰ ਤਾਂ ਫੇਰ ਵੀ ਸਮਝਾ ਲੈਂਦੀ ਹਾਂ ਪਰ ਸ਼ਾਇਦ ਤੈਨੂੰ ਨੀ ਸਮਝਾ ਸਕਦੀ।

ਜੇ ਮੈਂ ਤੈਨੂੰ ਸਮਝਾ ਸਕਦੀ ਹੁੰਦੀ ਤਾਂ ਇਸ ਬਾਣੇ 'ਚ ਆਉਂਦੀ ਹੀ ਕਿਉਂ? ਅੱਜ ਦੀ ਮੇਰੀ ਇਹ ਅਣਹੋਣੀ, ਜੋ ਹੋਣੀ ਬਣ ਗਈ ਹੈ ਇਹ ਇਸੇ ਕਾਰਨ ਹੈ। ਮੈਂ ਤਾਂ ਉਦੋਂ ਵੀ ਤੈਨੂੰ

ਸਮਝਾ ਨਹੀਂ ਸਕੀ ਜਦੋਂ ਤੂੰ ਤੇ ਮੈਂ ਸਰੀਰਕ ਅਤੇ ਆਤਮਿਕ ਤੌਰ ਤੇ ਅੰਗ-ਸੰਗ ਰਹਿੰਦੇ ਸਾਂ।

ਭੈਣ-ਭਰਾ ਦੇ ਰਿਸ਼ਤੇ ਵਿੱਚ ਵਿਚਰਦੇ ਸੀ। ਸਮਾਜ ਦੇ ਸਾਹਵੇਂ ਇਹੋ ਸਾਡਾ ਸੱਚ ਸੀ। ਪਰ ਏਸ ਸੱਚ ਤੋਂ ਪਰ੍ਹੇ, ਦੂਰ ਕਿਸੇ ਦੁਮੇਲ ਵਿੱਚ ਇਸ ਰਿਸ਼ਤੇ ਦੀਆਂ ਅਨੰਤ ਡੂੰਘਾਣਾਂ ਵਿੱਚ ਸਾਡਾ ਅਸਲ ਸੱਚ ਵਿਚਰਦਾ ਸੀ। ਸਾਡੇ ਉਸ ਰਿਸ਼ਤੇ ਨੂੰ ਸਮਾਜ ਨਹੀਂ ਸਮਝ ਸਕਦਾ ਸੀ ਕਿਉਂਕਿ ਇਸਦੀ ਸੋਚ ਐਨੀ ਗਹਿਰੀ ਨਹੀਂ ਉੱਤਰ ਸਕਦੀ। ਉਸਨੇ ਤਾਂ ਇਸ ਰਿਸ਼ਤੇ ਨੂੰ 'ਪਤਿਤ' ਕਹਿ ਦੇਣਾ ਸੀ ਬਿਨਾ-ਸੋਚੇ-ਸਮਝੇ ਕਿਉਂਕਿ ਸਮਾਜ ਤਾਂ ਰਿਸ਼ਤਿਆਂ ਦੀ ਸਿਰਫ ਉਪਰਲੀ ਪਰਤ ਵਿੱਚ ਹੀ ਬਹੁਤਾ ਜਿਉਂ ਰਿਹਾ ਹੈ।

ਤੈਨੂੰ ਯਾਦ ਹੋਵੇਗਾ....ਪਰ ਤੂੰ ਭੁੱਲ ਵੀ ਕਿਵੇਂ ਸਕਦੈਂ ਜਦੋਂ ਮੈਂ ਨੀ ਭੁੱਲੀ। ਬਿਮਾਰੀ ਤੋਂ ਬਾਅਦ ਹਸਪਤਾਲੋਂ ਛੁੱਟੀ ਹੋਣ 'ਤੇ ਮੈਂ ਤੇਰੇ ਸੁੱਤੇ ਪਏ ਦੇ ਨਾਲ ਆ ਪਈ ਸੀ, ਪਿਤਾ ਦੇ ਮੋਹ ਦਾ ਨਿੱਘ ਮਾਣਨ ਲਈ। ਮੈਂ ਤੇਰੇ ਨਾਲ ਇਉਂ ਚਿੰਬੜ ਗਈ ਸੀ ਜਿਵੇਂ ਤੇਰੀ ਨਿੱਕੀ ਜਿਹੀ ਧੀ ਹੋਵਾਂ। ਉਦੋਂ ਤੇਰੀ ਦੇਹ ਵਿਚੋਂ ਬਾਪ ਦੇ ਪਿਆਰ ਦੀ ਮਹਿਕ ਦੇ ਨਾਲ-ਨਾਲ ਇੱਕ ਓਪਰੀ ਜਿਹੀ ਮਹਿਕ ਵੀ ਮੇਰੇ ਧੁਰ ਅੰਦਰ ਤੱਕ ਖਿੰਡ ਗਈ ਸੀ। ਬੜੀ ਸੁਆਦਲੀ ਸੀ ਇਹ ਮਹਿਕ। ਮੈਨੂੰ ਪਹਿਲਾਂ ਅਜਿਹੀ ਮਹਿਕ ਦਾ ਕੋਈ ਭਾਸ ਨਹੀਂ ਸੀ ਕਿਉਂਕਿ ਅਸਲ ਪਿਤਾ ਨਾਲ ਜਦੋਂ ਸੌਂਦੀ ਸੀ ਉਦੋਂ ਮੈਨੂੰ ਆਪਣੇ-ਆਪੇ ਦੀ ਹੋਸ਼ ਨਹੀਂ ਸੀ, ਬਹੁਤ ਛੋਟੀ ਸੀ ਮੈਂ। ਮਤਰੇਏ ਬਾਪ ਨੇ ਕਦੇ ਅਜਿਹਾ ਲਾਡ ਲਡਾਇਆ ਈ ਨਹੀਂ ਸੀ ਕਿ ਮੈਂ ਉਸ ਨਾਲ ਉਸ ਅਧਿਕਾਰ ਨਾਲ ਸੌਂ ਸਕਦੀ। ਪਰ ਤੇਰੀ ਮਹਿਕ ਮੇਰੇ ਧੁਰ ਅੰਦਰ ਤੱਕ ਭਰ ਗਈ ਸੀ।

ਤੂੰ ਤਾਂ ਦੂਜੇ ਦਿਨ ਚਲਿਆ ਗਿਆ ਪਰ ਮੇਰੇ ਅੰਦਰ ਜਿਵੇਂ ਇੱਕ ਖਲਾਅ ਛੱਡ ਗਿਆ। ਪਰ ਜਦੋਂ ਵੀ ਮੈਂ ਉਸ ਖਲਾਅ ਸੰਗ ਵਿਚਰਦੀ, ਕਦੇ ਤੇਰੀ ਉਸ ਮਹਿਕ ਨੂੰ ਮਹਿਸੂਸ ਕਰਦੀ ਤਾਂ ਬਾਵਰੀ ਜਿਹੀ ਹੋ ਜਾਂਦੀ ਸੀ। ਮੈਨੂੰ ਇਉਂ ਲਗਦਾ ਜਿਵੇਂ ਤੂੰ ਮੇਰੇ ਸਾਹਮਣੇ ਈ ਰਹੇਂ ਸਰੀਰਕ ਤੌਰ ਤੇ ਭਾਵੇਂ ਨਾ ਸਹੀ ਪਰ ਮਾਨਸਿਕ ਪੱਖੋਂ ਤੈਥੋਂ ਛੁਟਕਾਰਾ ਪਾਉਣਾ ਮੁਸ਼ਕਿਲ ਲੱਗਦਾ ਜਿਵੇਂ।

ਪਰ ਹੁਣ ਕਿਉਂ ਚਾਹੁੰਦੀ ਹਾਂ ਕਿ ਤੂੰ ਮੈਨੂੰ ਵਿਖਾਈ ਵੀ ਨਾ ਦੇਵੇਂ ਘਟੋ-ਘੱਟ ਸਰੀਰਕ ਪੱਖੋਂ ਤਾਂ ਬਿਲਕੁਲ ਹੀ ਨਹੀਂ। ਮੈਂ ਸਹਿਜ ਵਿੱਚ ਸਾਂ, ਭਾਵੇਂ ਉੱਪਰੋਂ ਈ, ਕਿਉਂਕਿ ਅੰਦਰ ਤਾਂ ਮੰਥਨ ਚਲਦਾ ਰਹਿੰਦਾ ਹੈ। ਇਸ ਤੋਂ ਛੁਟਕਾਰਾ ਔਖਾ ਹੈ। ਪਰ ਜਦੋਂ ਤੂੰ ਦਿਸਿਓਂ ਤਾਂ ਰਿਸ਼ਤਿਆਂ ਦੀ ਯਾਦ ਫੇਰ ਚਲੀ ਆਈ ਹੈ।

ਬੜੇ ਸੁਆਦਲੇ ਲੱਗਦੇ ਨੇ ਇਹ ਰਿਸ਼ਤੇ ਜਦੋਂ ਕੋਈ ਆਪਣਾ ਕੋਲ਼ ਹੁੰਦੈ ਜਾਂ ਉਹਦੇ ਅੰਗ-ਸੰਗ ਰਹਿਣ ਦੀ ਆਸ ਵੀ ਕਾਇਮ ਰਹਿੰਦੀ ਹੈ। ਪਰ ਕਦੇ-ਕਦੇ ਇਹ ਰਿਸ਼ਤੇ ਜਦੋਂ ਹੱਦ ਤੋਂ ਵੱਧ ਨੇੜੇ ਆ ਜਾਣ ਤੇ ਇਹਨਾਂ ਵਿਚਕਾਰ ਕੋਈ ਵਿੱਥ ਈ ਨਾ ਰਹੇ ਤਾਂ ਇਹ ਦੁੱਖ ਵੀ ਦਿੰਦੇ ਨੇ।

ਕਿੰਨਾ ਸਮਝਾਇਆ ਸੀ ਤੂੰ ਮੈਨੂੰ ਰਿਸ਼ਤਿਆਂ ਬਾਰੇ, ਇਹਨਾਂ ਦੀ ਗਹਿਰਾਈ ਬਾਰੇ। ਪਰ ਮੈਂ ਨਿਕਰਮੀ ਤੇਰੇ-ਮੇਰੇ ਰਿਸ਼ਤੇ ਨੂੰ ਹੀ ਅਸਲ-ਮਾਅਨੇ ਵਿੱਚ ਰਿਸ਼ਤਾ ਸਮਝਦੀ ਰਹੀ ਤੇ ਬਾਕੀ ਸਭ ਰਿਸ਼ਤੇ ਖੋਖਲੇ ਜਾਪਦੇ ਸਨ। ਪਰ ਮੈਂ ਕੀ ਕਰਾਂ ਜਾਂ ਉਦੋਂ ਕੀ ਕਰਦੀ? ਇਹ ਹੈ ਵੀ

ਤਾਂ ਸੱਚ ਸੀ। ਘੱਟੋ-ਘੱਟ ਮੈਨੂੰ ਤਾਂ ਇਹੋ ਮਹਿਸੂਸ ਹੁੰਦਾ ਸੀ। ਤੂੰ ਸੋਚਦਾ ਹੋਣਾ ਕਿ ਹੁਣ ਵੀ ਮੇਰੀ ਇਹੋ ਸੋਚ ਕਾਇਮ ਹੈ?

ਹਾਂ ਮੇਰੇ ਪ੍ਰੀਤਮ! ਇਸ ਸੋਚ ਤੋਂ ਛੁਟਕਾਰਾ ਔਖੈ। ਤੂੰ ਕੀ ਸੋਚਦੈਂ ਕਿ ਮੈਂ ਰੱਬ ਨੂੰ ਮੰਨਣ ਲੱਗ ਪਈ? ਰੱਬ ਕੀ ਹੈ? ਘਟੋ-ਘੱਟ ਮੇਰੇ ਵਿਚਾਰ ਵਿੱਚ ਤਾਂ ਅਜਿਹੀ ਸ਼ੈਅ ਜੋ ਮਨੁੱਖੀ ਵੱਸ ਤੋਂ ਪਰ੍ਹੇ ਹੈ। ਜੋ ਚੀਜ਼ ਪ੍ਰਾਪਤ ਹੋ ਜਾਵੇ ਉਹ ਰੱਬ ਨੀ ਰਹਿੰਦੀ। ਰੱਬ ਨੂੰ ਇਸੇ ਕਾਰਨ ਦੁਰਲੱਭ ਕਿਹਾ ਜਾਂਦਾ ਹੈ ਕਿਉਂਕਿ ਉਹ ਪ੍ਰਾਪਤ ਨਹੀਂ ਹੁੰਦਾ। ਜਿਸ ਦਿਨ ਉਹ ਹਰ ਕਿਸੇ ਨੂੰ ਪ੍ਰਾਪਤ ਹੋਣ ਲੱਗ ਪਿਆ, ਉਹ ਰੱਬ ਈ ਨੀ ਰਹਿਣਾ ਉਸ ਦਿਨ। ਫੇਰ ਮੇਰੇ ਲਈ ਜੋ ਦੁਰਲੱਭ ਹੈ, ਉਹੀ ਮੇਰਾ ਰੱਬ ਹੈ।

ਤੂੰ ਕੀ ਸਮਝਦੈਂ ਕਿ ਮੈਂ ਮੀਰਾ ਬਣਕੇ ਨਚਦੀ ਹਾਂ, ਆਪਣੇ ਸ਼ਾਮ ਨੂੰ ਪ੍ਰਾਪਤ ਕਰਨ ਲਈ? ਕੌਣ ਸ਼ਾਮ? ਉਹ ਸ਼ਾਮ ਤਾਂ ਉਸ ਮੀਰਾ ਦਾ ਸੀ। ਪਰ ਇਸ ਮੀਰਾ ਦਾ.....।

ਉਸ ਮੀਰਾ ਨੂੰ ਵੀ ਸਰੀਰਕ ਰੂਪ ਵਿੱਚ ਸ਼ਾਮ ਪ੍ਰਾਪਤ ਨੀ ਸੀ ਹੋਇਆ। ਜੇ ਹੋ ਜਾਂਦਾ ਤਾਂ ਸ਼ਾਇਦ ਮੀਰਾ ਉਹ ਮੀਰਾ ਵੀ ਨਹੀਂ ਬਣ ਸਕਦੀ ਸੀ, ਜੋ ਆਪਣੀਆਂ ਰਚਨਾਵਾਂ ਵਿੱਚ ਐਨਾ ਬਿਰਹਾ ਦਾ ਦਰਦ ਤੇ ਤੜਪ ਭਰਨ ਦੇ ਕਾਬਲ ਹੋ ਸਕੀ ਹੈ। ਸ਼ਾਮ ਦੀ ਪ੍ਰਾਪਤੀ ਉਸ ਅੰਦਰਲੇ ਮੰਥਨ ਨੂੰ ਮਾਰ ਦਿੰਦੀ, ਖਤਮ ਕਰ ਦਿੰਦੀ। ਸ਼ਾਮ ਦਾ ਵਿਯੋਗ ਹੀ ਉਸ ਦੇ ਮੰਥਨ ਨੂੰ ਪ੍ਰਚੰਡ ਕਰਦਾ ਸੀ, ਤੇ ਉਹ ਮੀਰਾ, ਰਾਧਾ ਅਤੇ ਰੁਕਮਣੀ ਨਾਲੋਂ ਵੀ ਉੱਚੀ ਪਦਵੀ ਪ੍ਰਾਪਤ ਕਰ ਗਈ।

ਮੈਂ ਤੈਨੂੰ ਕਿਸ ਰਿਸ਼ਤੇ ਵਿੱਚ ਪ੍ਰਾਪਤ ਕਰਨਾ ਚਾਹੁੰਦੀ ਸੀ ਇਹ ਮੈਂ ਤੈਨੂੰ ਤਾਂ ਕੀ ਆਪਣੇ-ਆਪ ਨੂੰ ਵੀ ਖੋਲ੍ਹ ਕੇ ਸਮਝਾ ਨਾ ਸਕੀ। ਦਸਦੀ ਵੀ ਕਿਵੇਂ? ਹਰ ਰਿਸ਼ਤੇ ਵਿੱਚ ਤੈਨੂੰ ਈ ਤਾਂ ਵੇਖਦੀ ਸੀ।

ਮੈਂ ਤਾਂ ਏਥੋਂ ਤੱਕ ਚਾਹੁੰਦੀ ਸੀ ਕਿ ਤੂੰ ਮੇਰੀ ਕੁੱਖੋਂ ਮੇਰੀ ਔਲਾਦ ਦੇ ਰੂਪ ਵਿੱਚ ਵੀ ਜਨਮ ਲਵੇਂ। ਜਦੋਂ ਮਾਂ ਦੇ ਰੂਪ ਵਿੱਚ ਤੈਨੂੰ ਆਪਣੀ ਔਲਾਦ ਬਣਾ ਕੇ ਮਮਤਾ ਦਾ ਨਿੱਘ ਪ੍ਰਾਪਤ ਕੀਤਾ ਸੀ ਤਾਂ ਉਦੋਂ ਵੀ ਉਹੀ ਜਾਣੀ-ਪਛਾਣੀ ਪਰ ਓਪਰੀ ਜਿਹੀ ਮਹਿਕ ਨੇ ਮੈਨੂੰ ਮਹਿਕਾਇਆ ਸੀ, ਜੋ ਮੇਰੇ ਸਰੀਰ ਦਾ ਹਿੱਸਾ ਸੀ। ਹੁਣ ਵੀ ਹੈ।

ਸ਼ਾਇਦ ਇਹ ਤੈਨੂੰ ਭੁਲੇਖਾ ਏ ਕਿ ਮੈਂ ਤੈਨੂੰ ਮਿਲਣਾ ਨੀ ਚਾਹੁੰਦੀ ਜਾਂ ਤੇਰੀ ਹੋਂਦ ਨੂੰ ਆਪਣੇ-ਆਪ 'ਚੋਂ ਮੁਨਫ਼ੀ ਕਰਨਾ ਚਾਹੁੰਦੀ ਹਾਂ। ਹਾਂ ਮਨਫ਼ੀ ਕਰਨਾ ਚਾਹੁੰਦੀ ਹਾਂ ਪਰ ਸਿਰਫ ਤੇਰੀ ਸਰੀਰਕ ਹੋਂਦ। ਆਤਮਿਕ ਹੋਂਦ ਤੋਂ ਮੁਨਕਰ ਹੋਣਾ ਮੇਰੇ ਵੱਸ ਤੋਂ ਪਰ੍ਹੇ ਦੀ ਗੱਲ ਹੈ ਕਿਉਂਕਿ ਆਤਮਾ ਤੋਂ ਬਿਨਾਂ ਜਿਉਂਦੇ ਸਰੀਰ ਦੀ ਕਲਪਨਾ ਕਿਵੇਂ ਕੀਤੀ ਜਾ ਸਕਦੀ ਹੈ। ਜੇ ਮੈਂ ਅੱਜ ਜਿਉਂਦੀ ਹਾਂ ਤਾਂ ਤੂੰ ਮੈਥੋਂ ਵੱਖ ਕਿਵੇਂ ਹੋ ਸਕਦੈਂ।

ਜਦੋਂ ਤੋਂ ਮੈਂ ਸਤਸੰਗ ਵਿਚੋਂ ਆਈ ਹਾਂ ਮੇਰੇ ਅੰਦਰਲਾ ਮੰਥਨ ਤੇਜ਼ ਹੋ ਗਿਆ ਹੈ। ਮੈਂ ਕੀ ਕਰਾਂ, ਕੀ ਨਾ ਕਰਾਂ। ਕਦੇ ਚਿੱਤ ਕਰ ਰਿਹੈ ਕਿ ਤੈਨੂੰ ਮਿਲਾਂ। ਮੈਨੂੰ ਪਤਾ ਕਿ ਤੂੰ ਵੀ ਮੈਨੂੰ ਮਿਲਣ ਲਈ ਉਤਾਵਲਾ ਹੋਵੇਂਗਾ। ਜਦੋਂ ਪੰਡਾਲ 'ਚ ਬੈਠਾ ਮੈਨੂੰ ਵੇਖ ਰਿਹਾ ਸੀ ਤਾਂ ਮੈਂ ਤੇਰੇ ਮਨ ਦੀ ਹਾਲਤ ਸਮਝ ਸਕਦੀ ਸੀ, ਪਰ ਮੈਂ ਕੀ ਕਰਾਂ?

ਸ਼ੁਰੂ ਤੋਂ ਹੀ ਮੈਂ ਤੇਰੇ ਪ੍ਰਤੀ ਆਪਣੇ ਜਜ਼ਬਿਆਂ ਨੂੰ ਤੇਰੇ ਤੱਕ ਤਾਂ ਦੂਰ ਆਪਣੇ-ਆਪ ਨੂੰ ਵੀ ਸਪਸ਼ਟ ਨਹੀਂ ਕਰ ਸਕੀ। ਕੀ ਮੈਂ ਤੈਨੂੰ ਪਿਆਰ ਕਰਦੀ ਹਾਂ?

ਹਾਂ ਪਿਆਰ ਤਾਂ ਕਰਦੀ ਹਾਂ। ਹਰ ਰਿਸ਼ਤੇ ਵਿੱਚ ਪਿਆਰ ਤਾਂ ਜ਼ਰੂਰੀ ਸ਼ੈਅ ਹੈ। ਪਰ ਮੈਂ ਕਿਸ ਪਿਆਰ ਨੂੰ ਮਹਿਸੂਸ ਕਰਨਾ ਚਾਹੁੰਦੀ ਸਾਂ? ਮੈਂ ਤੈਨੂੰ ਕਿਸ ਰੂਪ ਵਿੱਚ ਪ੍ਰਾਪਤ ਕਰਨ ਲਈ ਭਟਕ ਰਹੀ ਸੀ? ਉਹ ਕਿਹੜੀ ਕਸਤੂਰੀ ਸੀ ਤੇਰੀ ਹੋਂਦ ਵਿੱਚ ਜਿਸਦੀ ਮਹਿਕ ਪਲ-ਪਲ ਮੈਨੂੰ ਬੇਚੈਨ ਕਰ ਰਹੀ ਸੀ? ਇਹ ਮੈਨੂੰ ਉਸ ਵੇਲੇ ਸਮਝ ਤੋਂ ਪਰ੍ਹੇ ਦੀ ਗੱਲ ਜਾਪਦੀ ਸੀ। ਮੈਂ ਆਪਣੇ ਆਪ ਨੂੰ ਕਨਵਿੰਸ ਨਹੀਂ ਸੀ ਕਰ ਪਾ ਰਹੀ।

ਇਸ ਲਈ ਮੈਂ ਉਦੋਂ ਵੀ ਭਟਕ ਰਹੀ ਸਾਂ ਤੇ ਹੁਣ ਵੀ।

ਤੇਰੇ ਨਾਲ ਹਰ ਰਿਸ਼ਤੇ ਦੀ ਗਹਿਰਾਈ, ਸ਼ਿੱਦਤ, ਅਪਣੱਤ, ਛੋਹ.....ਪਤਾ ਨਹੀਂ ਕੀ ਕੁਝ ਮਾਣ ਕੇ ਵੇਖਣਾ ਚਾਹੁੰਦੀ ਸੀ ਤਾਂਕਿ ਮੈਨੂੰ ਪਤਾ ਲੱਗ ਸਕੇ ਕਿ ਤੇਰੇ ਨਾਲ ਕਿਸ ਰਿਸ਼ਤੇ ਵਿੱਚ ਮੈਨੂੰ ਸਕੂਨ ਮਿਲ ਸਕਦਾ ਹੈ, ਮੇਰੇ ਵਿੱਚ ਸਹਿਜਤਾ ਆ ਸਕਦੀ ਹੈ।

ਇਸੇ ਕਾਰਨ ਮੈਂ ਭੈਣ-ਭਰਾ ਦੇ ਰਿਸ਼ਤੇ ਤੋਂ ਉੱਪਰ ਉੱਠ ਕੇ ਤੈਨੂੰ ਪਿਤਾ ਦੇ ਰੂਪ ਵਿੱਚ ਵੀ ਵੇਖਿਆ। ਫੇਰ ਤੈਨੂੰ ਯਾਦ ਹੋਣੈ ਕਿ ਸ਼ਿਮਲੇ ਤੈਨੂੰ ਆਪਣੇ ਪੁੱਤ ਦੇ ਰੂਪ ਵਿੱਚ ਵੀ ਮਹਿਸੂਸ ਕੀਤਾ ਸੀ। ਮੇਰੇ ਮਨ 'ਚੋਂ ਉਸ ਵੇਲੇ ਏਹੋ ਦੁਆ ਨਿਕਲੀ ਸੀ ਕਿ 'ਕਾਸ਼! ਅਗਲੇ ਜਨਮ ਵਿੱਚ ਤੂੰ ਮੇਰੀ ਕੁੱਖ 'ਚੋਂ ਜਨਮ ਲਵੇਂ। ਜਦੋਂ ਤੂੰ ਨਿੱਕੇ ਜਿਹੇ ਬਾਲ ਵਾਂਗ ਮੇਰੀ ਬੁੱਕਲ 'ਚ ਪਿਆ ਸੀ, ਮੈਨੂੰ ਇਉਂ ਮਹਿਸੂਸ ਹੋਇਆ ਸੀ ਜਿਵੇਂ ਮੇਰੀਆਂ ਛਾਤੀਆਂ 'ਚੋਂ ਆਪ-ਮੁਹਾਰੇ ਦੁੱਧ ਫੁੱਟ ਪਿਆ ਹੋਵੇ।

ਪਰ ਜਦੋਂ ਉਥੋਂ ਵਾਪਸ ਆਈ ਤਾਂ ਇਹ ਤੜਪ ਘਟਣ ਦੀ ਥਾਂ ਹੋਰ ਵਧ ਗਈ। ਮੈਂ ਹਰ ਵੇਲੇ ਤੈਨੂੰ ਆਪਣੇ ਅੰਗ-ਸੰਗ ਮਹਿਸੂਸ ਕਰ ਰਹੀ ਸੀ। ਹਰ ਰਿਸ਼ਤਾ ਮੈਂ ਤੇਰੇ ਨਾਲ ਮਹਿਸੂਸ ਕਰ ਰਹੀ ਸੀ।

ਪਰ ਹਰ ਰਿਸ਼ਤਾ ਤੇਰੇ ਨਾਲ ਕਿਵੇਂ ਮਹਿਸੂਸ ਕੀਤਾ ਜਾ ਸਕਦਾ ਸੀ ਭਲਾ। ਜਦੋਂ ਬੇਬੇ ਨੇ ਮੇਰੇ ਰਿਸ਼ਤੇ ਦੀ ਗੱਲ ਤੋਰੀ ਤਾਂ ਮੈਂ ਸੋਚਣ ਲੱਗੀ, 'ਮੇਰਾ ਰਿਸ਼ਤਾ? ਕਿਸ ਨਾਲ? ਮਾਂ-ਬਾਪ, ਭੈਣ-ਭਰਾ, ਤੇ ਹੋਰ ਬਾਕੀ ਸਾਰੇ ਰਿਸ਼ਤਿਆਂ ਵਿਚੋਂ ਔਰਤ ਲਈ ਪਤੀ ਦਾ ਰਿਸ਼ਤਾ ਸਭ ਤੋਂ ਵੱਧ ਮਹੱਤਵਪੂਰਨ ਹੁੰਦੈ, ਕਿਉਂਕਿ ਇਸੇ ਰਿਸ਼ਤੇ ਦੀ ਹੋਂਦ ਚਿਰ ਸਥਾਈ ਰਹਿੰਦੀ ਹੈ। ਕਦੇ-ਕਦੇ ਤਾਂ ਇੱਕ ਜਨਮ ਵੀ ਘੱਟ ਲਗਦੈ ਇਸ ਲਈ।

ਮੈਨੂੰ ਪਤਾ ਸੀ ਕਿ ਮੇਰੇ ਸੁਭਾਅ ਦੀ ਸ਼ਿੱਦਤ ਤੇ ਗਹਿਰਾਈ ਜੇ ਕੋਈ ਸਮਝ ਸਕਦੈ ਤਾਂ ਉਹ ਤੂੰ ਸੀ ਸਿਰਫ। ਬਾਪ ਦਾ ਪਿਆਰ ਨਾ ਮਿਲਿਆ, ਮੈਂ ਤੇਰੇ ਵਿਚੋਂ ਪ੍ਰਾਪਤ ਕਰ ਲਿਆ। ਮਾਂ ਦੀ ਹੋਣੀ ਵੀ ਮੈਂ ਸਮਝ ਸਕਦੀ ਸੀ। ਉਹ ਮੇਰੇ ਨਾਲੋਂ ਵੱਧ ਮੇਰੇ-ਮਤਰੇਏ ਭੈਣ-ਭਰਾਵਾਂ ਦਾ ਕਰਨਾ ਚਾਹੁੰਦੀ ਸੀ, ਕਿਉਂਕਿ ਇਹੀ ਉਸਨੂੰ ਮੁਢਲਾ ਫਰਜ਼ ਲਗਦਾ ਸੀ ਤਾਂਕਿ ਉਹ ਮਤਰੇਈ ਮਾਂ ਨਾ ਵੱਜੇ। ਪਰ ਏਸ ਪੱਖੋਂ ਕਦੇ-ਕਦੇ ਉਹ ਮੇਰੇ ਨਾਲ ਜਾਣੇ-ਅਣਜਾਣੇ ਬੇਇਨਸਾਫ਼ੀ ਕਰ ਜਾਂਦੀ ਸੀ। ਮੈਂ ਉਹ ਵੀ ਬਰਦਾਸ਼ਤ ਕਰ ਲੈਂਦੀ ਸੀ ਤੇਰੇ ਕੋਲ ਆਪਣਾ ਦੁਖ ਰੋ ਕੇ।

ਪਰ, ਪਤੀ ਦਾ ਰਿਸ਼ਤਾ......? ਮੈਂ ਕਿਸੇ ਨੂੰ ਕਿਵੇਂ ਸਮਝਾਉਂਦੀ ਕਿ ਇਸ ਰਿਸ਼ਤੇ

ਵਿੱਚ ਇੱਕ ਦੂਜੇ ਦੇ ਸੁਭਾਅ ਨੂੰ ਸਮਝਣਾ ਕਿੰਨਾ ਜ਼ਰੂਰੀ ਹੁੰਦੈ। ਇਸ ਲਈ ਡਰ ਲਗਦਾ ਸੀ ਕਿ ਜੇ ਕਿਤੇ ਮੇਰੇ ਹੋਣ ਵਾਲੇ ਪਤੀ ਨੇ ਮੈਨੂੰ ਉਵੇਂ ਨਾ ਸਮਝਿਆ ਜਿਵੇਂ ਤੂੰ ਸਮਝਦਾ ਸੀ ਫੇਰ? ਮਨ ਦੇ ਕਿਸੇ ਕੋਨੇ 'ਚੋਂ ਇਹ ਅਵਾਜ਼ ਜ਼ਰੂਰ ਉੱਠਦੀ ਕਿ ਮੇਰਾ ਪਤੀ ਤੇਰੇ ਵਰਗਾ ਹੀ ਹੋਵੇ ਤਾਂ ਚੰਗਾ। ਇਸੇ ਲਈ ਤਾਂ ਤੈਨੂੰ ਕਿਹਾ ਸੀ ਕਿ ਮੇਰਾ ਵਰ ਤੂੰ ਹੀ ਸਿਲੈਕਟ ਕਰੇਂ।

ਪਰ ਭੁੱਲ ਗਈ ਸਾਂ ਮੈਂ। ਤੇਰੇ ਵਰਗਾ ਪਤੀ ਚਾਹੁਣ ਲੱਗ ਪਈ। ਤੇਰੇ ਵਰਗਾ? ਉਹ ਤਾਂ ਤੂੰ ਹੀ ਸੈਂ। ਤੇਰੇ ਵਰਗਾ ਹੋਰ ਕੋਈ ਕਿਵੇਂ ਹੋ ਸਕਦੈ। ਤੈਥੋਂ ਵਧੀਆ ਜਾਂ ਘਟੀਆ ਤਾਂ ਹੋ ਸਕਦੈ ਪਰ ਬਿਲਕੁਲ ਤੇਰੇ ਵਰਗਾ ਨਹੀਂ ਹੋ ਸਕਦਾ ਕਿਉਂਕਿ ਵਿਗਿਆਨ ਆਖਦਾ ਹੈ ਕਿ ਕੋਈ ਦੋ ਇਨਸਾਨ ਬਿਲਕੁਲ ਇਕੋ ਜਿਹੇ ਨਹੀਂ ਹੋ ਸਕਦੇ।

ਮੈਂ ਤੈਨੂੰ ਹੀ ਕਿਹਾ ਕਿ ਤੂੰ ਹੀ ਟੋਲਦੇ ਆਪਣੇ ਵਰਗਾ।.....ਤੇ ਤੂੰ ਵੀ ਟੋਲ ਦਿੱਤਾ, ਆਪਣੇ ਵੱਲੋਂ ਤਾਂ ਬਹੁਤ ਵਧੀਆ ਟੋਲਿਆ; ਕਿਉਂਕਿ ਤੂੰ ਮੇਰਾ ਬੁਰਾ ਕਿਵੇਂ ਸੋਚ ਸਕਦੈਂ। ਪਰ ਤੂੰ ਵੀ ਤਾਂ ਆਖਰ ਇਨਸਾਨ ਹੀ ਸੀ। ਫੇਰ ਇੱਕ ਇਨਸਾਨ ਦੂਜੇ ਨੂੰ ਪਛਾਣਨ ਵਿੱਚ ਗਲਤੀ ਕਰ ਹੀ ਜਾਂਦੈ ਅਕਸਰ।

ਪਰ ਉਹ ਇਨਸਾਨ ਨਹੀਂ ਸਗੋਂ ਸ਼ੈਤਾਨ ਤੋਂ ਵੀ ਭੈੜਾ ਨਿਕਲਿਆ ਸੀ। ਥੋੜ੍ਹੀ ਹੀ ਦੇਰ ਵਿੱਚ ਉਹ ਆਪਣੇ ਅਸਲ ਰੂਪ ਵਿੱਚ ਆ ਗਿਆ ਤੇ ਮੇਰੇ ਮਨ ਵਲੋਂ ਸਜਾਏ ਸੁੱਖਾਂ-ਲੱਦੇ ਸੁਪਨਿਆਂ ਤੇ ਸੱਧਰਾਂ ਨੂੰ ਘਰੋੜ ਦਿੱਤਾ ਉਸਨੇ। ਫੁੱਲਾਂ ਤੋਂ ਵੀ ਨਾਜ਼ਕ ਚਾਵਾਂ ਨੂੰ ਨੋਚ ਸੁੱਟਿਆ ਉਸ ਜ਼ਾਲਮ ਨੇ। ਮੈਂ ਤਨ ਦੇ ਸੋਹਣੇ ਦੀ ਕਦੇ ਆਸ ਨਹੀਂ ਸੀ ਕੀਤੀ ਪਰ ਮਨ ਦਾ ਸੋਹਣਾ ਜ਼ਰੂਰ ਲੋਚਿਆ ਸੀ। ਪਰ ਉਹ ਤਾਂ ਤਨੋਂ ਤੇ ਮਨੋਂ ਦੋਹਾਂ ਤੋਂ ਖੋਟੇ ਤੋਂ ਵੀ ਖੋਟਾ ਨਿੱਕਲਿਆ।

ਮੈਂ ਜਿੰਨਾ ਐਡਜੈਸਟ ਕਰ ਸਕਦੀ ਸੀ ਕੀਤਾ ਪਰ ਕਿੰਨਾ ਕੁ ਕਰ ਸਕਦੈ ਕੋਈ। ਹਰੇਕ ਚੀਜ਼ ਦੀ ਹੱਦ ਹੁੰਦੀ ਏ। ਮੈਂ ਤਾਂ ਮਾਂ-ਬਾਪ ਨੂੰ ਵੀ ਆਪਣੀ ਹਾਲਤ ਨਹੀਂ ਦਸਦੀ ਸੀ। ਉਹਦੇ ਵਿਚੋਂ ਤੈਨੂੰ ਵੇਖਣ ਦੀ ਕੋਸ਼ਿਸ਼ ਕਰਦੀ। ਜਦੋਂ ਉਹ ਸਾਹਮਣੇ ਆਉਂਦਾ ਤਾਂ ਉਹਦੇ ਵਿਚੋਂ ਤੇਰਾ ਅਕਸ ਵੇਖਦੀ। ਪਰ ਜਦੋਂ ਉਹਦੀਆਂ ਕੋਝੀਆਂ ਹਰਕਤਾਂ ਸ਼ੁਰੂ ਹੋ ਜਾਂਦੀਆਂ ਤਾਂ ਤੂੰ ਕਿਧਰੇ ਅਲੋਪ ਹੋ ਜਾਂਦਾ।

ਮੇਰੇ ਪ੍ਰੀਤਮ ! ਵੇ ਡਾਹਢਿਆ ! ਤੇਰੇ ਤੋਂ ਅਪਣੱਤ ਅਤੇ ਮੋਹ ਈ ਐਨਾ ਮਿਲਿਆ ਕਿ ਮੈਂ ਇਸਦੀ ਆਦੀ ਹੋ ਗਈ। ਕਦੇ-ਕਦੇ ਉਹਦੇ ਵਾਂਗ ਜ਼ਾਲਮ ਬਣ ਜਾਂਦਾ, ਦੂਜਿਆਂ ਵਾਂਗ ਰਿਸ਼ਤਿਆਂ ਵਿੱਚ ਖੋਖਲਾਪਣ ਵਿਖਾ ਦਿੰਦਾ ਤਾਂ ਮੈਂ ਜ਼ਰਾ ਮਜ਼ਬੂਤ ਬਣ ਜਾਂਦੀ। ਮੈਂ ਤੈਨੂੰ ਰੱਬ ਦਾ ਨਾਂ ਦਿੱਤੈ, ਪਰ ਰੱਬ ਵੀ ਕਦੇ-ਕਦੇ ਡਾਹਢੀਆਂ ਕਰ ਜਾਂਦੈ ਮੈਂ ਸੁਣਿਐ, ਉਹ ਵੀ ਕਦੇ ਬੇਪਰਵਾਹ ਹੋ ਜਾਂਦੈ......ਪਰ ਤੂੰ ਤਾਂ ਉਹ ਵੀ ਨਾ ਕੀਤੀਆਂ। ਤਾਂ ਹੀ ਤਾਂ ਮੈਂ ਹੋਈ ਤੋਂ ਅਣਹੋਈ ਹੋ ਗਈ।

ਤੂੰ ਸੋਚਦਾ ਹੋਵੇਂਗਾ ਕਿ ਮੈਂ ਚੰਡੀਗੜ੍ਹੋਂ ਆ ਕੇ ਅਚਾਨਕ ਘਰੋਂ ਭੱਜ ਗਈ। ਤੈਨੂੰ ਮਿਲਣਾ ਜਾਂ ਦੱਸਣਾ ਵੀ ਜ਼ਰੂਰੀ ਨਾ ਸਮਝਿਆ। ਅੜਿਆ, ਦੱਸ ਕੇ ਵੀ ਕੀ ਕਰਦੀ, ਤੂੰ ਫੇਰ ਮੇਰੇ ਪੈਰ ਬੰਨ੍ਹ ਦੇਣੇ ਸੀ। ਗੁੱਸੇ ਹੋਵੇਂਗਾ ਮੇਰੇ ਨਾਲ, ਹੈ ਨਾ? ਚੱਲ ਹੋ ਲੈ। ਕਦੇ ਤਾਂ ਗੁੱਸੇ ਵੀ ਹੋ ਮੇਰੇ ਰਾਣਿਆ, ਤੈਨੂੰ ਤਾਂ ਮੇਰੇ ਪ੍ਰਤੀ ਹਰ ਅਖਤਿਆਰ ਹਾਸਿਲ ਹੈ।

ਪਰ ਮੈਂ ਕੀ ਦੱਸਾਂ ਕਿ ਮੈਂ ਚੰਡੀਗੜ੍ਹੋਂ ਕਿਉਂ ਆਈ ਤੇ ਘਰੋਂ ਕਿਉਂ ਭੱਜੀ। ਚੰਡੀਗੜ੍ਹੋਂ ਤਾਂ ਛੇਤੀ ਆਉਣਾ ਹੀ ਜ਼ਰੂਰੀ ਸਮਝਿਆ ਮੈਂ। ਤੈਨੂੰ ਵੀ ਤਾਂ ਪਤੈ ਕਿ ਤੇਰੀਆਂ ਨਜ਼ਰਾਂ ਵਿੱਚ ਮੈਂ ਤੈਨੂੰ ਪਾਪ ਕਰਨ ਲਈ ਉਕਸਾ ਰਹੀ ਸੀ। ਜਦਕਿ ਤੇਰੇ ਪ੍ਰਤੀ ਮੇਰੇ ਮਨ 'ਚ ਪਾਪ-ਪੁੰਨ ਕੁਝ ਨਹੀਂ ਉਪਜਦਾ। ਤੇਰੇ ਨਾਲ ਹੁੰਦੀ ਹੋਈ ਤਾਂ ਮੈਂ ਇਹਨਾਂ ਤੋਂ ਉੱਪਰ ਉੱਠ ਜਾਂਦੀ ਸੀ। ਪਰ ਤੈਨੂੰ ਤਾਂ ਇਹ ਪਾਪ ਈ ਲੱਗਿਆ ਸੀ। ਇਸ ਲਈ ਮੈਂ ਤੈਨੂੰ ਤੇਰੀਆਂ ਈ ਨਜ਼ਰਾਂ 'ਚ ਗਿਰਦੇ ਵੇਖਣਾ ਨਹੀਂ ਚਾਹੁੰਦੀ ਸੀ। ਕਿਉਂਕਿ ਮੈਨੂੰ ਪਤਾ ਸੀ ਕਿ ਮੇਰੀ ਹਾਲਤ ਨੂੰ ਵੇਖਕੇ ਤੂੰ ਉਹ ਸਭ ਵੀ ਕਰ ਜਾਂਦਾ ਪਰ ਫੇਰ ਤੂੰ ਆਵਦੀਆਂ ਨਜ਼ਰਾਂ 'ਚ ਈ ਅਪਰਾਧੀ ਬਣ ਜਾਂਦਾ। ਮੇਰੇ ਅੰਦਰਲਾ ਮੰਥਨ ਤਾਂ ਰੁੱਕ ਜਾਂਦਾ ਸ਼ਾਇਦ ਮੈਂ ਤ੍ਰਿਪਤ ਵੀ ਹੋ ਜਾਂਦੀ ਅੰਮ੍ਰਿਤ ਪਾ ਕੇ। ਪਰ ਜੋ ਜ਼ਹਿਰ ਬਚਣਾ ਸੀ ਉਹ ਤੈਨੂੰ ਪੀਣਾ ਪੈਣਾ ਸੀ, ਉਸਨੂੰ ਪੀ ਕੇ ਜੋ ਤੇਰੀ ਹਾਲਤ ਹੋਣੀ ਸੀ ਉਹ ਮੈਥੋਂ ਵੀ ਜ਼ਰੀ ਨਹੀਂ ਸੀ ਜਾਣੀ। ਇਸ ਲਈ ਮੈਂ ਆਪਣੇ ਅੰਦਰਲੇ ਮੰਥਨ ਨੂੰ ਜਾਰੀ ਰਹਿਣ ਦਾ ਫੈਸਲਾ ਕਰਕੇ ਤੇ ਤੈਨੂੰ ਕਦੇ ਨਾ ਮਿਲਣ ਬਾਰੇ ਸੋਚਕੇ ਚੰਡੀਗੜ੍ਹੋਂ ਆ ਗਈ।

ਬਾਅਦ ਵਿੱਚ ਵੀ ਕਦੇ-ਕਦੇ ਤੂੰ ਆਉਂਦਾ ਸੀ ਮੈਂ ਤੈਨੂੰ ਆਉਣ ਤੋਂ ਤਾਂ ਰੋਕ ਨੀ ਸਕਦੀ ਸੀ। ਪਰ ਮੈਂ ਮਨ ਨੂੰ ਸਮਝਾਉਣ ਦੀ ਕੋਸ਼ਿਸ਼ ਜ਼ਰੂਰ ਕਰਦੀ ਸੀ। ਤੇਰੇ ਜ਼ੋਰ ਦੇਣ ਤੇ ਨੌਕਰੀ ਵੀ ਕਰ ਲਈ ਸੀ ਸਕੂਲ 'ਚ। ਤੇਰਾ ਕਿਹਾ ਕਿਵੇਂ ਮੋੜ ਸਕਦੀ ਆਂ ਮੈਂ ਭਲਾ। ਮਾਂ ਮੈਨੂੰ ਵੇਖ-ਵੇਖ ਅੰਦਰੇ-ਅੰਦਰ ਰਿਝਦੀ ਰਹਿੰਦੀ, ਧੁਖਦੀ ਰਹਿੰਦੀ ਗਿੱਲੀ ਧੂਣੀ ਵਾਂਗ.....ਪਰ ਉਹਤੋਂ ਵੀ ਜ਼ਿਆਦਾ ਦੇਰ ਤੱਕ ਮੇਰੀ ਹਾਲਤ ਨਾ ਵੇਖੀ ਜਾ ਸਕੀ। ਇਹਦੇ ਨਾਲੋਂ ਤਾਂ ਉਹਨੇ ਇਥੋਂ ਤੁਰ ਜਾਣਾ ਚੰਗਾ ਸਮਝਿਆ।

ਭਰੇ ਜਹਾਨ 'ਚ ਮਾਂ ਮੈਨੂੰ ਕੱਲੀ ਛੱਡ ਗਈ। ਪਤਾ ਨੀ ਕਿੰਨੇ ਕੁ ਦੁੱਖ ਤੇ ਕਿੰਨੀਆਂ ਪੀੜਾਂ ਨੂੰ ਆਪਣੀ ਝੋਲੀ 'ਚ ਸਮਾਉਣਾ ਸੀ ਅਜੇ। ਇੱਕ ਵਾਰ ਤਾਂ ਸੋਚਿਆ ਸੀ ਕਿ ਕੀ ਕਰਾਂ.....ਕੀ ਨਾ ਕਰਾਂ। ਫੇਰ ਬਾਪ ਦਾ ਚਿਹਰਾ ਸਾਹਵੇਂ ਆ ਜਾਂਦਾ। ਉਹਦਾ ਸਕਾ ਪੁੱਤ ਪਰ ਮੇਰਾ ਮਤਰੇਆ ਭਰਾ ਤਾਂ ਹੋਇਆ ਵੀ ਨਾ ਹੋਇਆਂ ਵਰਗਾ ਸੀ। ਨਾ ਚੱਜ ਨਾਲ ਪੜ੍ਹਿਆ ਨਾ ਕੋਈ ਕੰਮ ਸਿੱਖਿਆ। ਕਦੇ ਕਿਸੇ ਫੈਕਟਰੀ 'ਚ ਨੌਕਰੀ ਕਰਨ ਲੱਗ ਜਾਂਦਾ ਕਦੇ ਸਬਜ਼ੀ ਮੰਡੀ 'ਚ ਸਬਜ਼ੀ ਵੇਚਣ। ਬਾਪ ਭਾਵੇਂ ਮਤਰੇਆ ਸੀ ਪਰ ਤਾਂ ਵੀ ਆਖਰ ਰਿਸ਼ਤੇ 'ਚ ਤਾਂ ਬਾਪ ਈ ਸੀ। ਚਲੋ ਉਹਦਾ ਸਹਾਰਾ ਬਣ ਜਾਂਦੀ ਆਂ, ਜ਼ਿੰਦਗੀ ਨੂੰ ਜਿਉਣ ਦਾ ਏਹੋ ਪੱਜ ਸਹੀ, ਇਹੀ ਸੋਚਕੇ ਤਾਂ ਮੈਂ ਨੌਕਰੀ ਜਾਰੀ ਰੱਖੀ। ਭਾਵੇਂ ਉਹਨੇ ਤਾਂ ਕਦੇ ਬਾਪ ਬਣਕੇ ਮੇਰੇ ਸਿਰ 'ਤੇ ਕਦੇ ਹੱਥ ਵੀ ਨਾ ਰੱਖਿਆ.....।

ਪਰ ਹੱਥ ਤਾਂ ਉਸਨੇ ਰੱਖਿਆ ਸੀ ਇੱਕ ਦਿਨ.....ਨਹੀਂ ਸਗੋਂ ਇੱਕ ਰਾਤ....., ਸੁੱਤੀ ਪਈ ਦੇ ਮੇਰੇ ਸਿਰ 'ਤੇ......ਮੇਰੇ ਮੱਥੇ 'ਤੇ,.....ਮੇਰੀਆਂ ਗੱਲ੍ਹਾਂ 'ਤੇ......ਫੇਰ ਬੁੱਲ੍ਹਾਂ 'ਤੇ.......ਤੇ ਫੇਰ ਉਹ ਹੱਥ ਸਰਕਦਾ ਹੋਇਆ ਮੇਰੀਆਂ ਛਾਤੀਆਂ ਤੇ ਆ ਗਿਆ ਸੀ। ਮੈਂ ਉੱਠ ਬੈਠੀ ਸੀ ਤ੍ਰਭਕ ਕੇ। ਐਨਾ ਈ ਨਿੱਕਲਿਆ ਸੀ ਮੂੰਹੋਂ—

"ਕੀ ਹੋ ਗਿਐ ਬਾਪੂ ਤੈਨੂੰ.....?"

ਪਰ ਉਹ ਬਾਪੂ ਕਿੱਥੇ ਸੀ, ਉਹ ਤਾਂ ਸ਼ੈਤਾਨ ਸੀ, ਹਵਸ ਦਾ ਜਨੂੰਨ ਚੜ੍ਹਿਆ ਹੋਇਆ ਸੀ ਉਹਦੇ ਦਿਲੋ-ਦਿਮਾਗ 'ਤੇ। ਮੈਂ ਵਿਚਾਰੀ ਇੱਕ ਵਹਿਸ਼ੀ ਮਰਦ ਦਾ ਵਿਰੋਧ ਕਿੰਨੀ ਕੁ ਦੇਰ

ਕਰ ਸਕਦੀ ਸੀ।

ਬਾਅਦ ਵਿੱਚ ਉਹਦੇ ਮਾਫ਼ੀਆਂ ਮੰਗਣ ਨਾਲ ਕੀ ਹੁੰਦਾ ਭਲਾ? ਰਿਸ਼ਤਿਆਂ ਤੋਂ ਰਹਿੰਦਾ ਸਹਿੰਦਾ ਯਕੀਨ ਵੀ ਉੱਠ ਗਿਆ ਮੇਰਾ। ਮੈਂ ਸੋਚਣ ਲਗੀ ਹੁਣ ਕੀ ਕਰਾਂ? ਕਿੱਧਰ ਜਾਵਾਂ? ਤੇਰੇ ਕੋਲ? ਪਰ ਤੇਰੀ ਤਾਂ ਮੈਂ ਪਹਿਲਾਂ ਈ ਅਪਰਾਧਣ ਸੀ। ਫੇਰ ਖ਼ੁਦਕਸ਼ੀ? ਹਾਂ ਏਹੋ ਰਾਹ ਠੀਕ ਐ। ਇਸ ਸੋਚ ਨੇ ਮੇਰੀ ਇਸ ਤੋਂ ਅੱਗੇ ਸੋਚਣ ਦੀ ਸ਼ਕਤੀ ਖਤਮ ਕਰ ਦਿੱਤੀ ਜਿਵੇਂ। ਪਤਾ ਨੀ ਕਿਹੜੇ ਵੇਗ 'ਚ ਤੁਰਦੀ ਮੈਂ ਨਦੀ ਤੇ ਅਪੜ ਗਈ।

ਤੇਰਾ ਅਕਸ ਤਾਂ ਸਾਹਵੇਂ ਆਇਆ ਸੀ, ਜਿਵੇਂ ਰੋਕਦਾ ਹੋਵੇਂ। ਪਰ ਮੈਂ ਕਿਹਾ ਸੀ ਕਿ ਹੁਣ ਨਾ ਰੋਕ ਮੇਰੇ ਪ੍ਰੀਤਮ ਹੁਣ ਤਾਂ ਮੈਂ ਤੇਰੇ ਕਾਬਲ ਵੀ ਨੀ ਰਹੀ।

ਪਰ ਮਰਨਾ ਮੇਰੇ ਲੇਖਾਂ 'ਚ ਸ਼ਾਇਦ ਅਜੇ ਕਿੱਥੇ ਐ। ਪਤਾ ਨੀ ਕੀ ਕੁਝ ਝੱਲਣਾ ਅਜੇ ਬਾਕੀ ਹੈ। ਹੋਸ਼ ਆਈ ਤਾਂ ਮੇਰੇ ਸਾਹਵੇਂ ਗੁਰੂਮਾਤਾ ਦਾ ਚਿਹਰਾ ਸੀ ਮਮਤਾ ਭਰਿਆ ਜੋ ਮੇਰੀ ਹੋਣੀ ਬਣ ਗਿਆ।

ਤੂੰ ਸੋਚਦਾ ਹੋਵੇਂਗਾ ਕਿ ਇਸ ਅਣਹੋਣੀ ਨੂੰ ਹੋਣੀ ਬਣਾ ਕੇ ਮੈਂ ਕਿਵੇਂ ਸਵੀਕਾਰ ਕਰ ਲਿਆ। ਮੈਂ ਕੋਈ ਗੁਰੂ ਮਾਤਾ ਦਾ ਅਹਿਸਾਨ ਨੀ ਮੰਨਿਆ ਜਿਸ ਕਾਰਨ ਮੈਂ ਉਹਦੇ ਨਾਲ ਹਾਂ। ਇਸ ਵਿੱਚ ਮੇਰਾ ਆਵਦਾ ਵੀ ਸੁਆਰਥ ਹੈ..........।

ਮੈਂ ਤਰਕਸ਼ੀਲਤਾ ਦੀ ਧਾਰਨੀ ਹਾਂ, ਰੱਬ ਨੂੰ ਨਹੀਂ ਮੰਨਦੀ ਭਾਵੇਂ, ਪਰ ਤਾਂ ਵੀ ਮੈਂ ਭੇਸ ਦੀ ਪਾਕੀਜ਼ਗੀ ਅਤੇ ਰਹਿਤ ਨੂੰ ਕਾਇਮ ਰੱਖਣ ਵਿੱਚ ਜ਼ਰੂਰ ਯਕੀਨ ਰਖਦੀ ਹਾਂ। ਹਰੇਕ ਭੇਸ ਦੇ ਆਪਣੇ ਕੁਝ ਬੰਧਨ ਹੁੰਦੇ ਹਨ। ਜੋ ਕੋਈ ਕਿਸੇ ਭੇਸ ਨੂੰ ਅਪਣਾਉਂਦਾ ਹੈ ਤਾਂ ਉਸ ਭੇਸ ਦੀ ਰਹਿਤ ਨੂੰ ਦਿਲੋਂ ਕਾਇਮ ਰੱਖਣਾ ਉਸਦਾ ਫਰਜ਼ ਹੁੰਦਾ ਹੈ। ਮੈਂ ਇਸ ਭੇਸ ਵਿੱਚ ਆਪਣੇ ਸੁਆਰਥ ਲਈ ਹੀ ਆਈ ਹਾਂ ਚਾਹੇ ਇਹ ਮੇਰੇ ਸੁਭਾਅ ਦੇ ਉਲਟ ਹੈ। ਮੈਨੂੰ ਲੱਗਿਆ ਕਿ ਫਕੀਰੀ ਦਾ ਭੇਸ ਹੀ ਅਜਿਹਾ ਭੇਸ ਹੈ ਜਿਸ ਵਿੱਚ ਰਹਿ ਕੇ ਮੈਂ ਤੇਰੇ ਪ੍ਰਤੀ ਆਪਣੀਆਂ ਭਟਕਦੀਆਂ ਭਾਵਨਾਵਾਂ ਨੂੰ ਕਾਬੂ ਕਰਨ ਵਿੱਚ ਆਪਣੇ ਆਪ ਦੀ ਸਹਾਇਤਾ ਕਰ ਸਕਦੀ ਹਾਂ।

ਦੂਜਾ ਸੁਆਰਥ ਇਹ ਹੈ ਕਿ ਮੈਂ ਆਪਣੇ ਅੰਦਰਲਾ ਮੰਥਨ ਜਾਰੀ ਰੱਖਣਾ ਚਾਹੁੰਦੀ ਹਾਂ। ਮੈਂ ਤੇਰੇ ਕੋਲ ਆ ਸਕਦੀ ਹਾਂ, ਤੈਨੂੰ ਪ੍ਰਾਪਤ ਵੀ ਕਰ ਸਕਦੀ ਹਾਂ, ਪਰ ਇਸ ਨਾਲ ਮੇਰੇ ਅੰਦਰਲਾ ਮੰਥਨ ਸ਼ਾਂਤ ਹੋ ਜਾਵੇਗਾ। ਜੇ ਇਹ ਮੰਥਨ ਸ਼ਾਂਤ ਹੋ ਗਿਆ ਤਾਂ ਮੇਰੀ ਹੋਂਦ ਵੀ ਖਤਮ ਹੋ ਜਾਏਗੀ। ਇਸ ਲਈ ਇਸਨੂੰ ਨਿਰੰਤਰ ਜਾਰੀ ਰੱਖਣ ਲਈ ਉਹ ਕਰਨਾ ਠੀਕ ਸਮਝਿਆ ਜੋ ਮੇਰੇ ਸੁਭਾਅ ਦੇ ਵਿਰੋਧ ਵਿੱਚ ਹੈ। ਇਸ ਅਣਹੋਣੀ ਨੂੰ ਮੈਂ ਅੱਜ ਤੱਕ ਨਹੀਂ ਕਬੂਲਿਆ ਪਰ ਹੁਣ ਜੇ ਕਬੂਲਿਆ ਹੈ ਤਾਂ ਸਿਰਫ ਇਸ ਲਈ ਕਿ ਮੈਂ ਮੀਰਾ ਦੀ ਬਿਰਹਾ ਦਾ ਦਰਦ ਆਪਣੇ ਅੰਦਰ ਸਦਾ ਲਈ ਸਜੀਵ ਰੱਖਣਾ ਚਾਹੁੰਦੀ ਹਾਂ। ਪਰ ਆਪਣੀਆਂ ਇਹ ਭਾਵਨਾਵਾਂ ਤੇਰੇ ਸਾਹਵੇਂ ਜ਼ਾਹਰ ਵੀ ਨਹੀਂ ਕਰਨੀਆਂ। ਇਸ ਲਈ ਮੈਂ ਫੈਸਲਾ ਕਰ ਲਿਆ ਕਿ—

—ਅੱਜ ਤੜਕਸਾਰ ਹੀ ਮੈਂ ਏਥੋਂ ਚਲੀ ਜਾਮਾਂਗੀ, ਆਸ਼ਰਮ। ਤੈਨੂੰ ਬਿਨਾ ਮਿਲੇ, ਕਿਉਂਕਿ ਇਹ ਮੰਥਨ ਹੀ ਮੇਰੀ ਹੋਣੀ ਹੈ। ਤੂੰ ਖ਼ੁਸ਼ ਰਹਿ ਮੇਰੇ ਆਪੇ ਦੇ ਮਾਲਕ !

# ਤੰਦ

ਰਮੇਸ਼ ਨੂੰ ਹਸਪਤਾਲ ਅੰਦਰ ਆਉਂਦੇ ਵੇਖ ਨਿਧੀ ਦੀਆਂ ਅੱਖਾਂ 'ਚ ਹੈਰਾਨੀ, ਖੁਸ਼ੀ ਅਤੇ ਵਿਸਮਾਦ ਦੇ ਮਿਲੇ-ਜੁਲੇ ਭਾਵਾਂ ਨੇ ਚਮਕ ਜਿਹੀ ਬਿਖੇਰ ਦਿੱਤੀ। ਉਹਦੇ ਥੱਕੇ ਹੋਏ ਚਿਹਰੇ ਉੱਪਰ ਜਿਵੇਂ ਗੁਲਾਬੀ ਭਾਅ ਫਿਰ ਗਈ।

"ਭਾਬੀ ਜੀ ਨ.....ਮ......ਸ.......ਤੇ ਜੀ।" ਸ਼ਬਦਾਂ ਨੂੰ ਲਮਕਾ ਕੇ ਜਿਹੇ ਕਹਿੰਦਾ ਹੋਇਆ ਰਮੇਸ਼ ਨਿਧੀ ਦੀਆਂ ਅੱਖਾਂ 'ਚ ਸ਼ਰਾਰਤ ਨਾਲ ਝਾਕਿਆ। ਉਹ ਵੀ ਜਿਵੇਂ ਫੁੱਲ ਵਾਂਗ ਖਿੜ ਗਈ—

"ਵਾਹ ਜੀ.....ਆਖ਼ਰ ਸਰਕਾਰ ਦੇ ਮੂੰਹ ਸਾਡੇ ਗਰੀਬਾਂ ਵੱਲ ਹੋ ਈ ਗਏ।"

"ਗਰੀਬ ਤਾਂ ਜੀ ਤੁਸੀਂ ਸਾਨੂੰ ਬਣਾ ਰੱਖਿਐ। ਅਸੀਂ ਤਾਂ ਕਈ ਵਾਰ ਦਰ ਤੇ ਖ਼ੈਰ ਮੰਗਣ ਆਉਂਦੇ ਰਹਿੰਨੇ ਆਂ, ਪਰ ਸਾਡਾ ਕਾਸਾ ਖਾਲੀ ਦਾ ਖਾਲੀ ਆ।" ਰਮੇਸ਼ ਨੇ ਨਹਿਲੇ ਤੇ ਦਹਿਲਾ ਮਾਰਿਆ।

"ਗੱਲਾਂ ਕਰਨੀਆਂ ਤਾਂ ਕੋਈ ਤੁਹਾਥੋਂ ਸਿੱਖੇ।" ਨਿਧੀ ਹੱਸੀ।

"ਸਿਖਾ ਦੇਵਾਂਗੇ ਜੀ, ਤੁਸੀਂ ਸਿੱਖਣ ਵਾਲੇ ਬਣੋ.....ਖ਼ੈਰ, ਕਿਵੇਂ ਆ ਵੀਰ?" ਵਾਰਡ ਅੰਦਰ ਜਾਂਦੇ ਨੇ ਪੁੱਛਿਆ।

"ਫ਼ਰਕ ਐ ਅੱਗੇ ਨਾਲੋਂ, ਬਾਕੀ ਆਪੇ ਜਾ ਕੇ ਵੇਖ ਲਿਓ।"

ਗੱਲਾਂ ਕਰਦੇ ਉਹ ਹਸਪਤਾਲ ਦੇ ਪ੍ਰਾਈਵੇਟ ਰੂਮ 'ਚ ਆ ਗਏ ਜਿੱਥੇ ਨਰਿੰਦਰ ਪਿਆ ਸੀ, ਨਿਧੀ ਦਾ ਪਤੀ। ਉਹ ਵੀ ਖੁਸ਼ ਹੋ ਗਿਆ ਰਮੇਸ਼ ਨੂੰ ਵੇਖ ਕੇ।

"ਕਿਵੇਂ ਆ ਵੀਰ? ਚੰਗੀ ਸੇਵਾ ਕਰਵਾ ਰਿਹੈਂ ਐਤਕੀ ਤਾਂ ਭਾਬੀ ਤੋਂ.....।" ਰਮੇਸ਼ ਨੇ ਕਿਹਾ ਤਾਂ ਨਿਧੀ ਨੇ ਉਹਦੇ ਵਾਲ਼ਾਂ ਨੂੰ ਝੰਜੋੜ ਦਿੱਤਾ।

"ਮਸਾਂ ਤਾਂ ਮੌਕਾ ਮਿਲਿਐ ਯਾਰ, ਊਂ ਕਿੱਥੇ ਕਰਦੀ ਐ ਇਹ ਸੇਵਾ।" ਨਰਿੰਦਰ ਹੱਸਦਿਆਂ ਬੋਲਿਆ।

"ਆਹੋ ਭਲੇ ਵੇਲ਼ੇ ਤਾਂ ਭੂਤਨੀ ਆਉਂਦੀ ਏ ਕੋਈ ਸਿਵਿਆਂ 'ਚੋਂ ਥੋਡੀ ਸੇਵਾ ਕਰਨ।" ਨਿਧੀ ਨੇ ਸ਼ਰਾਰਤ 'ਚ ਕਿਹਾ।

ਰਮੇਸ਼ ਦੇ ਆਉਣ ਨਾਲ ਮਾਹੌਲ ਰੰਗੀਨ ਤੇ ਹਾਸੇ-ਠੱਠੇ ਵਾਲਾ ਬਣ ਗਿਆ। ਨਿਧੀ ਨੂੰ ਵੀ ਇੱਕ ਤੋਂ ਇੱਕ ਚੜ੍ਹਦੀ ਗੱਲ ਆਉੜਨ ਲੱਗੀ। ਉਹ ਚਾਹ ਨੂੰ ਕਹਿਣ ਚਲੀ ਗਈ।

ਨਰਿੰਦਰ ਦਾ ਐਕਸੀਡੈਂਟ ਹੋ ਗਿਆ ਸੀ। ਸੱਜੀ ਲੱਤ 'ਤੇ ਬਾਂਹ ਟੁੱਟ ਗਈਆਂ ਸਨ। ਸਿਰ 'ਚ ਵੀ ਥੋੜੀ ਜਿਹੀ ਸੱਟ ਵੱਜੀ ਸੀ ਪਰ ਬਚਾਅ ਹੋ ਗਿਆ। ਅੱਜ ਮਹੀਨੇ ਤੋਂ ਉੱਪਰ ਹੋ ਚੱਲਿਆ ਸੀ ਪਲੱਸਤਰ ਚੜ੍ਹਿਆਂ।

ਨਿਧੀ ਨੇ ਜੀਅ ਜਾਨ ਨਾਲ ਸੇਵਾ ਕੀਤੀ ਸੀ ਪਤੀ ਦੀ। ਜਦੋਂ ਦਾ ਉਹ ਹਸਪਤਾਲ 'ਚ ਦਾਖ਼ਲ ਹੋਇਆ; ਉਹ ਆਪ ਵੀ ਇਥੇ ਈ ਸੀ। ਕੀ ਕਹਿਣਾ ਕਿਸੇ ਰਿਸ਼ਤੇਦਾਰ ਜਾਂ ਸੱਸ ਦੇ ਆਉਣ ਤੇ ਕਦੇ-ਕਦਾਈਂ ਘਰੇ ਆ ਜਾਂਦੀ, ਉਹ ਵੀ ਸਿਰਫ ਦਿਨ ਵੇਲ਼ੇ ਹੀ। ਨਹੀਂ ਤਾਂ ਬੱਸ ਉਹ ਆਪ ਹਸਪਤਾਲ ਤੇ ਘਰ ਬੱਚਿਆਂ ਕੋਲ ਦਾਦੀ। ਹਸਪਤਾਲ ਦਾ ਕੰਮ ਜ਼ਿਆਦਾ ਭੱਜ-ਦੌੜ ਵਾਲ਼ਾ ਹੁੰਦਾ। ਨਾਲ਼ੇ ਪਤੀ ਨੂੰ ਖੁਆਉਣਾ-ਪਿਆਉਣਾ, ਪਾਸਾ ਦੁਆਉਣਾ, ਕੱਪੜੇ-ਬਦਲਨਾ, ਕਿੰਨੇ ਈ ਅਜਿਹੇ ਕੰਮ ਸਨ ਜੋ ਉਹ ਹੀ ਸਹੀ ਢੰਗ ਨਾਲ ਕਰ ਸਕਦੀ ਸੀ। ਬੱਚੇ ਕਦੇ-ਕਦੇ ਛੁੱਟੀ ਵਾਲ਼ੇ ਦਿਨ ਹਸਪਤਾਲ ਆ ਜਾਂਦੇ। ਦੋਸਤ-ਰਿਸ਼ਤੇਦਾਰ ਪਤਾ ਲੈਣ ਆਉਂਦੇ। ਕਦੇ ਕੋਈ ਇੱਕ-ਅੱਧੀ ਰਾਤ ਰਹਿ ਜਾਂਦਾ।

"ਕਦੋਂ ਆਇਐਂ ਦਿੱਲੀ ਤੋਂ?" ਨਰਿੰਦਰ ਨੇ ਪੁੱਛਿਆ।

"ਕੱਲ੍ਹ ਈ ਆਇਆਂ ਸ਼ਾਮ ਨੂੰ।" ਰਮੇਸ਼ ਨੇ ਕਿਹਾ।

"ਚੱਲ ਚੰਗਾ ਕੀਤੈ ਆ ਗਿਆਂ ਯਾਰ, ਬੋਰ ਹੋਏ ਪਏ ਸੀ ਇਥੇ ਤਾਂ, ਤੇਰੀ ਭਾਬੀ ਤੇ ਮੈਂ ਵੀ ਕਿੰਨੀ ਕੁ ਦੇਰ ਗੱਲਾਂ ਕਰਦੇ ਰਹੀਏ। ਹੁਣ ਤਾਂ ਗੱਲਾਂ ਵੀ ਖਤਮ ਹੋ ਚੱਲੀਆਂ ਸੀ।" ਦੋਵੇਂ ਹੱਸ ਪਏ। ਏਨੇ ਨੂੰ ਚਾਹ ਆ ਗਈ।

ਹਸਪਤਾਲ ਦਾ ਮਾਹੌਲ ਈ ਅਜਿਹਾ ਬੋਝਲ ਜਿਹਾ ਹੁੰਦਾ ਕਿ ਜਦ ਕੋਈ ਆ ਜਾਂਦਾ ਤਾਂ ਨਿਧੀ ਨੂੰ ਸਕੂਨ ਜਿਹਾ ਮਿਲ ਜਾਂਦਾ। ਨਹੀਂ ਤਾਂ ਉਥੇ ਫੈਲੀ ਅਲਕੋਹਲ ਦੀ ਹਵਾੜ ਜਿਹੀ ਉਹਦੇ ਨੱਕ ਨੂੰ ਬੇਚੈਨ ਕਰਦੀ ਰਹਿੰਦੀ। ਮਰੀਜ਼ਾਂ ਨੂੰ ਦੁੱਖ ਨਾਲ ਰੋਂਦੇ ਕੁਰਲਾਉਂਦੇ ਵੇਖ ਅਜਿਹਾ ਮਾਹੌਲ ਸਿਰਜ ਜਾਂਦਾ ਕਿ ਉਹਨੂੰ ਚੰਗੀ-ਭਲੀ ਨੂੰ ਆਪਣਾ ਆਪ ਬਿਮਾਰ ਲੱਗਣ ਲੱਗ ਪੈਂਦਾ।

ਨਿਧੀ ਨੇ ਪਤੀ ਦੀ ਸੇਵਾ 'ਚ ਕੋਈ ਕਸਰ ਨੀ ਛੱਡੀ ਸੀ ਪਰ ਸਾਰਾ ਦਿਨ ਇੱਕੋ ਤਰ੍ਹਾਂ ਦੇ ਬੋਝਲ ਜਿਹੇ ਮਾਹੌਲ 'ਚ ਬੰਦਾ ਅੱਕ ਈ ਜਾਂਦੈ ਕਦੇ-ਕਦੇ। ਪਰ ਅੱਜ ਰਮੇਸ਼ ਦੇ ਆਉਣ ਨਾਲ ਉਹਦੇ ਚਿੱਤ 'ਚ ਜਿਵੇਂ ਅਜੀਬ ਕਿਸਮ ਦੀ ਤਾਜ਼ਗੀ ਜਿਹੀ ਭਰ ਗਈ ਸੀ। ਅਸਲ ਉਹ ਬੜਾ ਦਿਲਚਸਪ ਬੰਦਾ ਸੀ। ਉਹਦਾ ਸੰਗ ਹਰ ਕੋਈ ਪਸੰਦ ਕਰਦਾ, ਪਰ ਨਿਧੀ ਬਾਕੀ ਦਿਉਰਾਂ ਵਿਚੋਂ ਉਹਨੂੰ ਜ਼ਿਆਦਾ ਪਸੰਦ ਕਰਦੀ। ਉਹਦੇ ਨਾਲ ਗੱਲਾਂ ਕਰਨਾ, ਹਾਸਾ-ਠੱਠਾ ਕਰਨਾ ਉਹਨੂੰ ਚੰਗਾ-ਚੰਗਾ ਜਿਹਾ ਲੱਗਦਾ।

ਰਮੇਸ਼ ਨਰਿੰਦਰ ਦੀ ਭੂਆ ਦਾ ਮੁੰਡਾ ਸੀ। ਨਰਿੰਦਰ ਤੋਂ ਚਾਰ ਕੁ ਸਾਲ ਛੋਟਾ। ਨਰਿੰਦਰ ਵੀ ਉਹਦਾ ਬੜਾ ਮੋਹ ਕਰਦਾ। ਦੋਹਾਂ ਦੀ ਚੰਗੀ ਸੁਰ ਮਿਲਦੀ ਸੀ। ਵਿਆਹ ਵੇਲੇ ਵੀ ਉਹ ਕਈ ਦਿਨ ਪਹਿਲਾਂ ਆ ਗਿਆ ਸੀ ਤੇ ਕਈ ਦਿਨ ਬਾਅਦ ਗਿਆ। ਹਰ ਕੰਮ ਖੁਸ਼ੀ-ਖੁਸ਼ੀ ਤੇ ਜ਼ਿੰਮੇਵਾਰੀ ਨਾਲ਼ ਕਰਵਾਇਆ।

ਵਿਆਹ ਤੋਂ ਬਾਦ ਵੀ ਉਹ ਅਕਸਰ ਉਹਨਾਂ ਕੋਲ ਆ ਜਾਂਦਾ। ਉਹ ਆਪ ਵੀ ਜਦੋਂ ਕਦੇ ਵਿਹਲ ਮਿਲਦੀ ਤਾਂ ਉਥੇ ਈ ਜਾਣਾ ਬਹੁਤਾ ਪਸੰਦ ਕਰਦੇ। ਉਸ ਅੰਦਰ ਪਤਾ ਨੀ ਅਜਿਹੀ ਕਿਹੜੀ ਖਿੱਚ ਸੀ ਕਿ ਨਿਧੀ ਬਾਕੀਆਂ ਨਾਲੋਂ ਉਹਦੇ ਵੱਧ ਨੇੜੇ ਰਹਿੰਦੀ। ਉਹ ਅਸਲ ਵਿੱਚ ਗੱਲਾਂ ਕਰਨ ਵੇਲੇ ਸ਼ਬਦ-ਜਾਲ ਅਜਿਹਾ ਬੁਣਦਾ ਸੀ ਕਿ ਨਿਧੀ ਮੱਲੋ-ਮੱਲੀ

ਉਸ 'ਚ ਫਸ ਜਾਂਦੀ। ਪਰ ਉਹ ਕੋਈ ਗਲਤ ਮਜ਼ਾਕ ਨਹੀਂ ਸੀ ਕਰਦਾ।

ਦੂਜਾ ਨਿਧੀ ਨੂੰ ਰਮੇਸ਼ ਦਾ ਪ੍ਰਸੰਸਾ ਕਰਨ ਦਾ ਢੰਗ ਬੜਾ ਵਧੀਆ ਲੱਗਦਾ। ਵੈਸੇ ਤਾਂ ਹਰ ਔਰਤ ਚਾਹੁੰਦੀ ਹੈ ਕਿ ਉਹਨੂੰ ਜਚੀ ਹੋਈ ਨੂੰ ਵੇਖਕੇ ਹਰ ਕੋਈ ਪ੍ਰਸੰਸਾ ਕਰੇ ਪਰ ਨਿਧੀ 'ਚ ਇਹ ਲਾਲਸਾ ਕੁਝ ਜ਼ਿਆਦਾ ਹੀ ਸੀ।

ਇੱਕ ਵਾਰ ਕਿਸੇ ਫੰਕਸ਼ਨ 'ਤੇ ਉਹ ਇਸੇ ਤਰ੍ਹਾਂ ਤਿਆਰ ਹੋਈ ਫਬ ਰਹੀ ਸੀ ਕਿ ਰਮੇਸ਼ ਅਚਾਨਕ ਉਹਦੇ ਸਾਹਮਣੇ ਆ ਕੇ ਡਿੱਗ ਪਿਆ ਤੇ ਬੇਹੋਸ਼ੀ ਦਾ ਨਾਟਕ ਕਰਨ ਲੱਗਿਆ। ਨਿਧੀ ਨੇ ਉਸਨੂੰ ਹਲੂਣਿਆ—

"ਹਾਏ ਮੈਂ ਮਰਜਾਂ, ਕੀ ਹੋਇਆ?" ਉਹ ਉੱਠ ਬੈਠਿਆ।

"ਵਾਹ ਜੀ, ਆਪੇ ਹੋਸ਼ ਭੁਲਾ ਕੇ ਆਪੇ ਪੁੱਛਦੇ ਓ 'ਕੀ ਹੋਇਆ' ਨਾਲ਼ੇ, ਮਾਰ ਤਾਂ ਸਾਨੂੰ ਰੱਖਿਆ, ਕਹਿੰਨੇ ਓ ਆਪ ਕਿ 'ਹਾਏ ਮੈਂ ਮਰਜਾਂ'।"

ਨਿਧੀ ਦੇ ਚਿਹਰੇ ਤੇ ਸਿੰਧੂਰੀ ਭਾਅ ਫਿਰ ਗਈ।

ਕਦੇ ਉਹ ਉਸਦੇ ਤਿਆਰ ਹੋਈ ਦੇ ਮੱਥੇ 'ਤੇ ਕਾਲ਼ਾ ਟਿੱਕਾ ਲਗਾ ਦਿੰਦਾ ਤੇ ਕਹਿੰਦਾ—

"ਭਾਬੀ ਜੀ, ਨਜ਼ਰਾਂ ਤੋਂ ਬਚਾ ਕੇ ਰੱਖਿਆ ਕਰੋ, ਖੁਦ ਨੂੰ।"

ਇੱਕ ਦਿਨ ਉਹ ਰਮੇਸ਼ ਦੇ ਘਰ ਗਏ ਹੋਏ ਸਨ ਛੁੱਟੀਆਂ 'ਚ, ਤਾਂ ਉਸਨੇ ਆਪਣੇ-ਪੈਰਾਂ ਦੀ ਮਿੱਟੀ ਚੁੱਕਕੇ ਆਪ ਈ ਨਿੱਧੀ ਨੂੰ ਫੜਾ ਦਿੱਤੀ। ਉਸਨੇ ਪੁੱਛਿਆ, "ਇਹ ਕੀ?"

"ਇਹ ਮੇਰੇ ਪੈਰਾਂ ਦੀ ਮਿੱਟੀ ਐ ਜੀ। ਆਪਣੇ ਸਿਰ ਤੋਂ ਸੱਤ ਵਾਰ ਛੁਹਾ ਕੇ ਚੁੱਲ੍ਹੇ 'ਚ ਸੁੱਟ ਦਿਓ। ਸਭ ਤੋਂ ਪਹਿਲਾਂ ਤਾਂ ਮੇਰੀ ਨਜ਼ਰ ਤੋਂ ਈ ਬਚਾਓ ਆਪ ਨੂੰ। ਬੜੀ ਭੈੜੀ ਆ ਮੇਰੀ ਨਜ਼ਰ। ਸੋਹਣੀਆਂ ਸੂਰਤਾਂ ਦੇ ਵਿੱਚ ਦੀ ਨਿੱਕਲ ਜਾਂਦੀ ਐ, ਐਕਸਰੇ ਵਾਂਗੂ।"

ਉਹਦੀਆਂ ਇਸ ਤਰ੍ਹਾਂ ਦੀਆਂ ਗੱਲਾਂ, ਸ਼ਰਾਰਤਾਂ ਨਿਧੀ ਦੇ ਧੁਰ ਅੰਦਰ ਤੱਕ ਲਹਿ ਜਾਂਦੀਆਂ। ਉਹਦਾ ਦਿਲ ਕਰਦਾ ਉਹਦੇ ਮੂੰਹੋਂ ਇਹੋ ਜਿਹੀਆਂ ਗੱਲਾਂ ਸੁਣਦੀ ਈ ਰਹੇ। ਉਸਦੇ ਸੰਗ 'ਚ ਹਰੇਕ ਸ਼ੈਅ ਪਿਆਰੀ ਜਿਹੀ ਲਗਦੀ।

ਨਰਿੰਦਰ ਵੀ ਉਸਨੂੰ ਬਹੁਤ ਪਿਆਰ ਕਰਦਾ ਸੀ। ਉਸ ਦੀ ਹਰ ਇੱਕ ਖੁਸ਼ੀ, ਹਰ ਇੱਛਾ ਦਾ ਖਿਆਲ ਰਖਦਾ। ਪਰ ਸੁਭਾਅ ਪਖੋਂ ਬੜਾ ਸਿੱਧਾ-ਸਾਦਾ ਸੀ। ਘਰ ਦੀਆਂ ਜ਼ਿੰਮੇਵਾਰੀਆਂ ਤਾਂ ਭਲੀ-ਭਾਂਤ ਨਿਭਾਉਂਦਾ ਪਰ ਗੱਲ ਵਿੰਗ-ਵਲੇਵੇਂ ਪਾ ਕੇ ਕਹਿਣ ਦਾ ਉਹਨੂੰ ਬਹੁਤਾ ਵੱਲ ਨੀ ਸੀ ਆਉਂਦਾ। ਨਿਧੀ ਜਦੋਂ ਕਦੇ ਤਿਆਰ ਹੁੰਦੀ ਤਾਂ ਉਹ ਚਾਹੁੰਦੀ ਕਿ ਨਰਿੰਦਰ ਫਿਲਮੀ ਸਟਾਈਲ 'ਚ ਉਸਦੀ ਪ੍ਰਸੰਸਾ ਕਰੇ ਪਰ ਉਹ ਕੇਵਲ ਉਹਨੂੰ ਵੇਖਕੇ ਮੁਸਕਰਾ ਛੱਡਦਾ ਜਾਂ ਕਦੇ-ਕਦੇ ਆਖ ਦਿੰਦਾ—

"ਅੱਜ ਤਾਂ ਬੜੀ ਸੋਹਣੀ ਲੱਗ ਰਹੀ ਏ ਸਰਕਾਰ।"

ਪਰ ਉਸਨੂੰ ਹਮੇਸ਼ਾ ਇਹ ਧਿਆਨ ਨਾ ਰਹਿੰਦਾ ਕਿ ਔਰਤ ਜਦੋਂ ਸ਼ਿੰਗਾਰ ਕਰਦੀ ਹੈ ਤਾਂ ਮਰਦ ਦੀ ਤਵੱਜੋ ਭਾਲਦੀ ਹੈ, ਤਾਰੀਫ਼ ਦੀ ਪਿਆਸੀ ਹੁੰਦੀ ਹੈ। ਇਸੇ ਗੱਲ ਤੇ ਕਦੇ ਉਹ ਗੁੱਸੇ ਵੀ ਹੋ ਜਾਂਦੀ, ਸ਼ਿਕਵਾ ਜਤਾਉਂਦੀ ਫੇਰ ਜੇ ਉਹ ਤਾਰੀਫ ਕਰ ਵੀ ਦਿੰਦਾ ਤਾਂ ਉਸਨੂੰ ਲਗਦਾ ਕਿ ਇਸ 'ਚ ਉਹ ਰਸ ਨੀ ਜੋ ਰਮੇਸ਼ ਦੀ ਤਾਰੀਫ 'ਚ ਹੁੰਦਾ ਹੈ।

ਇੱਕ ਵਾਰ ਇਸੇ ਤਰ੍ਹਾਂ ਤਿਆਰ ਹੋਈ ਸੀ ਆਪਣੇ ਮੁੰਡੇ ਦੇ ਜਨਮ ਦਿਨ ਦੇ ਫੰਕਸ਼ਨ ਸਮੇਂ ਤਾਂ ਨਰਿੰਦਰ ਤੋਂ ਪੁੱਛਿਆ ਸੀ—

"ਵੇਖੋ ਜੀ.....ਜ਼ਰਾ, ਠੀਕ ਐ ਮੇਕ-ਅੱਪ?"

"ਵਾਹ ਬਈ, ਸੋਹਣੀ ਲੱਗ ਰਹੀਂ ਏਂ ਪੂਰੀ।" ਨਰਿੰਦਰ ਨੇ ਸੁਭਾਵਿਕ ਈ ਕਹਿ ਦਿੱਤਾ ਸੀ। ਉਧਰੋਂ ਰਮੇਸ਼ ਆ ਗਿਆ—

"ਜਾਹ ਵੀਰ, ਯਾਰ, ਸਿਰਫ ਸੋਹਣੀ ਕਹਿਕੇ ਭਾਬੀ ਦੇ ਸੁਹੱਪਣ ਦਾ ਮਜ਼ਾਕ ਨਾ ਉਡਾ। ਸਿਰਫ ਸੋਹਣੀ ਤਾਂ ਭਾਬੀ ਸਾਦੇ ਕੱਪੜਿਆਂ 'ਚ ਈ ਬਥੇਰੀ ਲਗਦੀ ਐ। ਅੱਜ ਤਾਂ ਅਰਸ਼ਾਂ ਤੋਂ ਪਰੀ ਵੀ ਸ਼ਰਮਾ ਜੇ ਵੇਖਕੇ.....।" ਕਹਿਕੇ ਰਮੇਸ਼ ਨੇ ਅੱਖ ਦੱਬ ਦਿੱਤੀ ਜੋ ਸਿੱਧੀ ਨਿਧੀ ਦੇ ਕਾਲਜੇ ਤੇ ਲੱਗੀ ਜਿਵੇਂ। ਉਸਦੇ ਵਜੂਦ ਵਿਚ ਝੁਣਝਣੀ ਜਿਹੀ ਛੇੜ ਗਈ।

ਇਸ ਤੋਂ ਬਾਅਦ ਉਹ ਖਿਚਦੀ ਚਲੀ ਗਈ ਰਮੇਸ਼ ਵੱਲ। ਉਹ ਕਦੇ ਸੋਚਦੀ ਕਿ ਆਖਰ ਕੀ ਹੋ ਰਿਹਾ ਹੈ ਉਸਨੂੰ? ਕਿਉਂ ਹੋ ਰਿਹਾ ਇਹ ਸਭ। ਉਸਦਾ ਅਕਸਰ ਚਿੱਤ ਕਰਦਾ ਕਿ ਫੋਨ ਤੇ ਉਸ ਨਾਲ ਗੱਲਾਂ ਕਰੇ, ਪਰ ਨਾਲ਼ ਈ ਇਹ ਵੀ ਡਰ ਲੱਗਦਾ ਕਿ ਫੋਨ ਤੇ ਇੰਝ ਖੁੱਲ੍ਹਣਾ ਕਿਤੇ ਗਲਤ ਰਾਹ ਨਾ ਅਖਤਿਆਰ ਕਰ ਜਾਵੇ। ਜੇ ਨਰਿੰਦਰ ਨੂੰ ਪਤਾ ਲੱਗ ਗਿਆ ਕੀ ਪਤਾ ਉਹ ਕੀ ਸੋਚੂ? ਫੇਰ ਕਦੇ-ਕਦੇ ਨਾ ਚਾਹੁੰਦੀ ਵੀ ਫੋਨ ਮਿਲਾ ਲੈਂਦੀ ਤੇ ਹਲ-ਚਾਲ ਪੁੱਛ ਕੇ ਬੰਦ ਕਰ ਦਿੰਦੀ।

ਰਮੇਸ਼ ਵੀ ਮਹਿਸੂਸ ਕਰਨ ਲੱਗ ਪਿਆ ਸੀ ਕਿ ਉਹ ਉਸ ਵਿੱਚ ਦਿਲਚਸਪੀ ਵਿਖਾ ਰਹੀ ਹੈ। ਪਰ ਉਹ ਆਪ ਪਹਿਲ ਨੀ ਕਰਨਾ ਚਾਹੁੰਦਾ ਸੀ। ਕਿਉਂਕਿ ਉਸਨੂੰ ਡਰ ਵੀ ਸੀ ਕਿ ਕਿਤੇ ਇਹ ਵਹਿਮ ਈ ਨਾ ਹੋਵੇ ਉਸਦਾ। ਇਸ ਲਈ ਉਹ ਉਸਦੀਆਂ ਗੱਲਾਂ ਅਨੁਸਾਰ ਹੀ ਅੱਗੇ ਵਧਦਾ।

ਅਸਲ ਵਿੱਚ ਉਹ ਇੱਕ ਸ਼ਾਤਿਰ ਖਿਡਾਰੀ ਸੀ ਔਰਤ ਦੇ ਮਾਮਲੇ ਵਿੱਚ। ਉਸਦੀ ਜ਼ਿੰਦਗੀ 'ਚ ਕਈ ਕੁੜੀਆਂ ਆਈਆਂ। ਉਹਨਾਂ ਨਾਲ ਰਾਸ ਲੀਲਾਵਾਂ ਰਚਾਕੇ ਉਸਦੀ ਮਾਨਸਿਕਤਾ ਹੁਣ ਅਜਿਹੀ ਬਣ ਗਈ ਸੀ ਕਿ ਕਿਸੇ ਔਰਤ ਪ੍ਰਤੀ ਉਸਦੀ ਉਤਸੁਕਤਾ ਅਤੇ ਲਾਲਸਾ ਉਸਦਾ ਸਰੀਰ ਮਿਲਣ ਤੱਕ ਹੀ ਰਹਿੰਦੀ। ਜਦੋਂ ਤੱਕ ਕਿਸੇ ਔਰਤ ਨੂੰ ਸਰੀਰਕ ਪੱਖੋਂ ਭੋਗ ਨਾ ਲੈਂਦਾ ਉਸਦੇ ਰੱਜ ਕੇ ਨੱਖਰੇ ਉਠਾਉਂਦਾ। ਇੱਕ ਵਾਰ ਉਸਦਾ ਸਹਿਵਾਸ ਪ੍ਰਾਪਤ ਹੋਇਆ ਤੇ ਉਸ ਵਿੱਚ ਉਸਦੀ ਲਾਲਸਾ ਖਤਮ। ਇਸ ਤੋਂ ਬਾਅਦ ਉਹ ਉਸਤੋਂ ਕੰਨੀ ਕਤਰਾਉਣ ਲਗਦਾ ਤੇ ਕਿਸੇ ਹੋਰ ਨਵੇਂ ਸ਼ਿਕਾਰ ਦੀ ਭਾਲ ਵਿੱਚ ਲੱਗ ਜਾਂਦਾ। ਜਿਉਂ-ਜਿਉਂ ਕੁੜੀਆਂ ਉਸਦੀ ਜ਼ਿੰਦਗੀ ਵਿੱਚ ਗਿਣਤੀ ਪੱਖੋਂ ਵਧਦੀਆਂ ਜਾਂਦੀਆਂ ਉਹਦੀ ਹਾਉਮੈ ਹੋਰ ਤਕੜਾ ਹੁੰਦੀ ਜਾਂਦੀ। ਉਸਦਾ ਸੀਨਾ ਹੋਰ ਬਾਹਰ ਨੂੰ ਆਉਂਦਾ।

ਨਿਧੀ ਨੂੰ ਆਪਣੇ ਵੱਲ ਖਿਚਦੀ ਆਉਂਦੀ ਮਹਿਸੂਸ ਕਰਕੇ ਉਹ ਵੀ ਉਸ ਵਿੱਚ ਰੁਚੀ ਵਿਖਾਉਣ ਲੱਗ ਪਿਆ। ਪਰ ਇਹ ਸਭ ਉਸਦੀ ਜ਼ਿੰਦਗੀ ਵਿੱਚ ਇੱਕ ਹੋਰ ਨਵੀਂ ਔਰਤ ਦਾ ਵਾਧਾ ਈ ਸੀ। ਉਸ ਪ੍ਰਤੀ ਲਾਲਸਾ ਵੀ ਸਿਰਫ ਸਰੀਰਕ ਭੁੱਖ ਤੱਕ ਸੀਮਤ ਸੀ ਪਰ ਕਿਉਂਕਿ ਨਰਿੰਦਰ ਨਾਲ ਉਸਦਾ ਨੇੜੇ ਦਾ ਰਿਸ਼ਤਾ ਸੀ ਇਸ ਲਈ ਉਹ ਬੜੀ ਸਹਿਜਤਾ

ਨਾਲ ਫੂਕ-ਫੂਕ ਕੇ ਕਦਮ ਚੁੱਕ ਰਿਹਾ ਸੀ। ਉਸਨੂੰ ਨਿਧੀ ਦੀ ਪ੍ਰਾਪਤੀ ਵਿੱਚ ਕੋਈ ਕਾਹਲ਼ ਨੀ ਸੀ ਕਿਉਂਕਿ ਔਰਤਾਂ ਦੀ ਉਸ ਕੋਲ ਕਮੀ ਨੀ ਸੀ ਕੋਈ। ਇਸ ਲਈ ਆਪਣਾ ਜਾਲ ਉਹ ਬੜੀ ਸਾਵਧਾਨੀ ਨਾ ਵਿਛਾ ਰਿਹਾ ਸੀ।

ਪਰ ਨਿਧੀ ਉਸਦੀ ਮਾਨਸਿਕਤਾ ਤੋਂ ਬੇਖਬਰ ਉਸਨੂੰ ਆਪਣਾ ਹਮਦਰਦ ਸਮਝ ਰਹੀ ਸੀ। ਉਹ ਉਸ ਨਾਲ ਹਰ ਗੱਲ, ਹਰ ਸ਼ਿਕਵਾ, ਹਰ ਤਾਂਘ ਸਾਂਝੀ ਕਰਨ ਲੱਗ ਪਈ ਸੀ। ਫੋਨ ਤੇ ਗੱਲਾਂ ਦੀ ਪ੍ਰਕ੍ਰਿਤੀ ਅਤੇ ਮਾਤਰਾ ਬਦਲਦੀ ਅਤੇ ਵਧਦੀ ਜਾ ਰਹੀ ਸੀ।

ਰੁਝੇਵੇਂ ਵਧਦੇ ਜਾ ਰਹੇ ਸਨ। ਰਮੇਸ਼ ਦਾ ਆਉਣਾ-ਜਾਣਾ ਘੱਟ ਗਿਆ। ਜਾਂ ਹੋ ਸਕਦਾ ਸੀ ਇਹ ਵੀ ਉਸਦੀ ਚਾਲਬਾਜ਼ੀ ਦਾ ਹੀ ਇੱਕ ਖੇਲ ਹੋਵੇ। ਫੋਨ ਤੇ ਸੰਪਰਕ ਭਾਵੇਂ ਕਾਇਮ ਸੀ ਪਰ ਨਿਧੀ ਇਸ ਤੋਂ ਅੱਗੇ ਨੀ ਵਧੀ। ਏਸੇ ਕਾਰਨ ਰਮੇਸ਼ ਦੀ ਉਸ ਵਿੱਚ ਉਤਸੁਕਤਾ ਕਾਇਮ ਸੀ।

ਨਰਿੰਦਰ ਦਾ ਐਕਸੀਡੈਂਟ ਹੋਇਆ ਤਾਂ ਉਹ ਕਾਫੀ ਬਿਜ਼ੀ ਰਹਿਣ ਲੱਗੀ। ਹਸਪਤਾਲ ਦੇ ਮਾਹੌਲ ਨੇ ਉਸ ਅੰਦਰਲੇ ਖੇੜੇ ਦਾ ਰਸ ਬਿਲਕੁਲ ਖਤਮ ਕਰ ਦਿੱਤਾ। ਵਿਆਹ ਤੋਂ ਔਰਤ ਨੇ ਸਰੀਰਕ ਸੁੱਖ ਦਾ ਅਹਿਸਾਸ ਨਹੀਂ ਕੀਤਾ ਹੁੰਦਾ ਇਸ ਲਈ ਬਹੁਤਾ ਫਰਕ ਨਹੀਂ ਪੈਂਦਾ। ਪਰ ਵਿਆਹ ਤੋਂ ਬਾਅਦ ਇਸ ਸੁੱਖ ਦਾ ਸੁਆਦ ਰੂਹ ਨੂੰ ਮਿਲਣ ਕਾਰਨ ਔਰਤ ਦੀ ਇਹ ਖਾਸ ਜ਼ਰੂਰਤ ਬਣ ਜਾਂਦਾ ਹੈ। ਸਾਰੇ ਦਿਨ ਦੇ ਰੁਝੇਵੇਂ ਤੇ ਥਕੇਵੇਂ ਭਰੇ ਕੰਮ ਕਰਨ ਤੋਂ ਬਾਅਦ ਰਾਤ ਨੂੰ ਜਦੋਂ ਪਤੀ ਦੀਆਂ ਬਾਹਵਾਂ ਦਾ ਸੁੱਖ ਪ੍ਰਾਪਤ ਹੁੰਦਾ ਹੈ ਤਾਂ ਉਸਦੀ ਸਾਰੀ ਥਕਾਨ ਤੇ ਅਕੇਵਾਂ ਪਲਾਂ ਵਿੱਚ ਕਾਫ਼ੂਰ ਹੋ ਜਾਂਦਾ ਹੈ। ਇਸ ਸੁੱਖ ਦੇ ਅਹਿਸਾਸ ਨੂੰ ਕੁਦਰਤ ਨੇ ਥੱਕੀਆਂ ਤੇ ਤਣੀਆਂ ਨਸਾਂ ਦੇ ਵਜੂਦ ਨੂੰ ਅਰਾਮ ਦੇਣ ਦਾ ਸਭ ਤੋਂ ਵਧੀਆ ਜ਼ਰੀਆ ਘੜਿਆ ਹੈ ਸ਼ਾਇਦ।

ਪਿਆਰੇ ਦੇ ਮੋਹ ਦੇ ਸ਼ਹਿਦ 'ਚ ਭਿੱਜਿਆ ਇੱਕ ਚੁੰਮਣ ਵੀ ਔਰਤ ਲਈ ਵਰ੍ਹਿਆਂ ਦੇ ਉਦਰੇਵੇਂ ਤੇ ਅਸੁਖਾਵੇਂਪਣ ਦੀ ਤੜਪ ਨੂੰ ਦੂਰ ਕਰਨ ਦੀ ਤਾਕਤ ਰਖਦਾ ਹੈ।

ਪਰ ਮੌਜੂਦਾ ਮਾਹੌਲ ਕਾਰਨ ਨਿਧੀ ਦੀ ਜ਼ਿੰਦਗੀ ਵਿੱਚੋਂ ਇਹ ਸਭ ਕੁਝ ਮਨਫ਼ੀ ਹੋ ਚੁੱਕਿਆ ਸੀ। ਭਾਵੇਂ ਇਹ ਆਰਜ਼ੀ ਤੌਰ ਤੇ ਹੀ ਸੀ ਪਰ ਫੇਰ ਵੀ ਜਦੋਂ ਤੜਪ ਜਾਗਦੀ ਹੈ ਤਾਂ ਚਿੱਤ ਨੂੰ ਚਿਤਮਣੀ ਜਿਹੀ ਤਾਂ ਲੱਗ ਈ ਜਾਂਦੀ ਹੈ।

ਫੋਨ ਤੇ ਹੁੰਦੀ ਗੱਲਬਾਤ ਤੋਂ ਉਸਦੀ ਹਾਲਤ ਨੂੰ ਕੁਝ ਹੱਦ ਤੱਕ ਤਾਂ ਰਮੇਸ਼ ਵੀ ਮਹਿਸੂਸ ਕਰ ਚੁੱਕਿਆ ਸੀ। ਨਿਧੀ ਕਈ ਵਾਰ ਸ਼ਿਕਵਾ ਜਤਾ ਚੁੱਕੀ ਸੀ ਕਿ ਉਹ ਪਤਾ ਨੀ ਲੈਣ ਆ ਰਿਹਾ, ਪਰ ਹਰ ਵਾਰ ਉਹ ਕੋਈ ਬਹਾਨਾ ਬਣਾ ਦਿੰਦਾ। ਅਸਲ ਵਿੱਚ ਇਹ ਉਸਦੀ ਸ਼ਾਤਿਰਤਾ ਦਾ ਹੀ ਇੱਕ ਹਿੱਸਾ ਸੀ। ਉਹ ਨਿਧੀ ਵਿੱਚ ਅੱਗ ਨੂੰ ਹੋਰ ਭੜਕਾਉਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਹ ਸ਼ਿਕਵੇ ਹੋਰ ਜਤਾਵੇ ਤੇ ਮੌਕਾ ਆਉਣ ਤੇ ਉਹ ਆਪਣੀ ਬਾਜ਼ੀ ਖੇਡੇਗਾ।

ਹੁਣ ਉਸਨੇ ਮੌਕਾ ਠੀਕ ਸਮਝ ਲਿਆ ਸੀ। ਲੋਹਾ ਗਰਮ ਹੋਣ ਤੇ ਹੀ ਸੱਟ ਮਾਰਨੀ ਚਾਹੁੰਦਾ ਸੀ।

ਰਮੇਸ਼ ਨੂੰ ਆਇਆ ਵੇਖਕੇ ਨਿਧੀ ਨੂੰ ਪਤਾ ਨੀ ਕਿਉਂ ਲੱਗਿਆ ਕਿ ਉਸ ਅੰਦਰ ਉਂਘ ਰਹੇ, ਅਲਸਾਏ ਜਜ਼ਬਾਤ ਜਿਵੇਂ ਨਾਗ ਵਾਂਗੂ ਫਣ ਚੁੱਕ ਕੇ ਖੜ੍ਹੇ ਹੋ ਗਏ ਹੋਣ। ਚਿਰਾਂ ਤੋਂ ਵਲਵਲਿਆਂ ਦਾ ਠੰਢਾ ਹੋਇਆ ਜਵਾਲਾਮੁਖੀ ਅਚਾਨਕ ਕਿਰਿਆਸ਼ੀਲ ਹੋ ਉਠਿਆ ਸੀ। ਸੁੱਤੀ ਹੋਈ ਸ਼ਾਂਤ ਧਰਤੀ ਦੇ ਗਰਭ ਅੰਦਰ ਕਿਸੇ ਭੁਚਾਲ ਉਠਣ ਤੋਂ ਅਗਾਉਂ ਦੀ ਹਲਚਲ ਸ਼ੁਰੂ ਹੋ ਗਈ ਸੀ।

ਏਨੇ ਨੂੰ ਉਸਦੀ ਸੱਸ ਬੱਚਿਆਂ ਨੂੰ ਲੈ ਕੇ ਆ ਗਈ। ਨਾਸ਼ਤੇ-ਪਾਣੀ ਤੋਂ ਬਾਅਦ ਉਹ ਨਿਧੀ ਨੂੰ ਕਹਿਣ ਲੱਗੀ—

"ਨਿਧੀ, ਤੂੰ ਤਿੰਨ-ਚਾਰ ਦਿਨ ਤੋਂ ਘਰ ਨੀ ਗਈ। ਚੰਗੀ ਤਰ੍ਹਾਂ ਨਹਾਈ ਵੀ ਨੀ। ਮੈਂ ਆ ਗਈ ਆਂ, ਤੂੰ ਜਾ ਆ ਘਰ, ਰਮੇਸ਼ ਨੂੰ ਲੈ ਜਾ ਨਾਲ।"

ਨਿਧੀ ਨੇ ਸੁਣਕੇ ਰਮੇਸ਼ ਵੱਲ ਵੇਖਿਆ ਤਾਂ ਉਹ ਇੱਕ ਦਮ ਖੜ੍ਹਾ ਹੋ ਗਿਆ। ਪਤਾ ਨੀ ਕਿਉਂ ਉਸਦਾ ਦਿਲ ਜ਼ੋਰ ਦੀ ਧੜਕਿਆ। 'ਰਮੇਸ਼ ਨਾਲ ਘਰ......?'

ਸਕੂਟਰ ਤੇ ਬੈਠੀ ਜਾਂਦੀ ਉਹ ਸੋਚ ਰਹੀ ਸੀ ਕਿ ਅੱਜ ਕਿੰਨੇ ਦਿਨਾਂ ਬਾਅਦ ਉਹ ਰੱਜਵਾਂ ਸ਼ਿੰਗਾਰ ਕਰੇਗੀ, ਭਾਵੇਂ ਹਸਪਤਾਲ ਆਉਣ ਲੱਗੀ ਲਾਹ ਈ ਦੇਵੇ। ਰਮੇਸ਼ ਦੀ ਤਾਰੀਫ਼ ਅੱਜ ਫੇਰ ਸੁਣਨਾ ਚਾਹੁੰਦੀ ਸੀ ਉਸਦੇ ਸ਼ਬਦ-ਜਾਲ ਵਿੱਚ ਆਪ-ਮੁਹਾਰੇ ਫਸਣਾ ਲੋਚਦੀ ਸੀ।

ਇਹਨਾਂ ਸੋਚਾਂ 'ਚ ਗੁਆਚੇ ਪਤਾ ਨੀ ਕਦੋਂ ਘਰ ਆ ਗਿਆ। ਉਸ ਨਾਲ ਜਦੋਂ ਉਹ ਸੁੰਨੇ ਪਏ ਘਰ 'ਚ ਦਾਖਲ ਹੋਈ ਤਾਂ ਦਿਲ ਜਿਵੇਂ ਉਹਦੇ ਹੱਥਾਂ 'ਚ ਆ ਗਿਆ ਹੋਵੇ। ਚਿਤਮਣੀ 'ਚ ਉਲਝੀ ਅੰਦਰ ਵੜਨ ਲਗੀ ਦੇਹਲੀ 'ਚ ਅੜ੍ਹਕਕੇ ਡਿੱਗਣ ਲੱਗੀ ਤਾਂ ਰਮੇਸ਼ ਨੇ ਬਾਹਾਂ 'ਚ ਬੋਚ ਲਈ ਇਕਦਮ—

"ਵੇਖਿਓ, ਧਿਆਨ ਨਾਲ......।" ਫੇਰ ਕੁਝ ਰੁਕ ਕੇ ਕਹਿਣ ਲੱਗਿਆ "ਇੱਕ ਵਾਰ ਹੋਰ ਡਿੱਗਿਓ ਜ਼ਰਾ.....।" ਕਹਿਕੇ ਉਹ ਹੱਸਿਆ ਤਾਂ ਉਹ ਸ਼ਰਮਾ ਗਈ।

ਉਹ ਨਹਾਉਣ ਦੀ ਤਿਆਰੀ 'ਚ ਰੁਝ ਗਈ ਤੇ ਰਮੇਸ਼ ਲਾਬੀ 'ਚ ਬੈਠਕੇ ਅਖਬਾਰ ਪੜ੍ਹਨ ਲੱਗ ਪਿਆ। ਇੱਕ ਗੁਆਂਢਣ ਨਰਿੰਦਰ ਦਾ ਹਾਲ-ਚਾਲ ਪੁੱਛਣ ਆ ਗਈ ਪਰ ਉਹਦਾ ਆਉਣਾ ਜਿਵੇਂ ਉਹਨੂੰ ਚੰਗਾ ਨਾ ਲੱਗਿਆ। ਬੇਚੈਨ ਜਿਹੀ ਹੋਈ ਥੋੜ੍ਹੀ ਦੇਰ ਉਹਦੇ ਕੋਲ਼ ਬੈਠੀ ਰਹੀ ਫੇਰ ਆਪ ਈ ਉੱਠਕੇ ਕੰਮ-ਕਾਰ 'ਚ ਲੱਗ ਗਈ ਤਾਂ ਕਿ ਉਹ ਉਠ ਕੇ ਚਲੀ ਜਾਵੇ। ਅਖਬਾਰ ਪੜ੍ਹਦਿਆਂ ਰਮੇਸ਼ ਉਹਦੀ ਹਰ ਹਰਕਤ ਨੋਟ ਕਰਕੇ ਅੰਦਰੋ-ਅੰਦਰ ਮੁਸਕਰਾ ਰਿਹਾ ਸੀ। ਉਸਨੂੰ ਆਪਣੀ ਜਿੱਤ ਹੋਰ ਨੇੜੇ ਅਤੇ ਸਰਲ ਹੁੰਦੀ ਜਾਪ ਰਹੀ ਸੀ।

ਨਹਾਕੇ ਨਿਧੀ ਨੇ ਡਰੈਸਿੰਗ ਟੇਬਲ ਦੇ ਵੱਡੇ ਸ਼ੀਸ਼ੇ ਅੱਗੇ ਆ ਕੇ ਆਪਣੇ-ਆਪ ਨੂੰ ਵੇਖਿਆ ਤਾਂ ਉਸਦੀ ਰੂਹ ਜਿਵੇਂ ਕਿਸੇ ਓਪਰੇ ਆਨੰਦ ਦੀਆਂ ਗਹਿਰਾਈਆਂ ਵਿੱਚ ਅੰਗੜਾਈਆਂ ਭਰਨ ਲੱਗੀ। ਸ਼ਿੰਗਾਰ ਕਰਨ ਲੱਗੀ ਉਹ ਸੋਚਣ ਲੱਗੀ ਕਿ ਉਹ ਕਿਹੋ ਜਿਹਾ ਤਿਆਰ ਹੋਵੇ ਕਿ ਰਮੇਸ਼ ਉਹਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦੇਵੇ, ਉਹਦੇ ਬੇਚੈਨ ਜਜ਼ਬਿਆਂ ਨੂੰ ਚੈਨ ਦੇਵੇ, ਉਸਦੇ ਅਸ਼ਾਂਤ ਵਲਵਲਿਆਂ ਨੂੰ ਅਸੀਮ ਸ਼ਾਂਤੀ ਦੇ ਅਹਿਸਾਸ ਨਾਲ ਸਰਾਬੋਰ ਕਰ

ਦੇਵੇ, ਚਿਰਾਂ ਤੋਂ ਅਕੇਵਿਆਂ ਅਤੇ ਥਕੇਵਿਆਂ ਦੀ ਤੋੜ ਨਾਲ ਅੰਗੜਾਈਆਂ ਲੈਂਦੀ ਉਸਦੀ ਦੇਹ ਨੂੰ ਸਕੂਨ ਮਿਲ ਜਾਵੇ। ਅੱਜ ਤਾਂ ਰੱਬ ਮਿਹਰਬਾਨ ਸੀ, ਸੱਸ-ਬੱਚੇ ਤੇ ਨਰਿੰਦਰ ਹਸਪਤਾਲ 'ਚ ਨੇ ਤੇ ਘਰ ਇੱਕ ਸੁੰਨਸਾਨ ਚੁੱਪ ਤੋਂ ਬਿਨਾ ਕੁਝ ਨਹੀਂ.....।

ਸਜ-ਸੰਵਰ ਕੇ ਉਸਨੇ ਵਾਲ ਖੋਲ੍ਹਕੇ ਮੋਢਿਆਂ ਤੇ ਸੁੱਟ ਲਏ। ਹਲਕੇ ਪਰ ਦਿਲ-ਖਿੱਚਵੇਂ ਮੇਕ-ਅੱਪ ਵਿੱਚ ਉਹ ਨਿਰੀ ਮੇਨਕਾ ਲੱਗ ਰਹੀ ਸੀ ਜੋ ਕਿਸੇ ਵੀ ਵਿਸ਼ਵਾਮਿੱਤਰ ਦੀ ਤਪੱਸਿਆ ਭੰਗ ਕਰਨ ਦਾ ਦਮ ਰਖਦੀ ਸੀ। ਫੇਰ ਰਮੇਸ਼ ਤਾਂ ਪਹਿਲਾਂ ਤੋਂ ਹੀ ਦੀਵਾਨਾ ਸੀ ਉਹਦਾ।

ਪੂਰੀ ਤਰ੍ਹਾਂ ਤਿਆਰ ਹੋ ਕੇ ਆਖਰੀ ਵਾਰ ਆਪਣੇ-ਆਪ ਨੂੰ ਸ਼ੀਸ਼ੇ 'ਚ ਵੇਖਿਆ..... ਅਚਾਨਕ ਜਿਵੇਂ ਉਹਦੀ ਸੋਚ ਨੂੰ ਝਟਕਾ ਲੱਗਿਆ। ਸ਼ੀਸ਼ੇ ਵਿੱਚ ਦੀ ਪਿੱਛੇ ਕੰਧ 'ਤੇ ਟੰਗੀ ਨਰਿੰਦਰ ਦੀ ਤਸਵੀਰ ਵਿਖਾਈ ਦਿੱਤੀ ਜੋ ਮੁਸਕਰਾਉਂਦੇ ਹੋਏ ਉਸੇ ਨੂੰ ਵੇਖ ਰਿਹਾ ਸੀ।

'ਅੱਜ ਮੌਕਾ ਹੈ.....।' ਉਹ ਸੋਚਣ ਲੱਗੀ, 'ਨਰਿੰਦਰ ਨੇ ਆਪ ਉਹਨੂੰ ਭੇਜਿਆ ਹੈ, ਉਹ ਕੀ ਕਰਨ ਜਾ ਰਹੀ ਹੈ, ਇਹ ਉਸਨੇ ਸੁਪਨੇ ਵਿੱਚ ਨੀ ਸੋਚਿਆ ਹੋਣੈ,......ਪਰ ਫੇਰ ਵੀ ਇੱਕ ਤੰਦ ਸੀ ਜੋ ਨਰਿੰਦਰ ਤੋਂ ਦੂਰ ਆ ਕੇ ਇਸ ਇਕਾਂਤ ਵਿੱਚ ਵੀ ਉਸ ਨਾਲ ਜੁੜੀ ਹੋਈ ਸੀ, ਇਸ ਤੰਦ ਨੇ ਹਮੇਸ਼ਾ ਕਾਇਮ ਰਹਿਣਾ ਸੀ ਭਾਵੇਂ ਉਹ ਸਰੀਰਕ ਤੌਰ ਤੇ ਵਖੋ-ਵੱਖ ਤੇ ਕਿੰਨੀ ਵੀ ਦੂਰ ਹੋਣ। ਇਹ ਤੰਦ ਸੀ ਦੋਹਾਂ ਵਿਚਕਾਰ ਆਪਸੀ ਭਰੋਸੇ ਦੀ ਤੰਦ ਜੋ ਪਤੀ-ਪਤਨੀ ਦੇ ਰਿਸ਼ਤੇ ਦੀ ਬੁਨਿਆਦ ਹੈ। ਇਸੇ ਤੰਦ ਸਹਾਰੇ ਨਰਿੰਦਰ ਲੋਕਾਂ ਸਾਹਮਣੇ ਮਾਣ ਨਾਲ ਸਿਰ ਉੱਚਾ ਕਰਕੇ ਤੁਰਦਾ ਹੈ। ਇਹ ਤੰਦ ਹੀ ਇੱਕ ਔਰਤ ਦੇ ਸਵੈ-ਮਾਣ ਦੀ ਪ੍ਰਤੀਕ ਹੈ। ਆਪਣੀ ਪਿਆਸ ਲਈ, ਦੋ ਪਲ ਦੇ ਆਨੰਦ ਲਈ ਕੀ ਉਹ ਇਸ ਤੰਦ ਨੂੰ ਤੋੜ ਦੇਵੇ? ਫਿਰ ਕੀ ਉਹ ਉਸੇ ਸਵੈਮਾਣ ਨਾਲ ਨਰਿੰਦਰ ਸਾਹਮਣੇ ਖੜ੍ਹਨ ਦੇ ਕਾਬਿਲ ਰਹੇਗੀ.....?'

ਉਸਦੀਆਂ ਇਹਨਾਂ ਸੋਚਾਂ ਦੀ ਤੰਦ ਟੁੱਟ ਗਈ ਜਦੋਂ ਉਸਨੂੰ ਆਪਣੇ ਮੋਢਿਆਂ 'ਤੇ ਕਿਸੇ ਓਪਰੇ ਹੱਥਾਂ ਦੀ ਛੋਹ ਮਹਿਸੂਸ ਹੋਈ। ਤ੍ਰਭਕ ਕੇ ਉਸਨੇ ਵੇਖਿਆ—ਰਮੇਸ਼ ਸੀ, ਜੋ ਅੰਦਰ ਆ ਗਿਆ ਸੀ।

"ਵਾਹ ਜੀ....ਅੱਜ ਤਾਂ ਕਤਲ ਕਰਨ ਦੇ ਢੇਰਾਂ ਸਮਾਨ ਇਕੱਠੇ ਕਰ ਲਏ ਨੇ। ਲਓ ਜੀ ਅਸੀਂ ਆਪ ਈ ਕਤਲ ਹੋਣ ਲਈ ਆ ਗਏ।"

"ਬੱਸ ਰਮੇਸ਼; ਛੱਡੋ ਇਹ ਚੋਪੜੀਆਂ ਤਾਰੀਫ਼ਾਂ। ਚਲੋ ਹਸਪਤਾਲ ਚੱਲੀਏ।" ਨਿਧੀ ਦੇ ਚਿਹਰੇ 'ਤੇ ਕੋਈ ਭਾਵ ਨਹੀਂ ਸੀ ਜਿਵੇਂ।

"ਪਰ ਭਾਬੀ, ਅਜੇ ਤਾਂ ਆਪਾਂ ਆਏ ਈ ਹਾਂ। ਰੱਜ ਕੇ ਗੱਲਾਂ ਵੀ ਨੀ ਕੀਤੀਆਂ, ਤੇ ਹੁਣੇ ਈ.....।" ਰਮੇਸ਼ ਭਮੱਤਰ ਜਿਹਾ ਗਿਆ।

"ਗੱਲਾਂ ਹਸਪਤਾਲ ਜਾ ਕੇ ਵੀ ਹੋ ਸਕਦੀਆਂ ਨੇ। ਉਹਨਾਂ ਨੂੰ ਮੇਰੀ ਜ਼ਰੂਰਤ ਐ।" ਕਹਿ ਕੇ ਨਿਧੀ ਬਾਹਰ ਵੱਲ ਨੂੰ ਚੱਲ ਪਈ। ਰਮੇਸ਼ ਵੀ ਬੁਝੇ ਮਨ ਨਾਲ ਪਿੱਛੇ ਤੁਰ ਪਿਆ। ਪਰ ਉਸਨੂੰ ਲੱਗਿਆ ਜਿਵੇਂ ਚਿਰਾਂ ਤੋਂ ਬਣਾਈ ਹਾਉਮੈਂ ਦੀ ਕੰਧ ਡਿੱਗ ਪਈ ਹੋਵੇ।

# ਰੇਤ 'ਤੇ ਉੱਕਰੇ ਸੁਪਨੇ

ਲਾਲ ਹੋਈ ਗਰਮ ਪੱਤੀ ਤੇ ਜਦੋਂ ਹਥੌੜੇ ਦੀ ਸੱਟ ਪੈਂਦੀ ਤਾਂ ਉਸਨੂੰ ਲਗਦਾ ਜਿਵੇਂ ਸੱਟ ਸਿੱਧੀ ਕਾਲਜੇ ਤੇ ਪੈਂਦੀ ਹੋਵੇ। ਤੀਜਾ ਪਹਿਰ ਬੀਤ ਚੱਲਿਆ ਸੀ ਉਸਨੂੰ ਅਹਿਰਨ 'ਤੇ ਬੈਠਿਆਂ। ਅੰਤਾਂ ਦੇ ਵੱਟ ਤੇ ਹੁੰਮਸ ਵਾਲਾ ਦਿਨ ਸੀ 'ਤੇ ਉਪਰੋਂ ਮੂਹਰੇ ਬਲ਼ਦੀ ਹੋਈ ਅੱਗ। ਮੁੜ੍ਹਕੇ ਨਾਲ ਭਿੱਜਿਆ ਪਿੰਡਾ ਇਉਂ ਲਗਦਾ ਸੀ ਜਿਵੇਂ ਗਰੀਬੀ ਦੀ ਅੱਗ 'ਚ ਧੁਆਂਖਿਆ ਗਿਆ ਹੋਵੇ।

ਕਦੇ-ਕਦੇ ਉਹ ਸੋਚਦਾ ਪਈ 'ਕੀ ਜੂਨ ਐ ਗਰੀਬ ਦੀ ਵੀ। ਜਿਹੋ ਜਿਹਾ ਆਇਆ ਜੱਗ 'ਤੇ ਉਹੋ ਜਿਹਾ ਤੁਰ ਜਾਂਦੈ। ਸਾਰਾ ਦਿਨ ਮਰਦਾ ਰਹਿੰਦੈ ਲੱਕ ਤੋੜਵੀਂ ਮਿਹਨਤ 'ਚ ਤਾਂ ਵੀ ਆਥਣ ਦੀ ਰੋਟੀ ਦਾ ਫ਼ਿਕਰ ਰਹਿੰਦੈ। ਜੇ ਥੋੜ੍ਹਾ ਜਿਹਾ ਪੜ੍ਹ ਲੈਂਦਾ ਹੋਰ ਤਾਂ ਖੌਰੇ ਅੱਜ ਏਹਦੇ ਨਾਲੋਂ ਕੁਝ ਸੌਖਾ ਹੁੰਦਾ।

ਬੜੇ ਚਾਅ ਨਾਲ ਦਾਖਲ ਕਰਵਾਇਆ ਸੀ ਘਰਦਿਆਂ ਨੇ ਸਕੂਲ 'ਚ। ਮਾਂ ਨੇ ਨਾ ਲਿਖਵਾਇਆ 'ਫਤਿਹ ਸਿੰਘ'। ਖ਼ੁਸ਼ੀ-ਖ਼ੁਸ਼ੀ ਫੱਟੀ, ਕੈਦਾ, ਸਲੇਟ, ਕਲਮ ਲੈ ਕੇ ਦਿੱਤਾ। ਨਵੇਂ ਖਰੀਦੇ ਫੁੱਲਾਂ ਵਾਲੇ ਦਿਲ ਖਿੱਚਵੇਂ ਰੰਗਾਂ ਦੇ ਕੱਪੜੇ ਦਾ ਝੋਲਾ ਸਿਉਂ ਕੇ ਦਿੱਤਾ ਮਾਂ ਨੇ। ਉਹ ਵੀ ਚਾਈਂ ਚਾਈਂ ਸਕੂਲ ਜਾਂਦਾ। ਮਨ ਲਗਾ ਕੇ ਪੜ੍ਹਾਈ ਕਰਦਾ ਸੀ। ਪਹਿਲੀਆਂ ਦੋ ਜਮਾਤਾਂ ਤਾਂ ਵਧੀਆ ਢੰਗ ਨਾਲ ਪਾਸ ਕਰ ਲਈਆਂ, ਪਰ ਤੀਜੀ 'ਚ ਆ ਕੇ ਉਹਦਾ ਮਨ ਪੜ੍ਹਾਈ 'ਚੋਂ ਅਜਿਹਾ ਉਚਾਟ ਹੋਇਆ ਕਿ ਫੇਰ ਤਾਬ ਨਾ ਆਇਆ। ਮਾੜੀ ਸੰਗਤ ਚੰਗੇ ਭਲੇ ਨੂੰ ਅਸਲ ਰਾਹ ਤੋਂ ਭਟਕਾ ਦਿੰਦੀ ਹੈ, ਉਹ ਤਾਂ ਅਜੇ ਅਧਖਿੜਿਆ ਫੁੱਲ ਸੀ। ਇੱਕ ਦਿਨ ਸਕੂਲ ਦਾ ਕੰਮ ਕਰਨਾ ਭੁੱਲ ਗਿਆ ਘਰੇ ਤਾਂ ਮਨ 'ਚ ਡਰ ਰਿਹਾ ਸੀ ਕਿ ਮਾਸਟਰ ਜੀ ਕੁੱਟਣਗੇ ਪਰ ਉਹਦੇ ਨਾਲ ਸਕੂਲ ਨੂੰ ਆ ਰਹੇ ਵੱਢ ਖਾਣਿਆਂ ਦੇ ਕੀਪੇ ਨੇ ਉਹਨੂੰ ਸਲਾਹ ਦਿੱਤੀ—

'ਆਪਾਂ ਐਂ ਕਰਦੇ ਆਂ ਅੱਜ ਸਕੂਲ ਨੀ ਜਾਂਦੇ। ਘਰੋਂ ਤਾਂ ਆ ਈ ਗਏ ਆਂ। ਛੁੱਟੀ ਵੇਲ਼ੇ ਘਰੇ ਚਲੇ ਜਾਮਾਂਗੇ। ਕੁੱਟ ਤੋਂ ਤਾਂ ਬਚੇਂਗਾ। ਮੈਂ ਤਾਂ ਐਂ ਈ ਕਰਦਾ ਹੁੰਨਾਂ।''

ਕੀਪੇ ਦੀ ਦਿੱਤੀ ਸਲਾਹ ਜਿਵੇਂ ਉਹਦੇ ਮਨ ਲੱਗ ਗਈ। ਸਾਰਾ ਦਿਨ ਬਾਹਰ ਖੇਤਾਂ ਕਦੇ ਪਹਿਆਂ 'ਚ ਕੁੱਤੇ ਭਕਾਈ ਕਰਦੇ ਰਹੇ ਦੋਵੇਂ। ਛੁੱਟੀ ਹੋਈ ਤੋਂ ਘਰੇ ਚਲੇ ਗਏ। ਬੁੱਧੀ ਭ੍ਰਿਸ਼ਟ ਹੋਈ ਤਾਂ ਮਨ ਵਿਚਲ ਗਿਆ। ਬਸ ਉਸ ਦਿਨ ਤੋਂ ਬਾਅਦ ਹਰ ਤੀਜੇ-ਚੌਥੇ ਦਿਨ ਇਹ ਕੰਮ ਸ਼ੁਰੂ ਹੋ ਗਿਆ। ਪਿੰਡੋਂ ਬਾਹਰਵਾਰ ਖੇਤਾਂ 'ਚ ਇੱਕ ਸਾਧ ਦੀ ਕੁਟੀਆ ਸੀ ਉਥੇ ਬਹੁਤ ਸਾਰੀਆਂ ਬੇਰੀਆਂ ਲੱਗੀਆਂ ਸਨ। ਘਰੋਂ ਤਾਂ ਸਕੂਲ ਲਈ ਆਉਂਦੇ ਪਰ ਸਾਰਾ ਦਿਨ ਕਦੇ ਕੁਟੀਆ ਚਲੇ ਜਾਂਦੇ, ਬੇਰੀਆਂ ਖਾਂਦੇ ਕਦੇ ਚਾਹ ਪੀ ਲੈਂਦੇ ਕਦੇ ਖੇਤਾਂ 'ਚ ਫਿਰਦੇ ਰਹਿੰਦੇ। ਕਦੇ ਲੁੱਕ-ਛਿਪ ਕੇ ਬੀੜੀਆਂ ਦੇ ਟੋਟੇ ਚੁੱਕ ਕੇ ਪੀਣ ਲੱਗ ਪਏ।

ਘਰੇ ਸ਼ਿਕਾਇਤਾਂ ਜਾਣ ਲੱਗੀਆਂ ਤਾਂ ਕੁੱਟ ਸ਼ੁਰੂ ਹੋ ਗਈ। ਪਰ ਮਾੜੀ ਆਦਤ

ਬੀਮਾਰੀ ਵਾਂਗ ਹੁੰਦੀ ਹੈ ਜੋ ਆਉਂਦੀ ਤਾਂ ਇੱਕ ਦਮ ਹੈ ਪਰ ਖਹਿੜਾ ਛੁਡਾਉਣਾ ਬੜਾ ਔਖਾ ਹੁੰਦੈ। ਇੱਕ ਦਿਨ ਕੁਟੀਆ 'ਚ ਖੇਡਦਿਆਂ ਨੇ ਸਾਧ ਦੇ ਖੀਸੇ 'ਚੋਂ ਅੱਧਾ ਕੁ ਬਾਹਰ ਨਿਕੱਲਿਆ ਬਟੂਆ ਵੇਖ ਲਿਆ। ਦੋਵੇਂ ਸਾਧ ਕੋਲ਼ ਗਏ ਤੇ ਕਹਿਣ ਲੱਗੇ—

'ਬਾਬਾ ਜੀ, ਲਿਆਉ ਥੋਡੀ ਸੇਵਾ ਕਰੀਏ ਫੇਰ ਰੱਬ ਸਾਨੂੰ ਪਾਸ ਕਰ ਦਿਊ।' ਕਹਿਕੇ ਕੀਪਾ ਬਾਬੇ ਦੀਆਂ ਲੱਤਾਂ ਘੁਟਣ ਲੱਗ ਪਿਆ ਤੇ ਉਹ ਆਪ ਪਿੱਠ। ਉਸਨੂੰ ਗੱਲਾਂ 'ਚ ਲਾ ਕੇ ਉਹਦਾ ਬਟੂਆ ਉੱਡਾ ਕੇ ਔਹ ਗਏ.....ਔਹ ਗਏ। ਜਦੋਂ ਪਤਾ ਲੱਗਿਆ, ਘਰੇ ਗੱਲ ਪਹੁੰਚੀ ਤਾਂ ਬਾਪ ਨੇ ਚੰਗੀ ਛਿੱਤਰ ਪਰੇਡ ਕੀਤੀ ਤੇ ਉਸੇ ਦਿਨ ਤੋਂ ਸਕੂਲ 'ਚੋਂ ਹਟਾ ਕੇ ਆਪਣੇ ਨਾਲ ਕੰਮ ਤੇ ਲਾ ਲਿਆ।

ਅੱਗ ਤੇਜ਼ ਕਰਨ ਲਈ ਉਹ ਪੱਖੇ ਦਾ ਹੈਂਡਲ ਘੁਮਾਉਣ ਲੱਗ ਪਿਆ। ਹਵਾ ਨੇ ਅੱਗ ਨੂੰ ਹੋਰ ਮਘਾ ਦਿੱਤਾ। ਅੰਦਰ ਪਈਆਂ ਲੋਹੇ ਦੀਆਂ ਪੱਤੀਆਂ ਤੇ ਅੱਗ ਦਾ ਅਸਰ ਹੋਣ ਲੱਗਿਆ ਤਾਂ ਉਹਨਾਂ ਦਾ ਰੰਗ ਕਾਲੇ ਤੋਂ ਲਾਲੀ ਵੱਲ ਨੂੰ ਵੱਟਣ ਲੱਗਿਆ।

ਕਲਮ ਦੀ ਥਾਂ ਹਥੌੜਾ ਹੱਥ 'ਚ ਆ ਗਿਆ ਤੇ ਬਾਪ ਦੇ ਨਾਲ ਡੰਗਰਾਂ ਦੀਆਂ ਖੁਰੀਆਂ ਬਣਾਉਣ ਲੱਗ ਪਿਆ। ਪਿਉ ਦਾ ਜੱਦੀ-ਪੁਸ਼ਤੀ ਕਿੱਤਾ ਸੀ। ਉਸ ਸਮੇਂ ਚੰਗੀ ਪੁੱਛ ਸੀ ਇਸ ਕੰਮ ਦੀ। ਘਰੇ ਉਸ ਤੋਂ ਬਿਨਾਂ ਦੋ ਹੋਰ ਭੈਣਾਂ ਸਨ। ਕੰਮ ਕਰਦਾ ਜਦੋਂ ਮੁੜ੍ਹਕੇ-ਨਾਲ ਮੁੜ੍ਹਕਾ ਹੁੰਦਾ ਤਾਂ ਉਹ ਸੋਚਦਾ ਕਿ 'ਪਤਾ ਨੀ ਕਿਵੇਂ ਕੀਪੇ ਮਗਰ ਲੱਗ ਕੇ ਉਹਦੀ ਮੱਤ ਮਾਰੀ ਗਈ ਸੀ। ਮਨ ਹੀ ਮਨ ਉਹ ਉਹਨੂੰ ਗਾਲ਼ਾਂ ਕਢਦਾ। ਹੁਣ ਉਹਦੇ ਨਾਲ਼ ਦੇ ਮੁੰਡੇ ਪੜ੍ਹ-ਲਿਖਕੇ ਕੰਮਾਂ ਕਾਰਾਂ ਤੇ ਲੱਗ ਗਏ ਪਰ ਉਹ ਸਾਰਾ ਦਿਨ ਖੁਰੀਆਂ ਦੇ ਨਾਲ਼-ਨਾਲ਼ ਆਪਣੇ ਚਾਅ-ਮਲਾਰ ਵੀ ਕੁਟਦਾ ਰਹਿੰਦਾ। ਜਨਮ ਵੇਲੇ ਘਰਦਿਆਂ ਵਲੋਂ ਚਾਅ ਨਾਲ ਰੱਖਿਆ ਨਾਂ 'ਫਤਿਹ ਸਿੰਘ' ਹੁਣ ਕੇਵਲ ਦੋ ਅੱਖਰੀ ਸ਼ਬਦਾਂ 'ਫੱਤੂ' ਜਾਂ 'ਫੱਤੇ' ਤੱਕ ਹੀ ਸਿਮਟ ਕੇ ਰਹਿ ਗਿਆ ਸੀ।

ਉਸਨੂੰ ਜਦੋਂ ਆਪਣਾ ਇਹ ਨਾਂ ਲੋਕਾਂ ਮੂੰਹੋਂ ਸੁਣਦਾ ਤਾਂ ਇਉਂ ਲਗਦਾ ਕਿ ਇਸ ਨਾਂ ਦੇ ਵਾਂਗੂੰ ਉਸਦਾ ਆਪਣਾ ਸਾਰਾ ਵਜੂਦ ਈ ਸਿਮਟ ਗਿਆ ਹੋਵੇ।

ਖੁਰੀਆਂ ਕੁਟਦਿਆਂ ਕਦੇ-ਕਦੇ ਉਸ ਅੱਗੇ ਜ਼ਿੰਦਗੀ 'ਚ ਆਏ ਵਿੰਗ-ਵਲੇਵੇਂ ਤੇ ਉਤਾਰ-ਚੜ੍ਹਾਅ ਫਿਲਮ ਵਾਂਗ ਘੁੰਮਣ ਲੱਗ ਪੈਂਦੇ। ਅੱਜ ਵੀ ਏਵੇਂ ਈ ਹੋ ਰਿਹਾ ਸੀ। ਇੱਕ ਧੀ ਵਿਆਹੁਣ ਤੋਂ ਬਾਅਦ ਬਾਪ ਬਿਮਾਰ ਪੈ ਗਿਆ ਸੀ। ਪਰ ਮਰਨ ਤੋਂ ਪਹਿਲਾਂ ਉਹ ਨੂੰਹ ਨੂੰ ਘਰ ਆਏ ਵੇਖਣਾ ਚਾਹੁੰਦਾ ਸੀ। ਏਸੇ ਤਾਂਘ 'ਚ ਉਸਨੇ ਵਿਆਹ ਲਿਆ ਸੀ ਉਸਨੂੰ। ਪਰ ਉਹਦੇ ਵਿਆਹ ਤੋਂ ਬਾਅਦ ਬਾਪ ਨੇ ਅਜਿਹਾ ਮੰਜਾ ਫੜਿਆ ਕਿ ਮਰ ਕੇ ਈ ਖਹਿੜਾ ਛੁੱਟਿਆ। ਜਾਂਦਾ ਹੋਇਆ ਇੱਕ ਧੀ ਦਾ ਬੋਝ ਵੀ ਉਸੇ ਦੇ ਮੋਢਿਆਂ 'ਤੇ ਪਾ ਗਿਆ ਸੀ। ਬਾਪ ਦੇ ਮਰਨ ਪਿੱਛੋਂ ਖੁਰੀਆਂ ਦਾ ਕੰਮ ਉਹਨੇ ਆਪ ਸਾਂਭ ਲਿਆ। ਪੜ੍ਹਾਈ ਤੋਂ ਮੂੰਹ ਮੋੜਨ ਵਾਲੀ ਗਲਤੀ ਉਹ ਦੁਹਰਾਉਣਾ ਨਹੀਂ ਚਾਹੁੰਦਾ ਸੀ। ਇਸ ਲਈ ਕਿੱਤੇ ਵਿੱਚ ਉਸਨੇ ਮਨ ਲਗਾ ਲਿਆ ਸੀ।

ਕਿਸੇ ਤਰ੍ਹਾਂ ਹੱਡ-ਭੰਨਵੀਂ ਮਿਹਨਤ ਕਰਕੇ ਉਸਨੇ ਪਾਈ-ਪਾਈ ਜੋੜੀ ਤੇ ਭੈਣ ਨੂੰ

ਘਰੋਂ ਵਿਦਾ ਕੀਤਾ। ਬਾਪ ਵੱਲੋਂ ਰਿਹਾ ਇਹ ਫਰਜ਼ ਤਾਂ ਉਸਨੇ ਪੂਰਾ ਕਰ ਦਿੱਤਾ ਪਰ ਏਸ ਸਮੇਂ ਦੌਰਾਨ ਉਸਦੇ ਆਪਣੇ ਤਿੰਨ ਧੀਆਂ ਆ ਗਈਆਂ। ਤਾਂ ਕਿਤੇ ਜਾ ਕੇ ਚੌਥੀ ਵਾਰ ਪੁੱਤ ਦਾ ਮੂੰਹ ਵੇਖਿਆ।

ਸਮੇਂ ਦੇ ਬਦਲਾਵ ਦਾ ਆਪਣੇ ਕਿੱਤੇ ਤੇ ਪ੍ਰਭਾਵ ਉਹ ਭਲੀ-ਭਾਂਤ ਮਹਿਸੂਸ ਕਰ ਰਿਹਾ ਸੀ। ਇੱਕ ਤਾਂ ਪਰਿਵਾਰ ਵੱਡਾ, ਉੱਪਰੋਂ ਖੁਰੀਆਂ ਦਾ ਕੰਮ ਅੱਜਕੱਲ ਮੱਠਾ ਪੈ ਗਿਆ ਸੀ। ਇਹਨਾਂ ਤਿੰਨ ਚਾਰ ਦਹਾਕਿਆਂ ਤੋਂ ਹੀ ਕਾਫ਼ੀ ਕੁਝ ਬਦਲ ਗਿਆ ਸੀ। ਕਿਧਰੇ ਟਰੈਕਟਰਾਂ, ਕੰਬਾਈਨਾਂ ਤੇ ਟਿਊਬਵੈਲਾਂ ਨੇ ਖੇਤੀ ਦੇ ਕੰਮ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ ਸੀ। ਹੁਣ ਹਲਟਾਂ, ਫਲ੍ਹਿਆਂ 'ਤੇ ਗੱਡਿਆਂ ਦਾ ਜ਼ਮਾਨਾ ਕਿੱਥੇ ਰਿਹਾ ਸੀ। ਹੁਣ ਤਾਂ ਦਿਨਾਂ ਦਾ ਕੰਮ ਘੰਟਿਆਂ 'ਚ ਹੁੰਦਾ ਸੀ। ਹੁਣ ਤਾਂ ਕੋਈ ਮਾੜਾ-ਧੀੜਾ ਮ੍ਰਾਤੜ ਬੰਦਾ ਈ ਖੇਤੀ ਦੇ ਕੰਮ 'ਚ ਪਸ਼ੂਆਂ ਨੂੰ ਵਰਤਦਾ ਸੀ। ਫੇਰ ਵੀ ਖੱਚਰ-ਰੇੜ੍ਹਿਆਂ ਕਾਰਨ ਉਹਦਾ ਕੰਮ ਚੱਲੀ ਜਾ ਰਿਹਾ ਸੀ। ਸਾਰਾ ਦਿਨ ਖੁਰੀਆਂ ਚੁੱਕੀ ਪਿੰਡ 'ਚ ਤੇ ਕਦੇ-ਕਦੇ ਲਾਗਲੇ ਪਿੰਡਾਂ 'ਚ ਜਾਂਦਾ ਰਹਿੰਦਾ। ਕਦੇ ਕੋਈ ਗਾਹਕ ਮਿਲ ਜਾਂਦਾ ਕਦੇ ਖਾਲੀ ਹੱਥੀਂ ਵੀ ਮੁੜਨਾ ਪੈਂਦਾ।

ਉਸਦੀ ਘਰ ਵਾਲੀ ਸੀਤੋ ਕੁਝ ਘਰਾਂ ਦਾ ਕੰਮ ਕਰਨ ਲੱਗ ਪਈ ਸੀ। ਉਥੋਂ ਵੀ ਖਾਣ ਜੋਗਾ ਦਾਣਾ-ਫੱਕਾ ਇਕੱਠਾ ਹੋ ਜਾਂਦਾ। ਪਹਿਲਾਂ ਤਾਂ ਉਹ ਰੋਕਦਾ ਸੀ, ਪਰ ਇੱਕ ਵਾਰ ਉਹ ਬਿਮਾਰ ਪੈ ਗਿਆ। ਬੁਖਾਰ ਤੇ ਪੀਲੀਏ ਨੇ ਇੱਕੋ ਵਾਰ ਹਮਲਾ ਕੀਤਾ ਕਿ ਵੀਹ-ਪੱਚੀ ਦਿਨ ਮੰਜੇ ਤੋਂ ਨਾ ਉੱਠ ਸਕਿਆ। ਤਦ ਘਰ ਚਲਾਉਣ ਲਈ ਉਹ ਘਰਾਂ 'ਚ ਕੰਮ ਕਰਨ ਲੱਗ ਈ ਪਈ ਜ਼ਿੱਦ ਕਰਕੇ। ਉਹ ਰੋਕ ਨਹੀਂ ਸਕਿਆ। ਪਰ ਹੁਣ ਠੀਕ ਹੋਣ ਤੋਂ ਬਾਅਦ ਵੀ ਨਹੀਂ ਸੀ ਰੋਕਿਆ ਉਸਨੇ।

ਖੁਰੀਆਂ ਦਾ ਕੰਮ ਘਟਦਾ ਵੇਖ ਉਸਨੇ ਸੋਚਿਆ ਕਿ ਕੰਮ-ਕਾਰ ਕੁਝ ਵਧਾਇਆ ਜਾਵੇ। ਪਰ ਕਰੇ ਕੀ? ਬਾਪ ਨੇ ਕਿਸੇ ਹੋਰ ਕੰਮ 'ਚ ਪਾਇਆ ਹੁੰਦਾ ਤਾਂ ਕਰਦਾ। ਉਸਨੇ ਸੋਚਿਆ ਕਿ ਖੇਤੀ ਦੇ ਛੋਟੇ-ਮੋਟੇ ਸੰਦ ਜਿਵੇਂ ਕਹੀਆਂ, ਖੁਰਪੇ, ਸੱਬਲਾਂ ਵਰਗੀਆਂ ਚੀਜ਼ਾਂ ਉਹ ਆਪ ਬਣਾਕੇ ਵੇਚੇ। ਉਹ ਸ਼ਹਿਰ ਤਾਂ ਅਕਸਰ ਜਾਂਦਾ ਈ ਸੀ ਲੋਹਾ ਬਜ਼ਾਰ ਕਰੈਪ ਲੈਣ ਖੁਰੀਆਂ ਲਈ। ਹੁਣ ਨਾਲ-ਨਾਲ ਉਹ ਇਹਨਾਂ ਸੰਦਾਂ ਦੇ ਕਾਰੀਗਰਾਂ ਨਾਲ ਜਾਣ-ਪਹਿਚਾਣ ਵਧਾਉਣ ਲੱਗ ਪਿਆ। ਪਹਿਲਾਂ ਤਾਂ ਉਹ ਉਹਨਾਂ ਤੋਂ ਬਣੇ-ਬਣਾਏ ਸੰਦ ਖਰੀਦ ਕੇ ਪਿੰਡ 'ਚ ਵੇਚਦਾ। ਹੌਲੀ-ਹੌਲੀ ਉਹ ਆਪ ਬਣਾਉਣਾ ਸਿੱਖ ਗਿਆ। ਕੰਮ ਤਾਂ ਅੱਗੇ ਨਾਲੋਂ ਰੁੜ੍ਹ ਪਿਆ ਸੀ ਪਰ ਉਸਦੀ ਸੰਤੁਸ਼ਟੀ ਦੀ ਹੱਦ ਤੱਕ ਨਹੀਂ। ਪਰ ਇਸਨੂੰ ਹੋਰ ਅੱਗੇ ਵਧਾਉਣਾ ਉਸਦੇ ਵਸ 'ਚ ਨਹੀਂ ਸੀ। ਇਸ ਲਈ ਪੈਸਾ ਚਾਹੀਦਾ ਸੀ। ਬਾਪ ਤਾਂ ਵਿਚਾਰਾ ਆਪ ਹੱਡ-ਰਗੜਦਾ ਸੁੱਕੀਆਂ ਰੋਟੀਆਂ ਤੋੜਦਾ ਮੁੱਕ ਗਿਆ ਸੀ। ਕਿਸੇ ਤੋਂ ਵਿਆਜ 'ਤੇ ਪੈਸੇ ਉਧਾਰ ਉਹ ਲੈਣਾ ਨਹੀਂ ਸੀ ਚਾਹੁੰਦਾ ਕਿਉਂਕਿ ਵਿਆਜੂ ਪੈਸੇ ਤੋਂ ਉਸਨੂੰ ਬੜਾ ਡਰ ਲੱਗਦਾ ਸੀ। ਉਸਦੇ ਗੁਆਂਢੀ ਜੈਲੇ ਨਾਲ ਬਣੀ ਉਸ ਤੋਂ ਭੁੱਲੀ ਨਹੀਂ ਸੀ ਜਾ ਰਹੀ।

ਜੈਲਾ ਉਹਦਾ ਮਿੱਤਰ ਈ ਸੀ। ਲੱਕੜ ਦਾ ਕੰਮ ਕਰਦਾ ਸੀ। ਚੁੱਲ੍ਹੇ-ਚੌਂਕੇ ਦੇ ਛੋਟੇ-ਮੋਟੇ ਸੰਦ ਜਿਵੇਂ ਚਕਲੇ-ਵੇਲਣੇ, ਘੋਟਣੀ, ਥਾਪੀ ਜਾਂ ਬੱਚਿਆਂ ਦੇ ਖਿਡੌਣੇ ਜਿਵੇਂ ਟਰੈਕਟਰ, ਟਰੱਕ, ਚਕਰ-ਚੂੰਡੇ ਆਦਿ ਬਣਾ ਕੇ ਵੇਚਦਾ। ਪਰ ਸਮੇਂ ਦੇ ਬਦਲਾਵ ਕਾਰਣ ਨਵੇਂ-ਨਵੇਂ

ਬਿਜਲੀ ਨਾਲ ਚੱਲਣ ਵਾਲੇ ਸੰਦ ਤੇ ਖਿਡੌਣੇ ਆਉਣ ਕਾਰਨ ਉਸਦਾ ਧੰਦਾ ਵੀ ਮੱਠਾ ਪੈ ਗਿਆ ਸੀ। ਉਸਨੇ ਧੰਦਾ ਵਧਾਉਣ ਖਾਤਰ ਪਿੰਡ ਦੇ ਸ਼ਾਹੂਕਾਰ ਨਸੀਬ ਤੋਂ ਵਿਆਜ ਤੇ ਵੀਹ ਹਜ਼ਾਰ ਰੁਪਿਆ ਫੜ ਲਿਆ। ਇਹਨਾਂ ਪੈਸਿਆਂ ਨਾਲ ਧੰਦਾ ਤਾਂ ਉਹਦਾ ਬਹੁਤਾ ਨਾ ਚੱਲਿਆ ਪਰ ਵਿਆਜ ਤੇ ਵਿਆਜ ਪੈ ਕੇ ਤਿੰਨਾਂ ਕੁ ਸਾਲਾਂ 'ਚ ਈ ਸ਼ਾਹ ਨੇ ਵੀਹ ਹਜ਼ਾਰ ਦੇ ਪੰਜਾਹ ਹਜ਼ਾਰ ਬਣਾ ਦਿੱਤੇ। ਐਨੇ ਪੈਸੇ ਮੋੜੇ ਕਿਵੇਂ? ਇਹ ਸੋਚ-ਸੋਚ ਉਸਨੂੰ ਦੌਰੇ ਪੈਣੇ ਸ਼ੁਰੂ ਹੋ ਗਏ। ਪਰ ਸ਼ਾਹ ਨੂੰ ਉਹਦੀ ਹਾਲਤ ਤੇ ਤਰਸ ਕਿੱਥੋਂ, ਉਸਨੂੰ ਤਾਂ ਆਪਣੀ ਰਕਮ ਚਾਹੀਦੀ ਸੀ। ਪੰਚਾਇਤ ਇਕੱਠੀ ਕੀਤੀ ਤਾਂ ਨਸੀਬ ਸ਼ਾਹ ਨੇ ਸਾਰੀ ਲਿਖਤ-ਪੜ੍ਹਤ ਅੱਗੇ ਰੱਖ ਦਿੱਤੀ। ਕੋਈ ਕੁਝ ਬੋਲ ਨਾ ਸਕਿਆ। ਉਪਰੋਂ ਉਹ ਕਚਹਿਰੀ ਜਾਣ ਦੀ ਧਮਕੀ ਦੇਵੇ। ਜੈਲਾ ਵਿਚਾਰਾ ਨਾ ਜਿਉਂਦਿਆਂ 'ਚ ਨਾ ਮਰਿਆਂ 'ਚ।

ਇੱਕ ਦਿਨ ਨਸੀਬ ਸ਼ਾਹ ਨੇ ਜੈਲੇ ਨੂੰ ਘਰੇ ਬੁਲਾ ਲਿਆ ਤੇ ਪੂਰੀ ਤਰ੍ਹਾਂ ਆਪਣੇ ਵੱਸ 'ਚ ਹੋਇਆ ਵੇਖ ਕਹਿਣ ਲੱਗਿਆ—

"ਵੇਖ ਜੈਲਿਆ ਜੋ ਵਿਹਾਰ ਤੇ ਕਰਾਰ ਕੀਤਾ ਉਹ ਤਾਂ ਪੂਰਾ ਕਰਨਾ ਈ ਪੈਂਦੈ, ਹੈ ਕਿ ਨਾ। ਇਹ ਤਾਂ ਲੇਖਾ ਮਾਵਾਂ-ਧੀਆਂ ਦਾ ਹੁੰਦੈ, ਹੈ ਕਿ ਨਾ? (ਇਹ ਉਹਦਾ ਤਕੀਆ ਕਲਾਮ ਸੀ) ਰਕਮ ਤਾਂ ਤੈਨੂੰ ਮੋੜਨੀ ਈ ਪਊ। ਪਰ ਇਹ ਕਰਜ਼ ਮਾਫ ਹੋ ਸਕਦੈ, ਜੇ ਇੱਕ ਗੱਲ ਮੰਨੇ।" ਕਹਿਕੇ ਉਸਨੇ ਜੈਲੇ ਵੱਲ ਵੇਖਿਆ।

ਜੈਲੇ ਨੇ ਇਉਂ ਸਿਰ ਚੁੱਕ ਕੇ ਲਾਲੇ ਦੀਆਂ ਅੱਖਾਂ 'ਚ ਵੇਖਿਆ ਜਿਵੇਂ ਸ਼ਾਹ ਦੇ ਸਿਰ 'ਤੇ ਸਿੰਗ ਉੱਗ ਆਏ ਹੋਣ। ਉਹ ਹੈਰਾਨੀ ਨਾਲ ਬੋਲਿਆ—

"ਉਹ ਕੀ ਲਾਲਾ ਜੀ ਤੁਸੀਂ ਦੱਸੋ ਤਾਂ ਸਹੀ.....?"

ਸ਼ਾਹ ਨੇ ਘੁੰਡੀ ਠੀਕ ਬੈਠੀ ਵੇਖ ਗੱਲ ਤੋਰੀ—

"ਵੇਖ ਜੈਲਿਆ ਪੈਸਾ ਤਾਂ ਮੇਰੇ ਕੋਲ ਬਥੇਰਾ, ਪਰ ਘਰੇ ਵਰਤਣ ਵਾਲਾ ਮੇਰਾ ਕੱਲਾ-ਕੱਲਾ ਪੁੱਤ ਐ। ਜਦੋਂ ਤੋਂ ਪੁੱਤ ਕੇਸ਼ੂ ਦੀ ਮਾਂ ਮਰੀ ਆ ਉਦੋਂ ਤੋਂ ਘਰ ਖਾਣ ਨੂੰ ਆਉਂਦੈ। ਔਲਾਦ 'ਤੇ ਅੱਜ ਕੱਲ ਕਾਹਦਾ ਮਾਣ। ਵਿਆਹ ਕਰ 'ਤਾ ਤਾਂ ਨੂੰਹ ਨਾਲ ਗੱਲ-ਗੱਲ 'ਤੇ ਅੱਖਾਂ ਵਿਖਾਉਂਦੇ ਨੇ। ਜ਼ਨਾਨੀ ਬਿਨਾ ਕਾਹਦਾ ਜਿਉਣਾ ਜੱਗ 'ਤੇ.....।" ਕਹਿਕੇ ਸ਼ਾਹ ਫੇਰ ਰੁਕ ਗਿਆ ਪਰ ਜੈਲਾ ਜਿਵੇਂ ਅਜੇ ਵੀ ਉਹਦੀ ਰਮਜ਼ ਨਹੀਂ ਸਮਝ ਸਕਿਆ—

"ਪਰ ਲਾਲਾ ਜੀ, ਮੈਂ ਭਲਾ ਕੀ ਕਰ ਸਕਦਾਂ ਏਸ 'ਚ?"

"ਜੇ ਤੂੰ ਆਵਦੀ ਧੀ ਬੰਤੋ ਦਾ ਵਿਆਹ ਮੇਰੇ ਨਾਲ ਕਰਦੇਂ ਤਾਂ ਤੇਰਾ ਕਰਜ਼ਾ ਤਾਂ ਮਾਫ ਕਰ ਈ ਦੇਊਂ ਨਾਲ਼ ਈ ਅੱਧੀ ਜੈਦਾਦ ਵੀ ਬੰਤੋ ਦੇ ਨਾਂ......।"

ਏਸ ਤੋਂ ਅੱਗੇ ਸ਼ਾਹ ਬੋਲ ਨੀ ਸੀ ਸਕਿਆ ਕਿਉਂਕਿ ਜੈਲੇ ਦੇ ਹੱਥਾਂ ਦੀ ਪਕੜ ਨੇ ਉਸਦੀ ਅਵਾਜ਼ ਸੰਘ 'ਚ ਘੁੱਟ ਦਿੱਤੀ ਸੀ। ਜਦੋਂ ਰੌਲ਼ਾ ਪਿਆ ਤੇ ਸ਼ਾਹ ਦੇ ਬੰਦਿਆਂ ਨੇ ਆ ਕੇ ਜੈਲੇ ਕੋਲੋਂ ਉਹਨੂੰ ਛੁਡਾਇਆ ਤਦ ਤੱਕ ਤਾਂ ਉਹਦੀਆਂ ਅੱਖਾਂ ਬਾਹਰ ਆ ਗਈਆਂ ਸਨ।

ਕਤਲ ਦੇ ਕੇਸ 'ਚ ਜੈਲੇ ਨੂੰ ਉਮਰ ਕੈਦ ਹੋ ਗਈ। ਉਸਦੀ ਘਰਵਾਲੀ ਤਾਂ ਸਜ਼ਾ ਸੁਣਕੇ ਥਾਏਂ ਡਿੱਗ ਪਈ। ਪਿੰਡ ਵਾਲਿਆਂ ਨੇ ਪੈਸੇ ਇਕੱਠੇ ਕਰਕੇ ਉਸਦੀ ਧੀ ਬੰਤੋ ਨੂੰ ਤਾਂ

ਵਿਆਹ ਦਿੱਤਾ ਪਰ ਉਸਦਾ ਸਾਰਾ ਘਰ ਰੁਲ਼ ਗਿਆ। ਇੱਕ ਪੁੱਤ ਸੀ ਛੋਟਾ ਉਹ ਨਸ਼ੇੜੀ ਬਣ ਗਿਆ। ਪਹਿਲਾਂ ਤਾਂ ਫੱਤਾ ਵੀ ਏਹੋ ਸਮਝਦਾ ਸੀ ਕਿ ਜੈਲੇ ਨੇ ਰਕਮ ਪਿੱਛੇ ਸ਼ਾਹ ਨੂੰ ਮਾਰਿਆ ਪਰ ਜਦੋਂ ਇੱਕ ਦਿਨ ਜੇਲ੍ਹ 'ਚ ਉਸ ਨੂੰ ਮਿਲਣ ਗਿਆ ਤਾਂ ਸਚਾਈ ਦਾ ਪਤਾ ਲੱਗਿਆ।

ਫੱਤਾ ਹੁਣ ਵੀ ਜਦੋਂ ਪੈਸੇ ਉਧਾਰੇ ਮੰਗਣ ਬਾਰੇ ਸੋਚਦਾ ਤਾਂ ਉਸਨੂੰ ਕਾਲ-ਕੋਠੜੀ ਤੇ ਆਪਣੀਆਂ ਤਿੰਨਾਂ ਧੀਆਂ ਰੋਂਦੀਆਂ ਦਿਸਣ ਲੱਗ ਪੈਂਦੀਆਂ। ਉਹ ਜੋ ਉਸਦੀ ਕਿਸਮਤ 'ਚ ਸੀ ਉਸ ਨਾਲ ਗੁਜ਼ਾਰਾ ਕਰਨ ਬਾਰੇ ਸੋਚਣ ਲੱਗ ਪੈਂਦਾ। ਪਰ ਏਸ ਸਭ ਕੁਝ ਨਾਲ ਉਸਦੀਆਂ ਨਸਾਂ ਤਣ ਜਾਂਦੀਆਂ ਤਾਂ ਲੋਹੇ ਤੇ ਪੈਂਦੀ ਸੱਟ ਹੋਰ ਤੇਜ਼ ਹੋ ਜਾਂਦੀ ਜਿਵੇਂ ਆਪਣੇ ਅੰਦਰਲੇ ਗੁਬਾਰ ਦੀ ਭੜਾਸ ਉਹ ਬੇਜਾਨ ਪੱਤੀ 'ਤੇ ਕੱਢਣਾ ਚਾਹੁੰਦਾ ਹੋਵੇ।

"ਲੈ ਬਾਪੂ ਚਾਹ! ਕਿੰਨਾ ਚਿਰ ਹੋ ਗਿਐ ਤੈਨੂੰ ਕੰਮ ਕਰਦੇ ਨੂੰ ਮਾੜਾ-ਮੋਟਾ 'ਰਾਮ ਕਰ ਲਿਆ ਕਰ।" ਵੱਡੀ ਧੀ ਨੇ ਉਹਦੇ ਕੋਲ ਚਾਹ ਦਾ ਗਲਾਸ ਧਰਦਿਆਂ ਕਿਹਾ ਤਾਂ ਉਹਦੀ ਸੋਚਾਂ ਦੀ ਤੰਦ ਟੁੱਟੀ ਜਿਵੇਂ।

"ਐਸ ਜਨਮ 'ਚ 'ਰਾਮ ਕਿੱਥੇ ਧੀਏ। ਹੁਣ ਤਾਂ 'ਕੱਠਾ ਈ ਕਰਾਂਗੇ ਉੱਤੇ ਜਾ ਕੇ।" ਉਹ ਹਸਦਿਆਂ ਬੋਲਿਆ।

"ਐਮੇਂ ਨਾ ਜਬਲ੍ਹੀਆਂ ਮਾਰੀ ਜਾਇਆ ਕਰ।"

ਕਹਿੰਦੀ ਹੋਈ ਧੀ ਮੁੜੀ ਤਾਂ ਜਾਂਦੀ ਹੋਈ ਧੀ ਨੂੰ ਵੇਖਦਿਆਂ ਉਹ ਫੇਰ ਸੋਚਾਂ 'ਚ ਗੁੰਮ ਹੋ ਗਿਆ। 'ਕਿੱਡੀ ਛੇਤੀ ਜੁਆਨ ਹੋ ਗਈ ਸੀ ਉਹਦੀ ਇਹ ਧੀ। ਅਜੇ ਥੋੜਾ ਜਿਹਾ ਸਮਾਂ ਤਾਂ ਹੋਇਆ ਜਦੋਂ ਇਹ ਉਹਦੀ ਉਂਗਲ ਫੜਕੇ ਤੁਰਦੀ ਸੀ। ਧੀਆਂ ਵੀ ਕਿੰਨੀ ਛੇਤੀ ਵਧਦੀਆਂ ਨੇ। ਅਜੇ ਤਾਂ ਏਸੇ ਨੂੰ ਤੋਰਨ ਦਾ ਫਿਕਰ ਖਾਈ ਜਾ ਰਿਹਾ, ਉਪਰੋਂ ਦੋ ਹੋਰ ਵਧਦੀਆਂ ਆ ਰਹੀਆਂ ਨੇ। ਧੀਆਂ ਵਿਆ੍ਹਉਣੀਆਂ ਕਿਹੜਾ ਸੌਖੀਆਂ ਨੇ ਅੱਜਕਲ। ਜੇ ਘਰ ਚੰਗਾ ਵੇਖੋ ਤਾਂ ਦਾਜ-ਦਹੇਜ ਵੇਲੇ ਮੂੰਹ ਚੋਖਾ ਅੱਡ ਲੈਂਦੇ ਨੇ। ਦਾਜ ਨਾ ਮੰਗਣ ਵਾਲਿਆਂ ਦਾ ਜਾਂ ਘਰ ਨੀ ਚੰਗਾ ਹੁੰਦਾ, ਜਾਂ ਫੇਰ ਮੁੰਡੇ 'ਚ ਕੋਈ ਕਜ ਹੁੰਦੈ।'

ਕਈ ਵਾਰ ਉਹ ਕੁੱਖ 'ਚ ਧੀਆਂ ਮਾਰਨ ਵਾਲਿਆਂ ਨੂੰ ਕੋਸਦਾ, ਜ਼ਾਲਮ ਕਹਿ ਕੇ ਸੱਦਦਾ ਪਰ ਫੇਰ ਸੋਚਦਾ ਕਿ ਧੀਆਂ ਦਾ ਹੋਰ ਕੋਈ ਦੁੱਖ ਨੀ ਬੱਸ ਆਹ ਦਾਜ ਦਾ ਦੈਂਤ ਮੁੱਕ ਜਾਵੇ। ਏਸੇ ਦੇ ਡਰੋਂ ਮਾਪੇ ਧੀਆਂ ਜੰਮਣੋਂ ਡਰਦੇ ਨੇ। ਅੱਜਕਲ ਵਿਆਹ ਤਾਂ ਸੌਦੇ ਬਾਜ਼ੀ ਹੋ ਕੇ ਰਹਿ ਗਈ ਹੈ। ਧੀਆਂ ਦੇ ਗੁਣਾਂ ਨੂੰ ਪਰਖਣ ਵਾਲੇ ਘੱਟ ਈ ਮਿਲਦੇ ਨੇ। ਰੱਬ ਗਰੀਬ ਨੂੰ ਤਾਂ ਧੀ ਦੇਵੇ ਈ ਨਾ....।"

"ਫੱਤਿਆ ਘਰੇ ਈ ਐਂ?" ਬਾਹਰੋਂ ਆਈ ਅਵਾਜ਼ ਨੇ ਉਸਨੂੰ ਫੇਰ ਸੋਚਾਂ 'ਚੋਂ ਬਾਹਰ ਕੱਢ ਲਿਆਂਦਾ।

"ਕੌਣ ਐ ਬਈ, ਸੰਤਾ? ਆ ਜਾ ਲੰਘ ਆ।" ਅਹਿਰਨ ਦੀ ਅੱਗ ਤੇਜ਼ ਕਰਦਿਆਂ ਉਹ ਬੋਲਿਆ।

"ਆਹ ਕਹੀ ਚੰਡੀ ਕੇਰਾਂ ਮਾੜੀ 'ਜੀ। ਕੱਲ੍ਹ ਮੀਤਾ ਲੈ ਗਿਆ ਤੀ ਬੱਗੇ ਕਾ। ਪੱਟੀ ਮੇਸ ਕਰ 'ਤੀ ਕਹੀ ਦੀ। ਜੇ ਜੁਆਬ ਦਿੰਨੇ ਆਂ ਤਾਂ ਮੂੰਹ ਮੋਟਾ ਕਰ ਲੈਂਦੈ ਅਗਲਾ।" ਸੰਤ ਸਭ

ਕੁਝ ਇੱਕ ਸਾਹੇ ਕਹਿ ਗਿਆ।

"ਬਸ ਚੁੱਪ ਈ ਭਲੀ ਆ ਏਸ ਕਲਜੁਗ 'ਚ......।"

"ਖੁਰੀਆਂ ਖਾਸੀਆਂ ਬਣਾਈ ਜਾਨੈਂ। ਕੀ ਗੱਲ ਜਾਣੈ ਕਿਤੇ?" ਸੰਤੇ ਨੇ ਪੁੱਛਿਆ।

"ਆਹ ਪਰਸੋਂ ਮੰਡੀ ਆ ਰਹੀ ਆ ਖਚਰਿਆਂ ਦੀ। ਕਹਿੰਦੇ ਨੇ ਭਾਰੀ ਲੱਗੂ ਐਂਤਕੀ। ਉਂ ਤਾਂ ਤੈਨੂੰ ਪਤਾ ਈ ਐ ਕਿ ਆਹ ਟਰੈਗਟਾਂ, ਕਪੇਨਾਂ ਆਲਿਆਂ ਨੇ ਬਲਦਾਂ, ਵੈੜ੍ਹਕਿਆਂ ਦੀ ਤਾਂ ਪੁੱਛ ਈ ਮਾਰ 'ਤੀ। ਹੁਣ ਤਾਂ ਇਹ ਭਜਾਉਣ-ਭਜੂਣ ਦੇ ਕੰਮ ਈ ਆਉਂਦੇ ਨੇ। ਬਸ ਇਹ ਮੰਡੀਆਂ ਤੇ ਇਹਨਾਂ ਦੌੜਾਂ ਦੇ ਸ਼ੌਕੀਆਂ ਕਰਕੇ ਕੰਮ ਚੱਲੀ ਜਾਂਦਾ, ਨਹੀਂ ਤਾਂ ਸਰਿਆ ਈ ਪਿਐ।" ਫੱਤੇ ਨੇ ਕਿਹਾ।

"ਆਹ ਕਪੇਨਾਂ ਆਲਿਆਂ ਨੇ ਤਾਂ ਜਮਾਂ ਈ ਹੂੰਝਾ ਫੇਰ ਲਿਆ ਪੈਸੇ 'ਤੇ। ਅੱਗੇ ਤਾਂ ਦਿਹਾੜੀ ਮਿਲ ਜਾਂਦੀ ਸੀ। ਹਾੜੀ-ਸਾਉਣੀ ਖਾਣ ਜੋਗੇ ਦਾਣੇ 'ਕੱਠੇ ਕਰ ਲੈਂਦੇ ਸੀ। ਮਾੜੇ ਬੰਦੇ ਦੀ ਵੀ ਕੋਈ ਜੂਨ ਨੀ ਹੁਣ।" ਸੰਤੇ ਨੇ ਵੀ ਸੁਰ ਮਿਲਾ ਦਿੱਤੀ ਸੀ।

"ਨਾਲੇ ਯਾਰ ਤੈਨੂੰ ਤਾਂ ਪਤੈ ਆਪਣੀ ਜੀਤੀ ਦੀ ਗੱਲ ਚੱਲ ਰਹੀ ਐ। ਉਨ੍ਹਾਂ ਨੇ ਵੀ ਆਉਣਾ ਦੱਸਾਂ ਦਿਨਾਂ ਤਾਈਂ। ਪਾਈ-ਪਾਈ ਜੋੜਾਂਗੇ ਤਾਂ ਕੰਮ ਸਰੂ।" ਫੱਤੇ ਨੇ ਕਹੀ ਤੇ ਆਖੀਰੀ ਹੱਥ ਫੇਰਦਿਆਂ ਕਿਹਾ।

"ਚੱਲ ਰੱਬ ਭਲੀ ਕਰੂ। ਚੰਗਾ ਮੈਂ ਚਲਦਾਂ ਫੇਰ।" ਕਹਿਕੇ ਸੰਤਾ ਉਠ ਖੜਿਆ।

ਪਿੰਡ ਵਾਲਿਆਂ 'ਚ ਫੱਤੇ ਨੇ ਕਾਫੀ ਬਣਾ ਰੱਖੀ ਸੀ। ਉਹਨਾਂ ਦੇ ਇਹੋ ਜਿਹੇ ਮਾੜੇ-ਮੋਟੇ ਕੰਮ ਜਿਵੇਂ ਕਹੀਆਂ, ਖੁਰਪੇ ਚੰਡਣਾਂ, ਆਰੀਆਂ ਦਾਤੀਆਂ ਦੇ ਦੰਦੇ ਕੱਢਣਾ ਜਾਂ ਹੋਰ ਲੋਹੇ ਦਾ ਛੋਟਾ ਮੋਟਾ ਕੰਮ ਤਾਂ ਉਹ ਬਿਨਾਂ ਕੁਝ ਲਏ ਈ ਕਰ ਦਿੰਦਾ ਸੀ।

ਸੰਤਾ ਗਿਆ ਤਾਂ ਉਹ ਮੁੜ ਕੰਮ 'ਚ ਲੱਗ ਪਿਆ। ਅਹਿਰਨ 'ਚ ਪਈਆਂ ਖੁਰੀਆਂ ਪਿਘਲਣ ਦੀ ਹੱਦ ਤਾਈਂ ਗਰਮ ਹੋ ਗਈਆਂ ਸਨ। ਸੋਚਾਂ ਵਿੱਚ ਫੇਰ ਉਹੋ ਸਭ-ਕੁਝ ਘੁੰਮਣ-ਘੇਰੀਆਂ ਖਾ ਰਿਹਾ ਸੀ। ਮੰਡੀ ਲਈ ਕਾਫ਼ੀ ਖੁਰੀਆਂ ਤਿਆਰ ਹੋ ਜਾਣਗੀਆਂ, ਸੋਚਕੇ ਉਹ ਕੁਝ ਹੌਲ਼ਾ ਜਿਹਾ ਮਹਿਸੂਸ ਕਰਨ ਲੱਗਿਆ। ਸੋਚਣ ਲੱਗਿਆ ਕਿ ਚੱਲੋ ਇੱਕ ਧੀ ਤਾਂ ਕਿਸੇ ਬੰਨੇ ਲੱਗੂ। ਬਾਕੀਆਂ ਬਾਰੇ ਫੇਰ ਸੋਚੀ ਜਾਊ। ਆਸ ਦੇ ਸਹਾਰੇ ਈ ਸਭ ਕੁਝ ਚਲਦੈ।

ਸੋਚਦਾ ਹੋਇਆ ਬੈਠਾ ਉਹ ਧੀ ਦੇ ਵਿਆਹ 'ਚ ਗੁਆਚ ਗਿਆ। ਉਹਨੂੰ ਲੱਗਿਆ ਜਿਵੇਂ ਉਹਦੀ ਧੀ ਦਾ ਅੱਜ ਈ ਵਿਆਹ ਹੋਵੇ। ਉਹ ਆਪਣੇ ਹੱਥੀਂ ਧੀ ਨੂੰ ਵਿਦਾ ਕਰ ਰਿਹਾ ਹੋਵੇ। ਸਾਰੇ ਖੁਸ਼ ਵੀ ਨੇ ਪਰ ਰੋ ਵੀ ਰਹੇ ਨੇ। ਏਸੇ ਸਮੇਂ 'ਚ ਖੁਸ਼ੀ ਅਤੇ ਗਮੀਂ ਦਾ ਕਿਹੋ ਜਿਹਾ ਸੁਮੇਲ ਹੈ, ਵਿਛੋੜੇ ਦਾ ਦਰਦ, ਪਰ ਨਾਲ ਈ ਧੀ ਦੇ ਨਵੇਂ ਘਰ ਜਾਣ ਦੀ ਖੁਸ਼ੀ ਵੀ। ਉਹਦੀ ਧੀ ਰੋ ਰਹੀ ਹੈ ਵਾਰੀ-ਵਾਰੀ ਸਭ ਦੇ ਗਲ਼ ਲੱਗ ਕੇ। ਉਹ ਆਪ ਵੀ ਰੋ ਰਿਹਾ ਹੈ। ਡੋਲੀ ਵਾਲੀ ਗੱਡੀ 'ਚ ਬੈਠੀ ਓਦਰੀਆਂ ਅੱਖਾਂ ਨਾਲ ਪਿੱਛੇ ਵੇਖ ਰਹੀ ਸੀ। ਕਾਰ ਹੌਲੀ-ਹੌਲੀ ਤੁਰ ਰਹੀ ਹੈ। ਉਹ ਵੀ ਭਿੱਜੀਆਂ ਅੱਖਾਂ ਨਾਲ ਵੇਖ ਰਿਹਾ ਹੈ, ਸਪੀਕਰ ਤੇ ਗੀਤ ਵਜ ਰਿਹਾ ਹੈ—

ਬਾਬਲ ਵਿਦਾ ਕਰੇਂਦਿਆਂ, ਵੇ ਮੈਨੂੰ ਰੱਖ ਲੈ ਅੱਜ ਦੀ ਰਾਤ,
ਨੀ ਮੈਂ ਕਿਵੇਂ ਰੱਖਾਂ ਧੀਏ ਮੇਰੀਏ, ਮੈਂ ਤਾਂ ਸੱਜਣ ਸਦਾ ਲਏ ਆਪ।

ਡੋਲੀ ਵਾਲੀ ਕਾਰ ਹੌਲੀ-ਹੌਲੀ ਤੁਰਦੀ ਅੱਖੋਂ ਉਹਲੇ.....। ਸੋਚਾਂ ਦੀ ਕੜੀ ਟੁੱਟੀ, ਜੜਾਕੇ ਨਾਲ। ਭਖੀ ਹੋਈ ਲਾਲ ਪੱਤੀ ਸਿੱਧੀ ਉਹਦੀ ਅੱਖ 'ਚ ਆ ਵੱਜੀ। ਸੋਚਾਂ 'ਚ ਗੁਆਚਿਆਂ ਪਤਾ ਈ ਨਾ ਲੱਗਿਆ ਕਿਵੇਂ ਸੱਟ ਮਾਰਨ ਵੇਲੇ ਹਥੌੜਾ ਤਿਲ੍ਹਕ ਗਿਆ ਤੇ ਪੱਤੀ ਸੰਨ੍ਹੀ 'ਚੋਂ ਨਿੱਕਲ ਕੇ ਬੁੜ੍ਹਕ ਗਈ। ਉਹ ਅੱਖ ਫੜ ਕੇ ਥਾਏਂ ਢਹਿ ਗਿਆ।

"ਹਾਏ ਓ, ਮਾਰਿਆ ਗਿਆ ਓਏ।"

ਘਰ 'ਚ ਚੀਕ-ਚਿਹਾੜਾ ਪੈ ਗਿਆ। ਸੀਤੋ ਗੁਆਂਢੀਆਂ ਦੇ ਭੱਜੀ। ਕਿਸੇ ਤਰ੍ਹਾਂ ਟਰੈਕਟਰ-ਟਰਾਲੀ ਦਾ ਇੰਤਜਾਮ ਕਰਕੇ ਉਹਨੂੰ ਹਸਪਤਾਲ ਪੁਚਾਇਆ ਗਿਆ।

ਸਰਘੀ ਵੇਲਾ ਹੋ ਚੱਲਿਆ ਸੀ। ਦੂਰ ਕਿਸੇ ਮਸੀਤ 'ਚ ਅਜ਼ਾਨ ਦੀ ਅਵਾਜ਼ ਆ ਰਹੀ ਸੀ। ਸਾਰਾ ਪਰਿਵਾਰ ਉਹਦੇ ਸਰ੍ਹਾਣੇ ਬੈਠਾ ਸੀ। ਡਾਕਟਰ ਨੇ ਅਪ੍ਰੇਸ਼ਨ ਤਾਂ ਕਰ ਦਿੱਤਾ ਸੀ, ਪਰ ਅੱਖ ਜਾਂਦੀ ਰਹੀ। ਸਾਰਿਆਂ ਲਈ ਵਕਤ ਜਿਵੇਂ ਖਲੋ ਗਿਆ ਸੀ। ਕਿਸੇ ਨੇ ਵੀ ਪੂਰੀ ਰਾਤ ਇੱਕ ਵਾਰ ਅੱਖ ਝਪਕ ਕੇ ਵੀ ਨਹੀਂ ਵੇਖੀ ਸੀ। ਦਵਾਈ ਦਾ ਅਸਰ ਸੀ, ਕੁਝ ਡਾਕਟਰ ਨੇ ਦਰਦ ਤੋਂ ਬਚਾਉਣ ਲਈ ਤੇਜ਼ ਟੀਕੇ ਲਾਏ ਸਨ। ਅਜੇ ਤੱਕ ਵੀ ਉਹ ਬੇਹੋਸ਼ ਸੀ। ਇੱਕ ਪਾਸੇ ਲਟਕੇ ਗੁਲੂਕੋਜ਼ ਦੀ ਬੋਤਲ 'ਚੋਂ ਤੁਪਕਾ-ਤੁਪਕਾ ਰਿਸ ਕੇ ਉਹਦੀਆਂ ਨਸਾਂ ਅੰਦਰ ਸਮਾ ਰਿਹਾ ਸੀ। ਇੱਕ ਪਾਸੇ ਬੈਠੀ ਉਹਦੀ ਬੁੱਢੀ ਮਾਂ ਪੁੱਤ ਦੀ ਹਾਲਤ 'ਤੇ ਖ਼ੂਨ ਦੇ ਅੱਥਰੂ ਵਹਾ ਰਹੀ ਸੀ। ਸਾਰੇ ਉਹਦੀ ਹੋਸ਼ 'ਚ ਆਉਣ ਦੀ ਉਡੀਕ ਕਰ ਰਹੇ ਸਨ।

ਅਚਾਨਕ ਉਹ ਹਿੱਲਿਆ, ਉਹਦੇ ਬੁੱਲ੍ਹ ਫਰਕੇ। ਸਾਰਿਆਂ ਦਾ ਧਿਆਨ ਬਿਜਲੀ ਦੀ ਲਿਸ਼ਕ ਵਾਂਗ ਉਹਦੇ ਵੱਲ ਗਿਆ। ਬੁੱਲ੍ਹ ਫੇਰ ਫਰਕੇ, ਉਹ ਕੁਝ ਬੁੜਬੜਾਉਣ ਲੱਗਿਆ। ਪਹਿਲਾਂ ਤਾਂ ਸਮਝ ਨਹੀਂ ਆਇਆ ਪਰ ਹੌਲ਼ੀ-ਹੌਲ਼ੀ ਅਵਾਜ਼ ਕੁਝ ਸਾਫ਼ ਹੁੰਦੀ ਗਈ। ਅਜੇ ਉਹ ਅਰਧ ਬੇਹੋਸ਼ੀ ਦੀ ਹਾਲਤ 'ਚ ਸੀ—

"ਪਰਸੋਂ ਮੰਡੀ....ਜੀਤੀ ਦੀ ਡੋਲੀ.....ਸ਼ੈਦ ਕੁਸ਼ ਕਮਾਈ.....।" ਕਹਿਕੇ ਉਹ ਫੇਰ ਬੇਹੋਸ਼ ਹੋ ਗਿਆ। ਸਰ੍ਹਾਣੇ ਬੈਠੀ ਜੀਤੀ ਮਾਂ ਨਾਲ ਜਾ ਚਿੰਬੜੀ।

# ਮਾਂ

"ਮੰਮੀ ਰੋਟੀਆਂ ਤਾਂ ਦੋ ਈ ਨੇ।" ਬੱਚਿਆਂ ਨੇ ਰੋਟੀ ਵਾਲਾ ਡੱਬਾ ਫਰੋਲਦਿਆਂ ਕਿਹਾ।

"ਪੁੱਤ ਅਜੇ ਏਹੋ ਖਾ ਕੇ ਚਲੇ ਜਾਓ, ਇੱਕ-ਇੱਕ ਮੈਂ ਥੋਡੇ ਡੱਬਿਆਂ 'ਚ ਪਾ ਦਿੱਤੀ ਐ। ਅੱਜ ਮੁੜਦੀ ਹੋਈ ਥੋਡੇ ਲਈ ਢੇਰ ਸਾਰੀ ਚੀਜੀ ਲੈ ਕੇ ਆਊਂ ਫੇਰ ਰੱਜ ਕੇ ਖਾਇਓ।" ਮਿੱਟੀ ਦੇ ਖਿਡੌਣੇ 'ਤੇ ਰੰਗ ਫੇਰਦਿਆਂ ਸੀਬੋ ਨੇ ਬੱਚਿਆਂ ਨੂੰ ਪੁਚਕਾਰਿਆ।

"ਕੱਲ੍ਹ ਮਾਸਟਰ ਜੀ ਨੇ 'ਕਤਾਬਾਂ ਲਈ ਫੇਰ ਕਿਹਾ ਸੀ।" ਵੱਡਾ ਮੁੰਡਾ ਜੋ ਤੀਜੀ 'ਚ ਪੜ੍ਹਦਾ ਸੀ ਬੋਲਿਆ।

"ਨਾਲੇ ਮੈਨੂੰ ਵੀ ਭੈਣ ਜੀ ਨੇ ਫੱਟੀ ਲਈ ਘੂਰਿਆ ਸੀ।" ਛੋਟੀ ਕੁੜੀ ਨੇ ਵੀ ਆਪਣੀ ਮੰਗ ਦੁਹਰਾ ਦਿੱਤੀ।

"ਚੰਗਾ ਅੱਜ ਉਹ ਵੀ ਜ਼ਰੂਰ ਲਿਆਊਂ।" ਬੱਚਿਆਂ ਨੂੰ ਜਿਵੇਂ ਇਹਨਾਂ ਸੁਪਨਮਈ ਲਾਰਿਆਂ 'ਚ ਵਰਾਉਣਾ ਚਾਹਿਆ ਉਸਨੇ।

ਮਠਿਆਈ ਅਤੇ ਚੀਜ਼ਾਂ ਮਿਲਣ ਦੀ ਆਸ 'ਚ ਬੱਚੇ ਤਾਂ ਦੋ ਰੋਟੀਆਂ ਨਾਲ਼ ਵਿਰ ਗਏ ਪਰ ਸੀਬੋ ਦੇ ਅੰਦਰੋਂ ਜਿਵੇਂ ਕੋਈ ਰੁੱਗ ਭਰਿਆ ਗਿਆ। ਕਾਲਜਾ ਬਾਹਰ ਨੂੰ ਆਉਂਦਾ ਜਾਪਿਆ। ਔਲਾਦ ਨੂੰ ਇਹਨਾਂ ਛੋਟੀਆਂ-ਛੋਟੀਆਂ ਚੀਜ਼ਾਂ ਲਈ ਲਿਲ੍ਹਕਦੇ ਵੇਖ ਉਹਦੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ।

ਇਹ ਕੋਈ ਪਹਿਲੀ ਵਾਰ ਨਹੀਂ ਸੀ ਹੋਇਆ। ਅਕਸਰ ਉਹ ਆਪਣੀਆਂ ਅਤੇ ਔਲਾਦ ਦੀਆਂ ਇੱਛਾਵਾਂ ਅਤੇ ਸੱਧਰਾਂ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਅਸਮਰੱਥ ਪਾਉਂਦੀ। ਭਾਵੇਂ ਉਹ ਕੋਈ ਵੱਡੇ ਸੁਪਨੇ ਨਹੀਂ ਸੀ ਵੇਖਦੀ, ਉੱਚੀਆਂ ਸੱਧਰਾਂ ਨਹੀਂ ਸੀ ਸਜਾਉਂਦੀ ਪਰ ਜ਼ਰੂਰਤ ਦੀਆਂ ਚੀਜ਼ਾਂ ਜਾਂ ਬੱਚਿਆਂ ਦੇ ਚਾਅ ਜਦੋਂ ਪੂਰੇ ਨਾ ਕਰ ਸਕਦੀ ਤਾਂ ਉਹਨੂੰ ਧਰਤੀ ਜਿਵੇਂ ਵਿਹਲ ਨਾ ਦਿੰਦੀ।

ਬੱਚਿਆਂ ਦੇ ਸਕੂਲ ਜਾਣ ਤੋਂ ਬਾਅਦ ਉਹ ਕੰਮ ਵਿਚਾਲੇ ਛੱਡ ਅੰਦਰ ਮੰਜੇ ਤੇ ਮੂਧੀ ਜਾ ਡਿੱਗੀ। ਅੰਦਰਲਾ ਸਾਰਾ ਗੁਬਾਰ ਅੱਖਾਂ ਰਾਹੀਂ ਬਾਹਰ ਆਉਣ ਲੱਗਿਆ। ਕੁਝ ਚਿਰ ਬਾਅਦ ਜਦੋਂ ਚਿੱਤ ਹੌਲ਼ਾ ਜਿਹਾ ਹੋਇਆ ਤਾਂ ਫੇਰ ਬਾਹਰ ਆ ਗਈ। ਇੱਕ ਵਾਰ ਉਸਨੇ ਜਿਵੇਂ ਸ਼ਿਕਾਇਤ ਭਰੀਆਂ ਨਜ਼ਰਾਂ ਨਾਲ ਅਸਮਾਨ ਵੱਲ ਮੰਨੀ ਜਾਂਦੀ ਰੱਬ ਦੀ ਹੋਂਦ ਨੂੰ ਵੇਖਿਆ, ਮੂੰਹੋਂ ਤਾਂ ਕੁਝ ਨਾ ਬੋਲੀ ਪਰ ਆਤਮਾ ਜਿਵੇਂ ਜ਼ਰੂਰ ਇਹ ਕਹਿ ਰਹੀ ਸੀ—

"ਹਾੜ੍ਹਾ, ਰੱਬਾ ਤੂੰ ਤੇ ਕੁਝ ਤਰਸ ਕਰ। ਜੱਗ ਵਾਂਗੂ ਤੂੰ ਤਾਂ ਡਾਹਢੀਆਂ ਨਾ ਕਰ।"

ਅੰਤ ਜਿਵੇਂ ਏਥੋਂ ਵੀ ਇਨਸਾਫ ਦੀ ਉਮੀਦ ਨਾ ਮਿਲਦੀ ਵੇਖ ਉਸਨੇ ਲੰਮਾ ਅਤੇ

ਠੰਢਾ ਜਿਹਾ ਹਾਉਕਾ ਭਰਿਆ ਅਤੇ ਆਪਣੇ ਕੰਮ ਆ ਲੱਗੀ।

ਸੀਬੋ ਮਿੱਟੀ ਦੇ ਖਿਡੌਣੇ ਅਤੇ ਕਾਗਜ਼ ਦੀਆਂ ਭਮੀਰੀਆਂ ਤੇ ਡਮਰੂ ਬਣਾ ਕੇ ਵੇਚਦੀ ਸੀ। ਦੇਰ ਰਾਤ ਤੱਕ ਇਹ ਸਭ ਬਣਾਉਂਦੀ ਰਹਿੰਦੀ। ਸਵੇਰੇ ਜਦੋਂ ਸੁੱਕ ਜਾਂਦੇ ਤਾਂ ਤਰ੍ਹਾਂ-ਤਰ੍ਹਾਂ ਦੇ ਰੰਗਾਂ ਨਾਲ ਸਜਾ ਕੇ ਇਹਨਾਂ ਨੂੰ ਬਜ਼ਾਰ ਵਿੱਚ ਜਾਂ ਘਰਾਂ ਵਿੱਚ ਵੇਚਣ ਚਲੀ ਜਾਂਦੀ। ਇਹ ਕੰਮ ਭਾਵੇਂ ਉਹਨੂੰ ਬਹੁਤ ਚੰਗਾ ਨਹੀਂ ਸੀ ਲੱਗਦਾ ਪਰ ਕਈ ਵਾਰ ਹਾਲਾਤ ਸ਼ੌਕ ਤੇ ਭਾਰੂ ਪੈ ਜਾਂਦੇ ਨੇ ਤੇ ਇਨਸਾਨ ਉਹ ਕੁਝ ਕਰਨ ਲਈ ਮਜਬੂਰ ਹੋ ਜਾਂਦਾ ਜੋ ਉਸਦੇ ਸੁਭਾਅ ਜਾਂ ਸ਼ੌਕ ਦੇ ਅਨੁਕੂਲ ਨਾ ਵੀ ਹੋਵੇ। ਇਹੀ ਸਭ ਕੁਝ ਸੀਬੋ ਦੀ ਰੋਜ਼ੀ-ਰੋਟੀ ਦਾ ਸਾਧਨ ਸੀ। ਢੰਗ ਦਾ ਪੜ੍ਹੀ ਵੀ ਨਹੀਂ ਸੀ ਕਿ ਕੋਈ ਹੋਰ ਕੰਮ ਕਰ ਲਵੇ।

ਹੁਣ ਤਾਂ ਇਸ ਨਾਲ ਵੀ ਉਸਦੀ ਰੋਜ਼ੀ ਪੂਰੀ ਨਾ ਪੈਂਦੀ ਵੇਖ ਉਸਨੇ ਇੱਕ ਘਰ ਵਿੱਚ ਸਫ਼ਾਈਆਂ ਦਾ ਕੰਮ ਸਾਂਭ ਲਿਆ। ਇਹ ਕੰਮ ਵੀ ਭਾਵੇਂ ਉਸਦੀ ਇੱਛਾ ਦੇ ਵਿਰੁੱਧ ਸੀ ਪਰ ਹੁਣ ਜਿਵੇਂ ਉਸਦੀ ਕੋਈ ਇੱਛਾ ਆਪਣੀ ਨਹੀਂ ਸੀ।

ਸਵੇਰੇ ਖਿਡੌਣੇ ਰੰਗ ਕੇ ਸੁੱਕਣੇ ਧਰ ਦਿੰਦੀ ਤੇ ਆਪ ਸਫਾਈਆਂ ਕਰਨ ਲਈ ਚਲੀ ਜਾਂਦੀ। ਘਰ ਚੰਗਾ ਸੀ ਪਤੀ ਪਤਨੀ ਦੋਵੇਂ ਡਾਕਟਰ ਸਨ। ਦੋਵੇਂ ਬੜੇ ਦਿਆਲੂ ਸੁਭਾਅ ਦੇ ਸਨ। ਉਹ ਵੀ ਹਰ ਕੰਮ ਮਨ ਲਗਾ ਕੇ ਕਰਦੀ। ਥੋੜ੍ਹੇ ਦਿਨਾਂ ਵਿੱਚ ਹੀ ਉਸਨੇ ਉਹਨਾਂ ਦਾ ਵਿਸ਼ਵਾਸ ਜਿੱਤ ਲਿਆ ਸੀ। ਮਾਲਕਣ ਹੁਣ ਉਸਨੂੰ ਆਪਣੇ ਤੇ ਬੱਚਿਆਂ ਦੇ ਪੁਰਾਣੇ ਕੱਪੜੇ ਦੇ ਦਿੰਦੀ। ਸਵੇਰ ਦਾ ਖਾਣਾ ਜੇ ਬਚ ਜਾਂਦਾ ਤਾਂ ਉਹ ਘਰ ਲੈ ਆਉਂਦੀ, ਸਕੂਲ ਤੋਂ ਆਉਂਦੇ ਬੱਚੇ ਖਾ ਲੈਂਦੇ। ਇਸ ਤੋਂ ਬਾਅਦ ਉਹ ਦੁਪਹਿਰ ਢਲ਼ੇ ਖਿਡੌਣੇ ਲੈ ਕੇ ਬਜ਼ਾਰ ਚਲੀ ਜਾਂਦੀ। ਕਾਫ਼ੀ ਦੇਰ ਤਾਂ ਉਹ ਗਲੀਆਂ-ਮੁਹੱਲਿਆਂ 'ਚ ਫਿਰਕੇ ਵੇਚਦੀ ਰਹਿੰਦੀ ਪਰ ਜਦੋਂ ਥੱਕ ਜਾਂਦੀ ਤਾਂ ਬਜ਼ਾਰ 'ਚ ਬਣੇ ਇੱਕ ਚਬੂਤਰੇ ਜਿਹੇ 'ਤੇ ਜੋ ਉਸਨੇ ਪੱਕੀ ਜਗ੍ਹਾ ਘੜੀ ਹੋਈ ਸੀ, ਬੈਠ ਕੇ ਵੇਚਣ ਲੱਗ ਜਾਂਦੀ।

ਅੱਜਕੱਲ ਜ਼ਮਾਨਾ ਕਾਫ਼ੀ ਬਦਲ ਗਿਆ ਸੀ। ਬਜ਼ਾਰ 'ਚ ਤਰ੍ਹਾਂ-ਤਰ੍ਹਾਂ ਦੇ ਹੋਰ ਖਿਡੌਣੇ ਆ ਰਹੇ ਸਨ। ਇਸ ਲਈ ਹੁਣ ਉਸਦੇ ਬਣਾਏ ਖਿਡੌਣਿਆਂ ਦੀ ਪੁੱਛ ਘਟ ਚੱਲੀ ਸੀ। ਅੱਜ-ਕੱਲ ਦੇ ਬੱਚੇ ਇਹਨਾਂ ਸਾਦੇ ਜਿਹੇ ਤੇ ਸਸਤੇ ਖਿਡੌਣਿਆਂ ਨਾਲ ਕਿੱਥੇ ਵਿਰਦੇ ਸਨ। ਕਦੇ-ਕਦੇ ਤਾਂ ਇਹਨਾਂ ਨੂੰ ਵੇਚਕੇ ਉਸਨੂੰ ਮਿਹਨਤ ਦਾ ਮੁੱਲ ਵੀ ਨਾ ਮਿਲਦਾ ਪਰ ਕਰਦੀ ਉਹ ਵੀ ਕੀ। ਖਾਲੀ ਹੱਥ ਘਰੇ ਮੁੜਨ ਨਾਲੋਂ ਉਹ ਜੋ ਮਿਲਦਾ ਉਹੀ ਲੈ ਆਉਂਦੀ।

ਸ਼ਾਮ ਨੂੰ ਜਦੋਂ ਵਾਪਸ ਮੁੜਦੀ ਤਾਂ ਬੱਚੇ ਬੜੀ ਆਸ ਨਾਲ ਉਸਦਾ ਰਾਹ ਤੱਕ ਰਹੇ ਹੁੰਦੇ। ਜਿਸ ਦਿਨ ਤਾਂ ਖਿਡੌਣੇ ਕਾਫ਼ੀ ਵਿਕ ਜਾਂਦੇ ਉਹ ਰਾਸ਼ਣ ਤੋਂ ਬਿਨਾਂ ਉਹਨਾਂ ਲਈ ਜ਼ਰੂਰ ਕੁਝ ਲਿਆਉਂਦੀ ਪਰ ਜਦੋਂ ਕਦੇ ਵਿਕਰੀ ਘੱਟ ਹੁੰਦੀ ਤਾਂ ਜ਼ਰੂਰੀ ਰਾਸ਼ਣ ਈ ਮਸਾਂ ਆਉਂਦਾ। ਉਸ ਸਮੇਂ ਬੱਚਿਆਂ ਸਾਹਮਣੇ ਜਾਣ ਤੋਂ ਜਿਵੇਂ ਝਿਜਕਦੀ। ਬੱਚੇ ਭਾਵੇਂ ਕੋਈ ਸ਼ਿਕਾਇਤ ਨਾ ਕਰਦੇ ਪਰ ਉਹ ਜਿਵੇਂ ਉਹਨਾਂ ਨਾਲ ਅੱਖਾਂ ਨਾ ਮਿਲਾ ਪਾਉਂਦੀ।

ਬੱਸ ਏਹੋ ਉਸ ਦੀ ਰੋਜ਼ਮੱਰਾ ਦੀ ਜ਼ਿੰਦਗੀ ਦਾ ਵਹਾਅ ਸੀ ਪਰ ਵਹਾਅ ਜਿਵੇਂ ਦਿਸ਼ਾ ਹੀਣ ਸੀ ਤੇ ਇੱਕ ਠੋਸ ਦਸ਼ਾ ਹੀਣ ਵੀ।

ਸਫ਼ਾਈ ਦੇ ਕੰਮ ਤੇ ਜਾਣ ਲਈ ਤਿਆਰ ਹੋਈ ਤਾਂ ਬੱਚਿਆਂ ਦੀਆਂ ਮੰਗਾਂ ਹੁਣ ਵੀ

ਉਹਦੇ ਕੰਨਾਂ 'ਚ ਜਿਉਂ-ਦੀਆਂ-ਤਿਉਂ ਗੂੰਜ ਰਹੀਆਂ ਸਨ। ਉਸਨੇ ਸੋਚਿਆ ਅੱਜ ਉਹ ਮਾਲਕਣ ਤੋਂ ਕੁਝ ਰੁਪਏ ਉਧਾਰ ਮੰਗ ਲਵੇਗੀ। ਭਾਵੇਂ ਕੰਮ ਤੇ ਲੱਗਿਆਂ ਅਜੇ ਥੋੜੇ ਦਿਨ ਈ ਹੋਏ ਸਨ ਪਰ ਫੇਰ ਵੀ ਉਸਨੂੰ ਲੱਗਦਾ ਸੀ ਕਿ ਦਿਆਲੂ ਮਾਲਕਣ ਜਿਵੇਂ ਉਸਨੂੰ ਜਵਾਬ ਨਹੀਂ ਦੇਵੇਗੀ, ਇਸ ਤਰ੍ਹਾਂ ਬੱਚਿਆਂ ਦੀਆਂ ਮੰਗਾਂ ਤਾਂ ਪੂਰੀਆਂ ਹੋਣਗੀਆਂ। ਕਿਉਂਕਿ ਉਹ ਨਹੀਂ ਸੀ ਚਾਹੁੰਦੀ ਕਿ ਸਕੂਲ ਵਿੱਚ ਚੀਜ਼ਾਂ ਦੀ ਥੁੜੋਂ ਕਰਕੇ ਅਧਿਆਪਕ ਉਹਨਾਂ ਨੂੰ ਝਿੜਕਣ ਤਾਂ ਉਹ ਸ਼ਰਮਿੰਦੇ ਮਹਿਸੂਸ ਕਰਨ। ਸੋਚਦਿਆਂ ਹੋਇਆਂ ਉਹ ਘਰੋਂ ਚੱਲ ਪਈ।

ਆਪਣੇ ਹਾਲਾਤ ਬਾਰੇ ਸੋਚਦਿਆਂ ਸੀਬੋ ਦੀਆਂ ਸੋਚਾਂ ਵਿੱਚ ਉਹਦੇ ਸਿਰ ਦੇ ਸਾਈਂ ਦਾ ਅਕਸ ਮੱਲੋ-ਮੱਲੀ ਉੱਭਰ ਆਉਂਦਾ ਕਿਉਂਕਿ ਉਸਦੀ ਇਸ ਹਾਲਤ ਦਾ ਜ਼ਿੰਮੇਵਾਰ ਉਹ ਹੀ ਤਾਂ ਸੀ। ਉਸ ਬਾਰੇ ਸੋਚ ਕੇ ਉਸਦਾ ਮਨ ਜਿਵੇਂ ਨਫ਼ਰਤ ਅਤੇ ਹਮਦਰਦੀ ਦੇ ਦੋਰਾਹੇ 'ਤੇ ਆ ਖੜ੍ਹਦਾ। ਕਦੇ ਉਹ ਸੋਚਦੀ ਕਿ—'ਕੀ ਫਰਜ਼ ਨਿਭਾਇਐ ਉਸਨੇ ਸਿਰ ਦੇ ਸਾਈਂ ਹੋਣ ਦਾ।' ਪਰ ਫੇਰ ਜਦੋਂ ਉਹਦੀ ਬੁੱਕਲ ਪਿਆਂ ਉਹਦਾ ਰੋਣਾ ਯਾਦ ਕਰਦੀ ਤਾਂ ਉਹਦੇ ਪ੍ਰਤੀ ਹਮਦਰਦੀ ਦੇ ਭਾਵ ਉੱਭਰ ਆਉਂਦੇ।

ਨੀਂਦ ਤਾਂ ਜਿਵੇਂ ਉਸਦੀਆਂ ਨਜ਼ਰਾਂ ਨਾਲੋਂ ਮੋਹ ਤੋੜਦੀ ਜਾ ਰਹੀ ਸੀ। ਹਰ ਰਾਤ ਕੁਝ ਤਾਂ ਉਹ ਕੰਮ ਕਰਦੀ-ਕਰਦੀ ਉਂਝ ਈ ਦੇਰ ਕਰ ਦਿੰਦੀ ਸੀ ਪਰ ਜਦੋਂ ਪੈਂਦੀ ਤਾਂ ਵੀ ਬਹੁਤਾ ਸਮਾਂ ਰੁੱਸੀ ਹੋਈ ਨੀਂਦ ਨੂੰ ਮਨਾਉਣ 'ਚ ਈ ਲੰਘ ਜਾਂਦਾ। ਜਾਗਦੀ ਹੋਈ ਉਹ ਕਦੇ-ਕਦੇ ਆਪਣੇ ਅਤੀਤ ਵੱਲ ਖੋ ਜਾਂਦੀ। ਉਸਦਾ ਬਚਪਨ ਜੋ ਬੜਾ ਈ ਮਾਸੂਮ ਸੀ। ਬਾਬਲ ਦੀ ਇਕਲੌਤੀ ਧੀ। ਇੱਕ ਭਰਾ। ਮਾਂ ਭਾਵੇਂ ਛੋਟੇ ਹੁੰਦਿਆਂ ਈ ਚੱਲ ਵਸੀ ਸੀ ਪਰ ਬਾਪ ਨੇ ਮਾਂ ਅਤੇ ਬਾਪ ਦੋਹਾਂ ਦਾ ਰੱਜਵਾਂ ਪਿਆਰ ਦਿੱਤਾ। ਉਹਦੀ ਹਰ ਸ਼ਿਕਾਇਤ, ਹਰ ਸ਼ਰਾਰਤ ਖਿੜੇ-ਮੱਥੇ ਜਰ ਲੈਂਦਾ। ਬਸ ਔਲਾਦ ਦੇ ਸਾਹਾਂ 'ਚ ਹੀ ਸਾਹ ਲੈਂਦਾ। ਉਹ ਅਜ਼ਾਦ ਪੰਛੀਆਂ ਵਾਂਗ ਵਿਚਰਦੀ।

ਬਾਬਲ ਦੇ ਉਸ ਪ੍ਰਤੀ ਏਸੇ ਮੋਹ ਨੇ ਤਾਂ ਉਸਦੀ ਮਾਂ ਦੀ ਅਣਿਆਈ ਰੁੱਤੇ ਜਾਨ ਲੈ ਲਈ। ਧੀ ਲਈ ਜੋ ਵਰ ਲੱਭਿਆ ਉਹ ਆਪਣੇ ਵਲੋਂ ਤਾਂ ਹੀਰਾ ਸਮਝ ਕੇ ਟੋਲ਼ਿਆ ਸੀ ਪਰ ਇਹ ਲੇਖਾਂ ਦਾ ਹੀ ਹੇਰ-ਫੇਰ ਸੀ ਜੋ ਨਿਰਾ ਪੱਥਰ ਨਿੱਕਲਿਆ। ਉੱਪਰੋਂ ਉਹ ਜਿੰਨਾ ਸੁਨੱਖਾ ਸੀ ਅੰਦਰੋਂ ਓਨਾ ਹੀ ਕੋਝਾ, ਅੰਤਾਂ ਦਾ ਨਸ਼ਈ। ਧੀ ਦਾ ਦੁੱਖ ਉਸਤੋਂ ਜਰਿਆ ਨਾ ਗਿਆ।

ਤੁਰਦੀ-ਤੁਰਦੀ ਰਾਹ 'ਚ ਸੀਬੋ ਦੀਆਂ ਸੋਚਾਂ ਘਰ ਵਾਲੇ ਵਿੱਚ ਗੁਆਚ ਗਈਆਂ। ਘਰਵਾਲੇ ਦਾ ਇਹ ਰੂਪ ਵੇਖ ਕੇ ਉਸਦੀਆਂ ਕੁਆਰੀ ਉਮਰੇ ਸੰਜੋਈਆਂ ਸਾਰੀਆਂ ਸੱਧਰਾਂ, ਸਾਰੇ ਸੁਪਨੇ ਤਾਰ-ਤਾਰ ਹੋ ਗਏ। ਉਸਨੂੰ ਸਿਰਫ ਆਪਣੇ ਨਸ਼ੇ ਤੱਕ ਹੀ ਸੁਧ ਸੀ। ਇਸਤੋਂ ਬਾਅਦ ਉਸਦੀ ਸੋਚ ਕਿਸੇ ਫਰਜ਼ ਪ੍ਰਤੀ ਹਾਮੀ ਨਹੀਂ ਸੀ ਭਰਦੀ। ਨਸ਼ੇ ਦੀ ਪੂਰਤੀ ਲਈ ਉਹ ਘਰ ਦੀ ਇੱਕ-ਇੱਕ ਚੀਜ਼ ਵੇਚਦਾ ਜਾ ਰਿਹਾ ਸੀ। ਕਦੇ ਸੀਬੋ ਆਖਦੀ—

'ਹਾੜ੍ਹਾ! ਰੱਬ ਦੇ ਵਾਸਤੇ ਕੁਝ ਤਾਂ ਹੋਸ਼ ਕਰ, ਮੇਰੇ ਨਹੀਂ ਤੇ ਆਹ ਬੋਟਾਂ ਵੱਲ ਈ ਵੇਖ ਲੈ।''

ਨਦੀ ਦੇ ਪਾਣੀਆਂ ਦਾ ਵਹਾਅ ਤਾਂ ਖੁਰਦਰੇ ਪੱਥਰ ਨੂੰ ਵੀ ਮੁਲਾਇਮ ਕਰ ਦਿੰਦਾ ਹੈ ਪਰ ਉਹਦੀਆਂ ਅੱਖਾਂ ਦਾ ਪਾਣੀ ਜਿਵੇਂ ਉਸ ਪੱਥਰ ਤੇ ਬੇਅਸਰ ਸੀ।

ਸੋਚਦਿਆਂ ਅਚਾਨਕ ਉਹਦੇ ਦਿਮਾਗ ਨੂੰ ਝਟਕਾ ਜਿਹਾ ਲੱਗਿਆ। ਗੱਡੀ ਦੀਆਂ ਬਰੇਕਾਂ ਦੀ ਚੀਕਵੀਂ ਅਵਾਜ਼ ਨੇ ਉਸਨੂੰ ਧੁਰ ਅੰਦਰ ਤੱਕ ਕੰਬਾ ਦਿੱਤਾ। ਤਦ ਡਰਾਇਵਰ ਦੀ ਕੜਕਵੀਂ ਅਵਾਜ਼ ਕੰਨੀਂ ਪਈ—

"ਮਰਨ ਦਾ ਬਾਹਲਾ ਸ਼ੌਕ ਆ ਤਾਂ ਰੇਲ ਦੀ ਲੀਹ 'ਤੇ ਪੈ ਜਾ ਕੇ। ਮੇਰੇ ਸਿਰ ਚੜ੍ਹ ਕੇ ਕਿਉਂ, ਮਰਦੀ ਏਂ ਮੈਨੂੰ ਕੈਦ ਕਰਾਉਣੀ ਆਂ।"

ਗੱਡੀ ਤੋਂ ਸੀਬੋ ਨੇ ਆਪਣੇ ਆਪਨੂੰ ਇੱਕ ਪਾਸੇ ਸਮੇਟ ਲਿਆ ਪਰ ਸੋਚਾਂ ਤੋਂ ਮੁਨਕਰ ਹੋਣਾ ਜਿਵੇਂ ਉਸਦੇ ਵੱਸ ਵਿੱਚ ਨਹੀਂ ਸੀ।

ਪਤੀ ਦੇ ਪ੍ਰਤੀ ਨਫਰਤ ਦੇ ਨਾਲ਼-ਨਾਲ਼ ਹਮਦਰਦੀ ਵੀ ਉੱਭਰ ਆਉਂਦੀ ਸੀ। ਉਹਨੂੰ ਹਰ ਇੱਕ ਪਲ ਯਾਦ ਸੀ ਜਦੋਂ ਉਹ ਕੋਠੇ ਤੋਂ ਡਿੱਗ ਕੇ ਲੱਤ ਤੁੜਵਾ ਬੈਠਿਆ ਸੀ। ਤਦ ਸੀਬੋ ਨੇ ਸਭ ਕੁਝ ਭੁੱਲ ਕੇ ਉਹਦੀ ਸੇਵਾ ਕਰਨਾ ਆਪਣਾ ਧਰਮ ਸਮਝਿਆ ਸੀ। ਉਸਦੀ ਸੇਵਾ ਦਾ ਸਭ ਤੋਂ ਵੱਡਾ ਫਲ਼ ਜੋ ਉਸਨੂੰ ਮਿਲਿਆ ਉਹ ਇਹ ਸੀ ਕਿ ਉਸਦੇ ਪਤੀ ਸੰਤੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ।

ਅਪਰਾਧੀਆਂ ਵਾਂਗ ਇੱਕ ਦਿਨ ਉਹ ਉਹਦੀ ਬੁੱਕਲ 'ਚ ਡਿੱਗ ਪਿਆ ਤੇ ਭੁੱਬੀਂ ਰੋ ਪਿਆ। ਉਸੇ ਦਿਨ ਤੋਂ ਸੰਤੇ ਨੇ ਚੰਗਾ ਬਣਨ ਦੀ ਸੌਂਹ ਖਾ ਕੇ ਸਾਰਾ ਨਸ਼ਾ ਘਰੋਂ ਬਾਹਰ ਤਾਂ ਸੁੱਟ ਦਿੱਤਾ ਪਰ ਇਸ ਦੀ ਲਤ ਜੋ ਉਹਦੇ ਹੱਡਾਂ 'ਚ ਰਚ ਗਈ ਸੀ ਤੇ ਹੁਣ ਉਸਦੇ ਸਾਰੇ ਵਜੂਦ ਦਾ ਹਿੱਸਾ ਬਣ ਗਈ ਸੀ, ਤੋਂ ਛੁਟਕਾਰਾ ਪਾਉਣਾ ਜਿਵੇਂ ਉਹਦੇ ਵੱਸੋਂ ਬਾਹਰ ਹੁੰਦਾ ਜਾ ਰਿਹਾ ਸੀ। ਪਰ ਉਸਨੇ ਵੀ ਸਹੁੰ ਨਾ ਤੋੜਨ ਦੀ ਸਹੁੰ ਖਾ ਲਈ।

ਨਸ਼ਾ ਛੱਡਣ ਕਾਰਨ ਉਸਦੀ ਦੇਹ ਹਰ ਕੰਮ ਤੋਂ ਜਵਾਬ ਦੇਣ ਲੱਗੀ। ਦਿਨਾਂ 'ਚ ਹੀ ਉਹ ਅੱਧਾ ਰਹਿ ਗਿਆ। ਸਾਰਾ ਦਿਨ ਚਿੱਤ ਨੂੰ ਅਜੀਬ ਜਿਹੀ ਚਿਤਮਣੀ ਲੱਗੀ ਰਹਿੰਦੀ। ਸੀਬੋ ਤੋਂ ਜਦੋਂ ਉਹਦੀ ਹਾਲਤ ਨਾ ਵੇਖੀ ਜਾਂਦੀ ਤਾਂ ਉਹ ਕਹਿ ਵੀ ਦਿੰਦੀ ਕਿ ਉਹ ਨਹੀਂ ਰੋਕਦੀ ਥੋੜਾ ਥੋੜਾ ਨਸ਼ਾ ਖਾ ਲਿਆ ਕਰੇ, ਹੌਲ਼ੀ-ਹੌਲ਼ੀ ਛੱਡ ਦੇਵੇ। ਪਰ ਸੰਤੇ ਨੇ ਕਿਹਾ ਕਿ ਜੇ ਉਹ ਹੁਣ ਇਕ ਵਾਰ ਫੇਰ ਖਾਣ ਲੱਗ ਪਿਆ ਤਾਂ ਫੇਰ ਕਦੇ ਵੀ ਨਹੀਂ ਛੱਡ ਸਕਦਾ। ਉਹਨੂੰ ਮੌਤ ਮਨਜ਼ੂਰ ਐ ਪਰ ਨਸ਼ਾ ਨਹੀਂ। ਉਸ ਨੇ ਮੰਜਾ ਫੜ ਲਿਆ। ਸੀਬੋ ਨੇ ਇਲਾਜ ਅਤੇ ਸੇਵਾ 'ਚ ਕੋਈ ਕਸਰ ਨਾ ਛੱਡੀ। ਜੋ ਕੁਝ ਘਰ ਦਾ ਵੇਚ ਸਕਦੀ ਸੀ ਉਸਨੇ ਵੇਚ ਦਿੱਤਾ ਪਰ ਸੰਤਾ ਫੇਰ ਵੀ ਨਾ ਬਚ ਸਕਿਆ।

ਵਕਤ ਦੀ ਮਾਰ ਝੱਲਦਿਆਂ ਡਿਗਦੀ-ਢਹਿੰਦੀ ਸੀਬੋ ਆਪਣੀ ਔਲਾਦ ਦੀ ਜ਼ਿੰਦਗੀ ਬਣਾਉਣ ਬਾਰੇ ਸੋਚਦੀ ਰਹਿੰਦੀ, ਮਰਦੀ ਰਹਿੰਦੀ, ਖਪਦੀ ਰਹਿੰਦੀ, ਧੁਖਦੀ ਰਹਿੰਦੀ।

ਸੋਚਦੀ ਹੋਈ ਨੂੰ ਪਤਾ ਨਾ ਲੱਗਿਆ ਕਦੋਂ ਮਾਲਕਣ ਦਾ ਘਰ ਆ ਗਿਆ! ਉਸਨੇ ਮਨ 'ਚ ਫੇਰ ਪੱਕਾ ਕੀਤਾ ਕਿ ਅੱਜ ਮਾਲਕਣ ਤੋਂ ਉਧਾਰ ਜ਼ਰੂਰ ਮੰਗੇਗੀ। ਸੋਚਦੀ ਉਹ ਅੰਦਰ ਗਈ ਤਾਂ ਮਾਲਕਣ ਕਿਤੇ ਨਾ ਵਿਖਾਈ ਦਿੱਤੀ। ਉਹਦੇ ਘਰ ਵਾਲਾ ਬੱਚਿਆਂ ਨੂੰ ਨਵ੍ਹਾਉਣ ਦੀ ਤਿਆਰੀ ਕਰ ਰਿਹਾ ਸੀ। ਉਹਨੂੰ ਵੇਖਦਿਆਂ ਈ ਪੁੱਛ ਬੈਠੀ—

"ਸਾਬ੍ਹ ਜੀ, ਬੀਬੀ ਜੀ......?"

"ਉਹ ਗਏ ਨੇ ਆਵਦੇ ਪੇਕੇ, ਅੱਜ ਸਵੇਰੇ ਈ। ਉਹਨਾਂ ਦੀ ਮਾਂ ਬਿਮਾਰ ਸੀ। ਸ਼ਾਮ ਤੱਕ ਆ ਜਾਣਗੇ।" ਸਾਬ੍ਹ ਨੇ ਇੱਕੋ ਸਾਹ ਵਿੱਚ ਉਹਦੇ ਅਗਲੇ ਸੁਆਲਾਂ ਦਾ ਜਵਾਬ ਵੀ ਦੇ ਦਿੱਤਾ।

"ਲਿਆਉ ਜੀ, ਮੈਂ ਨਮ੍ਹਾ ਦਿੰਨੀ ਆਂ ਬੱਚਿਆਂ ਨੂੰ।" ਕਹਿਕੇ ਸੀਬੋ ਨੇ ਉਹਦੇ ਹੱਥੋਂ ਤੌਲੀਆ ਫੜ ਲਿਆ। ਉਹ ਆਪ ਰਸੋਈ ਵਿੱਚ ਜਾਕੇ ਬੱਚਿਆਂ ਦੇ ਰੋਟੀ ਵਾਲੇ ਡੱਬੇ ਪੈਕ ਕਰਨ ਲੱਗ ਪਿਆ।

ਬੱਚਿਆਂ ਨੂੰ ਨਮ੍ਹਾ ਕੇ ਤਿਆਰ ਕਰਦੀ ਸੀਬੋ ਕੁਝ ਉਦਾਸ ਜਿਹੀ ਹੋ ਗਈ। ਮਾਲਕਣ ਘਰ ਨਹੀਂ ਸੀ, ਸਾਬ੍ਹ ਤੋਂ ਪੈਸੇ ਕਿਵੇਂ ਮੰਗੇ। ਮਾਲਕਣ ਤੋਂ ਤਾਂ ਮੰਗ ਵੀ ਸਕਦੀ ਸੀ। ਹੁਣ ਬੱਚਿਆਂ ਨੂੰ ਕੀ ਬਹਾਨਾ ਲਗਾਏ ਜਾ ਕੇ। ਇੱਕ ਦਿਲ ਕੀਤਾ ਕਿ ਸਾਬ੍ਹ ਵੀ ਤਾਂ ਦਿਆਲੂ ਈ ਐ, ਮੰਗਣ 'ਚ ਹਰਜ ਵੀ ਕੀ ਹੈ ਪਰ ਫੇਰ ਵੀ ਪਤਾ ਨੀ ਕਿਉਂ ਉਹਦਾ ਮੰਗਣ ਲਈ ਹਿਆਂ ਨੀ ਪਿਆ।

ਬੱਚਿਆਂ ਨੂੰ ਤਿਆਰ ਕਰਕੇ ਉਹ ਸਫਾਈ ਕਰਨ ਲੱਗ ਪਈ। ਸਾਬ੍ਹ ਬੱਚਿਆਂ ਨੂੰ ਸਕੂਲ ਵੈਨ ਤੱਕ ਚੜ੍ਹਾਉਣ ਚਲਿਆ ਗਿਆ। ਸੀਬੋ ਸੋਚਣ ਲੱਗੀ ਕਿ ਹੁਣ ਕੀ ਕਰੇ। ਫੇਰ ਸੋਚਿਆ ਚਲੋ ਸਾਬ੍ਹ ਨੂੰ ਆ ਲੈਣ ਦੇਵੇ ਫੇਰ ਗੱਲ ਕਰ ਕੇ ਵੇਖ ਲਵੇਗੀ।

ਮਾਲਕਣ ਦੇ ਅਜਿਹੇ ਸ਼ਾਨਦਾਰ ਘਰ ਨੂੰ ਵੇਖਕੇ ਸੀਬੋ ਦੇ ਮਨ ਦੇ ਕਿਸੇ ਕੋਨੇ 'ਚ ਅਜਿਹਾ ਖਿਆਲ ਜ਼ਰੂਰ ਆਉਂਦਾ ਕਿ ਕਾਸ਼! ਉਸਦਾ ਘਰ ਵੀ...... ਚਲੋ ਐਨਾ ਵੱਡਾ ਨਾ ਵੀ ਹੋਵੇ ਤਾਂ ਵੀ ਉਸਦੀਆਂ ਸੱਧਰਾਂ ਅੰਗੜਾਈਆਂ ਜ਼ਰੂਰ ਲੈਂਦੀਆਂ। ਫੇਰ ਆਪ ਈ ਸੋਚਦੀ ਕਿ ਬੰਦੇ ਨੂੰ ਸਮੇਂ ਤੋਂ ਪਹਿਲਾਂ ਤੇ ਭਾਗਾਂ 'ਚ ਲਿਖੇ ਤੋਂ ਵੱਧ ਕੁਝ ਨੀ ਮਿਲਦਾ। ਫਿਰ ਉਹ ਸੋਚਦੀ ਕਿ ਚਲੋ ਰੱਬ ਨੇ ਉਹਦੀ ਜ਼ਿੰਦਗੀ ਤਾਂ ਜਿਹੋ-ਜਿਹੀ ਬਣਾ 'ਤੀ ਠੀਕ ਹੈ ਘੱਟੋ-ਘੱਟ ਉਹਦੀ ਔਲਾਦ ਦੀ ਜ਼ਿੰਦਗੀ ਵਿਚ ਤਾਂ ਸੁੱਖ ਲਿਖ ਦੇਵੇ।

ਰਸੋਈ 'ਚ ਪਏ ਭਾਂਡੇ ਮਾਂਜਣ ਤੋਂ ਬਾਅਦ ਉਹ ਸਾਬ੍ਹ ਦੇ ਕਮਰੇ ਦੀ ਸਫਾਈ ਕਰਨ ਲੱਗ ਪਈ। ਸਾਹਬ ਅਜੇ ਆਇਆ ਨਹੀਂ ਸੀ ਬੱਚਿਆਂ ਨੂੰ ਛੱਡ ਕੇ। ਉਹ ਸੋਚਣ ਲੱਗੀ ਕਿ ਕਿੰਨੇ ਚੰਗੇ ਨੇ ਦੋਵੇਂ ਤੀਮੀਂ-ਮਾਲਕ, ਕਿੰਨਾ ਭਰੋਸਾ ਕਰਦੇ ਨੇ ਉਹਦੇ ਤੇ, ਹੁਣ ਵੀ ਸਾਬ੍ਹ ਉਹਨੂੰ ਇਕੱਲੀ ਘਰ ਛੱਡ ਕੇ ਚਲਿਆ ਗਿਆ। ਕੋਈ ਹੋਰ ਭਾਵੇਂ ਜੋ ਕੁਸ਼ ਮਰਜ਼ੀ ਲੈ ਜਾਵੇ। ਸੋਚਦਿਆਂ ਉਹ ਚਾਦਰ ਵਿਛਾਉਣ ਲੱਗੀ ਤਾਂ ਉਹਦੇ ਹੱਥਾਂ ਨੂੰ ਨਰਮ-ਨਰਮ ਚਾਦਰ ਚੰਗੀ ਜਿਹੀ ਲੱਗੀ। ਉਹ ਚਾਦਰ ਉੱਪਰ ਹੌਲੀ-ਹੌਲੀ ਹੱਥ ਫੇਰਨ ਲੱਗੀ। ਕੂਲ਼ੀ ਚਾਦਰ ਉਹਦੇ ਹੱਥਾਂ ਵਿੱਚ ਕੁਤ-ਕੁਤਾਰੀਆਂ ਜਿਹੀਆਂ ਕੱਢਣ ਲੱਗੀ। ਉਹ ਸੋਚਣ ਲੱਗੀ ਕਿ ਇੰਨਾਂ ਨਰਮ ਬਿਸਤਰਾ ਉਹਦੇ ਹੱਥਾਂ ਨੂੰ ਐਨਾ ਚੰਗਾ ਲੱਗਦਾ ਹੈ ਜਦੋਂ ਦੋਵੇਂ ਤੀਮੀਂ-ਮਾਲਕ ਇਸ ਤੇ ਸੌਂਦੇ ਹੋਣਗੇ ਤਾਂ ਕਿੰਨਾ ਸੁਆਦ ਦਿੰਦਾ ਹੋਵੇਗਾ। ਇੱਕ ਵਾਰ ਤਾਂ ਜੀਅ ਕੀਤਾ ਕਿ ਉਹ ਵੀ ਇਸ ਤੇ ਪੈ ਕੇ ਵੇਖੇ, ਫੇਰ ਆਪ ਈ ਜਿਵੇਂ ਆਪਣੀ ਪੁੜਪੁੜੀ ਤੇ ਹੱਥ ਮਾਰਕੇ ਆਉਂਦੇ ਖਿਆਲਾਂ ਨੂੰ ਝਟਕ ਕੇ ਮੁਸਕੁਰਾ ਪਈ ਤੇ ਠੀਕ ਕਰਕੇ ਚਾਦਰ ਵਿਛਾਉਣ ਲੱਗ ਪਈ।

.....ਅਚਾਨਕ ਉਹਨੂੰ ਜਿਵੇਂ ਕਿਸੇ ਮਜ਼ਬੂਤ ਹੱਥਾਂ ਦੀ ਪਕੜ ਨੇ ਪਿੱਛਿਓਂ ਫੜ

ਲਿਆ। ਤ੍ਰਭਕ ਕੇ ਉਸਨੇ ਪਿੱਛੇ ਝਾਕਣ ਦੀ ਕੋਸ਼ਿਸ਼ ਕੀਤੀ ਤਾਂ ਸਾਬ੍ਹ ਸੀ। ਉਸਨੂੰ ਖਿਆਲਾਂ 'ਚ ਗੁਆਚੀ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਕਦੋਂ ਦਾ ਕਮਰੇ ਦੇ ਦਰਵਾਜ਼ੇ 'ਚ ਖੜ੍ਹਾ ਉਸ ਦੀਆਂ ਹਰਕਤਾਂ ਨੋਟ ਕਰ ਰਿਹਾ ਸੀ। ਉਹ ਨਹੀਂ ਸੀ ਵੇਖ ਸਕੀ, ਕਿਉਂਕਿ ਉਹਦੀ ਤਾਂ ਦਰਵਾਜ਼ੇ ਵੱਲ ਪਿੱਠ ਸੀ। ਉਹਦੇ ਮੂੰਹੋਂ ਨਿਕਲਿਆ—

"ਇਹ ਕੀ ਕਰ ਰਹੇਂ ਓ ਸਾਬ੍ਹ ਜੀ? ਹਾੜ੍ਹਾ ਛੱਡ ਦਿਓ......।"

ਪਰ ਉਸਦੀ ਅਵਾਜ਼ ਤੇ ਵਿਰੋਧ ਕਰਨ ਦੀ ਤਾਕਤ ਜਿਵੇਂ ਬਹੁਤੀ ਦੇਰ ਉਹਦਾ ਸਾਥ ਨਾ ਦੇ ਸਕੀ। ਡਰ ਅਤੇ ਗੁੱਸੇ ਦੇ ਮਿਲੇ-ਜੁਲੇ ਭਾਵ ਉਹਦੇ ਮਨ 'ਚ ਉੱਭਰੇ ਪਰ ਸਾਬ੍ਹ ਦਾ ਵਿਰੋਧ ਬਹੁਤੀ ਦੇਰ ਨਾ ਕਰ ਸਕਣ ਦੇ ਸਮਰੱਥ ਉਹ ਕਿਉਂ ਨਾ ਰਹਿ ਸਕੀ, ਇਹ ਉਹਦੀ ਵੀ ਸਮਝ ਤੋਂ ਜਿਵੇਂ ਬਾਹਰ ਹੋ ਗਿਆ। 'ਕੀ ਇੱਕ ਮਰਦ ਦੀਆਂ ਮਜ਼ਬੂਤ ਬਾਹਾਂ ਦੀ ਪਕੜ ਅਤੇ ਤਾਕਤ ਦਾ ਉਹ ਕਮਜ਼ੋਰ ਔਰਤ ਮੁਕਾਬਲਾ ਨਹੀਂ ਕਰ ਸਕੀ ਜਾਂ ਫੇਰ ਵਰ੍ਹਿਆਂ 'ਚ ਚਿੱਤ ਦੇ ਕਿਸੇ ਕੋਨੇ 'ਚ ਦਬਾਉਂਦੀ ਆ ਰਹੀ ਭਾਵਨਾਵਾਂ ਦੇ ਇਸ ਵੇਗ ਨੂੰ ਉਹਦੇ ਮਨ ਦਾ ਬੰਨ੍ਹ ਬਹੁਤੀ ਦੇਰ ਰੋਕ ਨਾ ਸਕਿਆ, ਮਰਦ ਦੀ ਛੋਹ ਨੂੰ ਤਰਸਦੇ ਜਜ਼ਬਿਆਂ ਦੇ ਬਾਰੂਦ ਨੂੰ ਅਚਾਨਕ ਇੱਕ ਚਿਣਗ ਨੇ ਵਿਸਫੋਟਕ ਬਣਾ ਦਿੱਤਾ ਸੀ? ਉਹ ਸਮਝਣ ਤੋਂ ਅਸਮਰੱਥ ਸੀ ਕਿਉਂਕਿ ਉਸਨੂੰ ਪਤਾ ਈ ਨਹੀਂ ਲੱਗ ਰਿਹਾ ਸੀ ਕਿ ਕੀ ਹੋ ਰਿਹਾ ਹੈ? ਕਿਉਂ ਹੋ ਰਿਹਾ ਹੈ?

ਆਪਣੇ ਆਪ 'ਚ ਪਰਤੀ ਤਾਂ ਅੰਗ-ਅੰਗ ਟੁੱਟ ਰਿਹਾ ਸੀ ਉਸਦਾ। ਸਾਬ੍ਹ ਨੇ ਉਹਦੀ ਮੁੱਠੀ 'ਚ ਢੇਰ ਸਾਰੇ ਨੋਟ ਦਿੰਦਿਆਂ ਕਿਹਾ—

"ਸੀਬੋ, ਪਤਾ ਨੀ ਮੈਨੂੰ ਕੀ ਹੋ ਗਿਆ ਸੀ? ਬੁਰਾ ਨਾ ਮਨਾਈਂ ਰੱਬ ਦੇ ਵਾਸਤੇ ਅਤੇ ਨਾ ਈ ਇਹਨਾਂ ਪੈਸਿਆਂ ਨੂੰ ਉਧਾਰ ਜਾਂ ਪੇਸ਼ਗੀ ਸਮਝੀਂ।"

ਸੀਬੋ ਕੁਝ ਨਾ ਬੋਲੀ। ਉਹਨੂੰ ਜਿਵੇਂ ਕੁਝ ਨਾ ਸੁਣਿਆ। ਉਹ ਸਮਝ ਨੀ ਸੀ ਪਾ ਰਹੀ ਕਿ ਉਹ ਹੱਸੇ ਜਾਂ ਰੋਵੇ। ਉਹਦੀ ਦੇਹ ਜਿਵੇਂ ਸੁੰਨ ਹੋ ਗਈ ਸੀ। ਕਿਸੇ ਤਰ੍ਹਾਂ ਉਸਨੇ ਆਪਣੇ ਆਪਨੂੰ ਸਮੇਟਿਆ ਤੇ ਉਸੇ ਰੌਂਅ 'ਚ ਬਾਹਰ ਨਿੱਕਲ ਗਈ।

ਉਸਨੂੰ ਕੁਝ ਨੀ ਸੁੱਝ ਰਿਹਾ ਸੀ ਕਿ ਉਹ ਕੀ ਕਰੇ? ਕਿੱਧਰ ਜਾਵੇ? ਕੀ ਆਪਣੇ ਘਰ? ਪਰ ਇਹ ਸਭ ਹੰਢਾ ਕੇ ਘਰ ਕਿਵੇਂ ਜਾਵੇ? ਇਹ ਘਰ ਉਸਦੇ ਸਿਰ ਦੇ ਸਾਈਂ ਦਾ ਹੈ। ਉਸ ਘਰ ਦੇ ਹਰ ਇੱਕ ਕਣ 'ਚ ਉਹ ਵਸਿਆ ਹੋਇਆ ਹੈ! ਫੇਰ ਘਰ ਜਾਵੇ ਕਿਵੇਂ? ਉਹਦੇ ਸਾਹਮਣੇ ਕਿਵੇਂ ਖੜ੍ਹਾ ਰੱਖ ਸਕੇਗੀ ਖੁਦ ਨੂੰ? ਆਪਣੀ ਦੇਹ ਤੋਂ ਨਫ਼ਰਤ ਹੋ ਰਹੀ ਸੀ ਉਸਨੂੰ। ਕਿੱਥੇ ਜਾਵੇ ਉਹ?

"ਮੌਤ ਦੇ ਮੂੰਹ?" ਮਨ ਦੇ ਕਿਸੇ ਕੋਨੇ 'ਚੋਂ ਨਿੱਕਲਿਆ।

"ਹਾਂ, ਸ਼ਾਇਦ ਏਹੋ ਰਾਹ ਹੈ ਉਹਦੇ ਲਈ, ਏਸ ਪਾਪ ਤੋਂ ਮੁਕਤੀ ਲਈ।"

ਬਜ਼ਾਰ 'ਚ ਬੜੀ ਗਹਿਮਾ-ਗਹਿਮੀ ਸੀ। ਪਰ ਉਸ ਨੂੰ ਜਿਵੇਂ ਕੁਝ ਵੀ ਦਿਸ-ਸੁਣ ਨਹੀਂ ਸੀ ਰਿਹਾ। ਡਿਗਦੀ-ਢਹਿੰਦੀ ਉਹ ਨਹਿਰ ਤੇ ਆ ਗਈ। ਇੱਕ ਵਾਰ ਛੱਲਾਂ ਮਾਰਦੇ ਪਾਣੀ ਵੱਲ ਵੇਖਿਆ। ਏਹੋ ਹੈ ਉਸਦੀ ਮੁਕਤੀ ਦਾ ਰਾਹ। ਉਹਨੂੰ ਜਿਵੇਂ ਪਾਣੀ ਵਿੱਚ ਆਪਣੇ

ਸਿਰ ਦੇ ਸਾਈਂ ਦਾ ਅਕਸ ਦਿੱਸਿਆ—

"ਮੈਨੂੰ ਮਾਫ ਕਰਦੇ ਮੇਰੇ ਸਾਈਆਂ, ਮੈਂ ਪਤਨੀ ਦੀ ਪੱਤ ਕਾਇਮ ਨਾ ਰੱਖ ਸਕੀ ਏਸੇ ਲਈ ਤਾਂ ਤੇਰੇ ਕੋਲ ਆ ਰਹੀ ਆਂ, ਫੇਰ ਚਾਹੇ ਜੋ ਮਰਜ਼ੀ ਸਜ਼ਾ ਦੇ ਲਵੀਂ......।"

ਛਾਲ ਮਾਰਨ ਲੱਗੀ ਤਾਂ ਪਾਣੀ 'ਚੋਂ ਜਿਵੇਂ ਉਹਦੇ ਮਾਸੂਮ ਬੱਚਿਆਂ ਦੇ ਚਿਹਰੇ ਉੱਭਰੇ, ਉਵੇਂ ਜਿਵੇਂ ਉਹਦੇ ਘਰੇ ਆਉਣ ਦੀ ਉਡੀਕ ਕਰਦੇ ਚਿਹਰੇ। ਉਹ ਰੁਕੀ, ਇੱਕ ਵਾਰ ਹੱਥਾਂ 'ਚ ਫੜੇ ਨੋਟਾਂ ਵੱਲ ਵੇਖਿਆ—"ਇਹ ਪੈਸੇ ਗੰਦੇ ਨੇ, ਪਾਪ ਦੀ ਕਮਾਈ। ਆਪਣੇ ਨਾਲ਼-ਨਾਲ਼ ਇਹਨਾਂ ਪੈਸਿਆਂ ਨੂੰ ਵੀ ਨਹਿਰ ਵਿਚ ਜਾਣ ਦੇ।" ਉਹਦੇ ਮਨ ਨੇ ਕਿਹਾ! ਪਰ ਫੇਰ ਬੱਚਿਆਂ ਦੇ ਅਕਸ ਨੇ ਜਿਵੇਂ ਉਸਦੇ ਤਰਲੇ ਕੱਢੇ—

"ਮਠਿਆਈ, ਕਿਤਾਬਾਂ, ਫੱਟੀ......" ਕਿੰਨੇ ਸ਼ਬਦ ਉਹਦੇ ਕੰਨੀਂ ਗੂੰਜਣ ਲੱਗੇ।

ਕੁਝ ਸੋਚ ਕੇ ਉਹ ਉਸੇ ਤਰ੍ਹਾਂ ਡਿਗਦੀ-ਢਹਿੰਦੀ ਮੁੜ ਬਜ਼ਾਰ ਵੱਲ ਹੋ ਤੁਰੀ। ਕਿਉਂਕਿ ਹੁਣ ਉਹ ਇੱਕ ਪਤਨੀ ਨਹੀਂ, ਸਗੋਂ ਮਾਂ ਸੀ।

# ਤਮਾਸ਼ਾ

ਗੱਡੀ ਸਟੇਸ਼ਨ 'ਤੇ ਆ ਰੁਕੀ ਤਾਂ ਚੜ੍ਹਨ ਉਤਰਨ ਵਾਲੇ ਲੋਕਾਂ ਵਿੱਚ ਜਿਵੇਂ ਹਫੜਾ-ਦਫੜੀ ਮੱਚੀ ਹੋਈ ਸੀ। ਬੇਮਤਲਬ ਦੀ ਕਾਹਲ, ਬੇਤੁਕੀ ਖਿੱਚੋਤਾਣ।

ਮੈਨੂੰ ਇਹ ਗੱਡੀ ਜ਼ਿੰਦਗੀ ਵਾਂਗ ਹੀ ਜਾਪੀ। ਇਸ 'ਚ ਸਵਾਰ ਹੋਣ ਲਈ ਲੋਕਾਂ ਦੀ ਧੱਕਾ-ਮੁੱਕੀ ਅਜੋਕੇ ਮਨੁੱਖ ਦੇ ਸੁਭਾਅ ਦੀ ਹੀ ਲਖਾਇਕ ਹੈ। ਬਿਲਕੁਲ ਏਵੇਂ ਹੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਮਨੁੱਖ ਦੌੜ ਰਿਹਾ ਹੈ, ਹਫ਼ ਰਿਹਾ ਹੈ, ਕਾਹਲਾ ਹੈ ਇੱਕ ਦੂਜੇ ਤੋਂ ਅਗਾਂਹ ਲੰਘਣ ਲਈ। ਪਦਾਰਥਕ ਦੌੜ ਵਿੱਚ ਦੂਜੇ ਨੂੰ ਪਛਾੜਕੇ ਜ਼ਿੰਦਗੀ ਦੀ ਗੱਡੀ ਤੇ ਸਵਾਰ ਹੋ ਜਾਣਾ ਚਾਹੁੰਦਾ ਹੈ। ਐਸ਼ੋ-ਅਰਾਮ ਰੂਪੀ ਸੀਟ ਹਾਸਲ ਕਰਨ ਲਈ ਜ਼ੋਰ ਅਜ਼ਮਾਈ ਕਰਦਾ ਹੈ।

ਫੇਰ ਇਹਨਾਂ ਵੱਲ ਵੇਖਕੇ ਜੀਵ ਵਿਗਿਆਨੀ ਡਾਰਵਿਨ ਦਾ ਚੇਤਾ ਆ ਜਾਂਦਾ ਹੈ, ਜਿਸਨੇ ਇਸ ਸਭ ਕੁਝ ਨੂੰ ਸੰਘਰਸ਼ ਦਾ ਨਾਂ ਦਿੱਤਾ ਹੈ। ਜੀਵਨ ਲਈ ਸੰਘਰਸ਼। ਸਰਵਾਈਵਲ ਆਫ਼ ਦ ਫਿੱਟੈਸਟ। ਜੋ ਸਭ ਤੋਂ ਤਕੜਾ ਹੈ, ਉਹੀ ਬਚੇਗਾ। ਏਹੋ ਹੈ ਜ਼ਿੰਦਗੀ, ਏਹੋ ਹੈ ਕੁਦਰਤ ਦਾ ਅਟੱਲ ਨਿਯਮ।

ਗੱਡੀ ਦੀ ਚੀਕ ਨੇ ਮੇਰੀਆਂ ਸੋਚਾਂ ਦੀ ਤੰਦ ਤੋੜ ਦਿੱਤੀ। ਗੱਡੀ ਅੰਦਰ ਚੜ੍ਹਿਆ ਤਾਂ ਆਲੇ-ਦੁਆਲੇ ਵੇਖਕੇ ਲੱਗਿਆ ਕਿ ਲੋਕ ਤਾਂ ਐਵੇਂ ਹੀ ਖਿਚੋ ਤਾਣੀ ਕਰ ਰਹੇ ਸਨ। ਡੱਬਾ ਤਾਂ ਬਹੁਤਾ ਭਰਿਆ ਹੀ ਨਹੀਂ। ਪਰ ਫੇਰ ਉਹੀ ਮਨੁੱਖੀ ਫਿਤਰਤ ਬਾਰੇ ਸੋਚਿਆ ਤਾਂ ਮੱਲੋਜ਼ੋਰੀ ਮੁਸਕਰਾ ਪਿਆ।

ਸ਼ੀਸ਼ੇ ਦੇ ਨਾਲ ਦੀ ਸਿੰਗਲ ਸੀਟ ਖਾਲੀ ਸੀ। ਮੈਂ ਸਾਮਾਨ ਉੱਪਰ ਰੈਕ 'ਤੇ ਰੱਖਕੇ ਬੈਠਣ ਤੋਂ ਪਹਿਲਾਂ ਸਰਸਰੀ ਜਿਹੀ ਨਿਗ੍ਹਾ ਆਪਣੇ ਆਲੇ-ਦੁਆਲੇ ਬੈਠੇ ਲੋਕਾਂ ਵੱਲ ਘੁਮਾਈ। ਮੇਰੇ ਸਾਹਮਣਲੀ ਸੀਟ ਤੇ ਇੱਕ ਗੁਰਸਿੱਖ ਬਜ਼ੁਰਗ ਬੈਠਾ ਸੀ, ਜੋ ਹੱਥ 'ਚ ਫੜੀ ਤਸਬੀ ਨੂੰ ਲਗਾਤਾਰ ਫੇਰੀ ਜਾ ਰਿਹਾ ਸੀ। ਨਾਲ਼ ਦੀਆਂ ਸੀਟਾਂ ਤੇ ਪੂਰਾ ਪਰਿਵਾਰ ਬੈਠਾ ਸੀ। ਸਾਹਮਣੇ ਦੀਆਂ ਵੱਡੀਆਂ ਸੀਟਾਂ ਤੇ ਪੰਜ ਨੌਜਵਾਨ ਮੁੰਡੇ ਜੋ ਵੇਖਣ ਤੋਂ ਕਾਲਜੀਏਟ ਜਿਹੇ ਲਗਦੇ ਸਨ, ਬੈਠੇ ਗੱਪਾਂ ਮਾਰ ਰਹੇ ਸਨ। ਉਹਨਾਂ ਵਿੱਚੋਂ ਇੱਕ ਦੇ ਹੱਥ 'ਚ ਫੜੇ ਮੋਬਾਇਲ ਤੇ ਕੋਈ ਪੰਜਾਬੀ ਗੀਤ ਵੱਜ ਰਿਹਾ ਸੀ।

ਉਹ ਕੋਈ ਗੱਲ ਕਰਕੇ ਉੱਚੀ-ਉੱਚੀ ਹਸਦੇ ਤਾਂ ਆਲੇ-ਦੁਆਲੇ ਦੇ ਲੋਕਾਂ ਦਾ ਧਿਆਨ ਉਹਨਾਂ ਵੱਲ ਜਾਂਦਾ, ਪਰ ਕਹਿੰਦਾ ਕੋਈ ਕੁਝ ਨਾ। ਮੋਬਾਇਲ ਤੇ ਚੱਲ ਰਿਹਾ ਗੀਤ ਕੋਈ ਅੱਜ-ਕੱਲ ਦਾ ਪੰਜਾਬੀ ਦੋ-ਗਾਣਾ ਲੱਗ ਰਿਹਾ ਸੀ; ਗੀਤਗਾਰ ਕੌਣ ਸੀ, ਗਾਇਕ ਕੌਣ ਸੀ, ਪਤਾ ਨਹੀਂ। ਅੱਜ-ਕੱਲ ਪਤਾ ਵੀ ਕੀ ਲੱਗੇ। ਇੱਕ-ਦੋ ਹੋਣ ਤਾਂ ਪਛਾਣ ਵੀ ਰਹੇ।

ਅੱਜ ਤਾਂ ਲਗਦਾ ਜਿਵੇਂ ਸਰੋਤੇ ਘੱਟ ਹੋਣ ਪਰ ਗਾਉਣ ਵਾਲੇ ਜ਼ਿਆਦਾ। ਨਾ ਦਸ਼ਾ ਨਾ ਦਿਸ਼ਾ।

ਉਹਨਾਂ ਮੁੰਡਿਆਂ ਦੀਆਂ ਹਰਕਤਾਂ ਆਲੇ-ਦੁਆਲੇ ਤੋਂ ਜਿਵੇਂ ਬਿਲਕੁਲ ਬੇਪਰਵਾਹ ਹੋਣ, ਜਿਵੇਂ ਗੱਡੀ ਵਿੱਚ ਸਿਰਫ ਉਹ ਹੀ ਬੈਠੇ ਹੋਣ। ਮੰਨਿਆ ਜੁਆਨੀ ਦੀ ਉਮਰ ਅਵੱਲੀ ਹੁੰਦੀ ਹੈ, ਨਾ ਅਤੀਤ ਦਾ ਗਮ, ਨਾ ਭਵਿੱਖ ਦੀ ਪਰਵਾਹ ਬੱਸ ਆਪਣੇ ਅੱਜ ਵਿੱਚ ਹੀ ਮਸਤ। ਪਰ ਹਰ ਵਰਤਾਰੇ ਦੀ ਆਪਣੀ ਇੱਕ ਹੱਦ ਹੁੰਦੀ ਹੈ ਤੇ ਇਹ ਆਪਣੀ ਉਸ ਹੱਦ ਵਿੱਚ ਹੀ ਚੰਗਾ ਲਗਦਾ ਹੈ। ਜਦੋਂ ਅਸੀਂ ਬਾਹਰ ਲੋਕਾਂ ਵਿੱਚ ਵਿਚਰ ਰਹੇ ਹੋਈਏ ਤਾਂ ਇਹ ਹੱਦ ਪਛਾਣਨੀ ਤੇ ਏਸੇ ਦੇ ਅੰਦਰ ਕਾਇਮ ਰਹਿਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

ਰਹਿਣੀ-ਬਹਿਣੀ ਤੋਂ ਉਹ ਕੋਈ ਜ਼ਿਆਦਾ ਚੰਗੇ ਅਮੀਰ ਘਰਾਂ ਦੇ ਤਾਂ ਨਹੀਂ ਸਨ ਲਗਦੇ। ਹਾਂ, ਦੋ ਜਣੇ ਜ਼ਰੂਰ ਵੱਡੇ ਘਰ ਦੇ ਜਾਪਦੇ ਸਨ। ਬਾਕੀ ਦੇ ਉਹਨਾਂ ਦੀ ਢਾਣੀ 'ਚ ਹੋਣ ਕਰਕੇ ਉਹਨਾਂ ਦੇ ਰੰਗ 'ਚ ਈ ਰੰਗੇ ਹੋਏ ਦਿਸਦੇ ਸਨ।

ਮੈਂ ਬਾਹਰ ਸ਼ੀਸ਼ੇ ਰਾਹੀਂ ਵੇਖਿਆ। ਗੱਡੀ ਤੇਜ਼ ਹੋ ਗਈ ਸੀ। ਖੇਤਾਂ ਦੀ ਹਰਿਆਲੀ ਦੂਰ-ਦੂਰ ਤੱਕ ਫੈਲੀ ਹੋਈ ਪੂਰੇ ਜੋਬਨ ਤੇ ਲੱਗ ਰਹੀ ਸੀ ਜੋ ਕਿਸੇ ਸੱਜ-ਵਿਆਹੀ ਮੁਟਿਆਰ ਦੇ ਸਿਰ ਤੇ ਲਈ ਸਾਵੀ-ਕਚੂਰ ਚੁੰਨੀ ਦਾ ਭੁਲੇਖਾ ਪਾ ਰਹੀ ਸੀ। ਤੇਜ਼ੀ ਨਾਲ ਪਿੱਛੇ ਵੱਲ ਨੂੰ ਭੱਜਦਾ-ਛੁੱਟਦਾ ਜਾਪਦਾ ਆਲਾ-ਦੁਆਲਾ ਵਕਤ ਦੀ ਯਾਦ ਦੁਆ ਰਿਹਾ ਸੀ, ਜਿਸ ਵਿਚਲੇ ਪਲ ਵੀ ਤਾਂ ਪਲ-ਪਲ ਆਪਣੇ ਵਜੂਦ 'ਚੋਂ ਛੁਟਦੇ ਪ੍ਰਤੀਤ ਹੁੰਦੇ ਨੇ।

ਅੰਦਰੋਂ ਆਈ ਠਹਾਕੇ ਦੀ ਅਵਾਜ਼ ਨੇ ਫੇਰ ਮੇਰਾ ਧਿਆਨ ਭੰਗ ਕੀਤਾ। ਉਹੀ ਮੁੰਡੇ ਸਨ ਜਿਨ੍ਹਾਂ ਵਿੱਚੋਂ ਇੱਕ ਜਣਾ ਤਲੀ ਤੇ ਜਰਦਾ ਮਲ਼ ਰਿਹਾ ਸੀ ਤੇ ਦੂਜਾ ਉਹਨੂੰ ਵੇਖਕੇ ਬੋਲਿਆ—

"ਯਾਰ, ਆਹ ਕੀ ਲੈ ਕੇ ਬਹਿ ਗਿਆਂ। ਕੋਈ ਚੱਜ ਦੀ ਚੀਜ਼ ਖਾਇਆ ਕਰ।"

ਇੱਕ ਹੋਰ ਨੇ ਜਰਦੇ ਵਾਲੇ ਦਾ ਪੱਖ ਪੂਰ ਦਿੱਤਾ—

"ਓ, ਇਹ ਨਵਾਂ-ਨਵਾਂ ਖਾਣ ਲੱਗਿਆ ਅਜੇ। ਚੁੰਘਦਾ ਜੁਆਕ ਐ ਆਪੇ ਹੌਲੀ-ਹੌਲੀ ਟਰੇਂਡ ਹੋ ਜੂ।"

"ਹੋਰ ਯਾਰ, ਮਹੀਨਾ ਕੁ ਤਾਂ ਹੋਇਐ ਖਾਣ ਲੱਗੇ ਨੂੰ। ਅਜੇ ਤੱਕ ਬੁੱਲ ਤੇ ਬੁੱਟ ਅੰਦਰੋਂ ਛਿੱਲੇ ਪਏ ਨੇ!" ਜਰਦੇ ਵਾਲਾ ਬੋਲਿਆ।

ਪਹਿਲਾ ਫੇਰ ਬੋਲ ਪਿਆ—"ਮੈਨੂੰ ਤਾਂ ਆਹ ਕੁਸਕਦਾ ਵੀ ਨੀ ਭਰਾਵਾ, ਜਿੰਨੀ ਦੇਰ ਰੀਠੇ ਅਰਗੀ ਅੰਦਰ ਨਾ ਜਾਵੇ, ਜੱਗ-ਜਹਾਨ ਤਾਂ ਦੀਂਹਦਾ ਈ ਨੀ ਜਿਵੇਂ। ਬੱਸ, ਅੰਦਰ ਗਈ ਨੀ, ਫੇਰ ਤਾਂ ਜਿਵੇਂ ਮੜ੍ਹੀਆਂ 'ਚ ਵੀ ਜਗਰਾਵਾਂ ਦੀ ਰੋਸ਼ਨੀ ਲੱਗੀ ਦੀਂਹਦੀ ਆ।"

ਸਾਰਿਆਂ 'ਚ ਫੇਰ ਹਾਸਾ ਛਿੜ ਗਿਆ।

ਤੀਜਾ ਵੀ ਖੁੱਲ੍ਹ ਪਿਆ।

"ਮੈਨੂੰ ਤਾਂ ਯਾਰ ਆਹ ਨਾਗਣੀ ਸੂਟ ਈ ਨੀ ਕਰਦੀ, ਬਥੇਰੀ ਖਾ ਕੇ ਵੇਖ 'ਲੀ। ਹੁਣ

ਤਾਂ ਮਸਾਲਾ ਈ ਸੁਆਦ ਦਿੰਦਾ। ਬਸ ਦਿਨ 'ਚ ਚਾਰ ਕੁ ਚਮਚੇ ਬਥੇਰੇ ਨੇ।"

"ਹਾਂ ਸੱਚ, ਤੇਰੀ ਬੀ. ਏ. ਦਾ ਕੀ ਬਣਿਆ ਓਏ?" ਜਰਦਾ ਮਲਣ ਵਾਲਾ ਉਸੇ ਨੂੰ ਪੁੱਛਣ ਲੱਗਿਆ।

"ਬਣਨਾ ਕੀ ਸੀ, ਗੋਲਡਨ ਚਾਂਸ ਵੀ ਹੱਥੋਂ ਨਿਕਲ ਗਿਆ। ਸਾਲ਼ੀ ਅੰਗਰੇਜੀ ਓ ਨੀ ਲੋਟ ਆਉਂਦੀ।"

"ਸਾਲਿਆ ਪੜ੍ਹ ਲਿਆ ਕਰ ਮਾੜਾ ਮੋਟਾ।" ਜਰਦੇ ਵਾਲਾ ਈ ਸੀ।

"ਲੈ ਵੱਡਾ ਪੜ੍ਹਾਕੂ। ਤੂੰ ਤਾਂ ਐਮ. ਏ. ਕਰ 'ਲੀ। ਤੂੰ ਕਿੱਧਰੋਂ ਤਸੀਲਦਾਰ ਲੱਗ ਗਿਆ।"

ਸਾਰੇ ਫੇਰ ਹੱਸ ਪਏ।

"ਆਪਾਂ ਤਾਂ ਡਿਗਰੀ ਲੈ ਕੇ ਵਿਖਾਉਣੀ ਸੀ ਬਾਪੂ ਨੂੰ ਵਿਖਾ 'ਤੀ ਭਾਵੇਂ ਪੂਰੇ-ਸੂਰੇ ਨੰਬਰਾਂ ਤੇ ਈ ਆ। ਹੁਣ ਜਦ ਤੱਕ ਉਹਦਾ ਹੱਥ ਸਿਰ 'ਤੇ ਆ ਨੌਕਰੀ ਦੀ ਕੀ ਲੋੜ ਆ।"

"ਤੇ ਜੇ ਬੁੜ੍ਹੇ ਨੇ ਹੱਥ ਚੱਕ ਲਿਆ?"

"ਉਹ ਜਦੋਂ ਹੋਊ ਉਦੋਂ ਵੇਖੀ ਜਾਊ। ਹੁਣੇ ਸੋਚ-ਸੋਚ ਕੇ ਕਾਹਨੂੰ ਸਰੀਰ ਗਾਲਣਾ ਯਾਰ......।"

ਐਨੇ ਨੂੰ ਗੱਡੀ 'ਚ ਚਾਹ ਵਾਲਾ ਆ ਗਿਆ। ਸ਼ੀਸ਼ਾ ਬੰਦ ਹੋਣ ਦੇ ਬਾਵਜੂਦ ਝਿਰੀਆਂ ਥਾਈਂ ਦੀ ਠੰਢੀ ਹਵਾ ਡੱਬੇ ਅੰਦਰ ਆ ਰਹੀ ਸੀ। ਮੈਂ ਲੋਈ ਦੀ ਬੁੱਕਲ ਮਾਰੀ ਹੋਈ ਸੀ ਪਰ ਫੇਰ ਵੀ ਚਾਹ ਦੀ ਤਲਬ ਨੂੰ ਨਾ ਰੋਕ ਸਕਿਆ।

ਚਾਹ ਵਾਲ਼ੇ ਨੂੰ ਵੇਖ ਕੇ ਉਹਨਾਂ ਮੁੰਡਿਆਂ ਦੀਆਂ ਬਾਛਾਂ ਵੀ ਖਿੜ ਗਈਆਂ।

"ਓਏ ਆ ਓ ਰਾਂਝਿਆ! ਬੜੇ ਟੈਮ 'ਤੇ ਆਇਆਂ। ਤੇਰੀ ਓ ਲੋੜ ਸੀ ਹੁਣ ਤਾਂ।"

"ਕਿੰਨੇ ਦਾ ਕੱਪ ਲਾਇਆ?" ਦੂਜਾ ਬੋਲਿਆ।

"ਚਾਰ ਰੁਪਏ ਕੱਪ।"

"ਚਾਰ ਰੁਪਏ? ਇਹ ਰੇਟ ਆ ਕੋਈ?" ਇੱਕ ਬੋਲਿਆ।

"ਗਾੜੀ ਮੇਂ ਬੈਠੇ ਚਾਏ ਮਿਲ ਰਹੀ ਏ ਸਾਬ੍ਹ। ਰੇਟ ਕੋਈ ਜ਼ਾਦਾ ਤੋ ਨਹੀਂ।"

"ਤੂੰ ਕਿਹੜਾ ਟਿਕਟ ਲੈ ਕੇ ਚੜ੍ਹਦਾ ਹੋਮੇਂਗਾ?"

"ਪਰਮਿਟ ਤੋ ਲੇਨਾ ਈ ਪੜ੍ਹਤਾ ਹੈ। ਮਿਹਨਤ ਭੀ ਤੋ ਕਰਤੇ ਹੈਂ।"

"ਲੈ ਕਰਦਾਂ ਤੂੰ ਮਿਹਨਤ......।"

"ਓ ਛੱਡ ਯਾਰ।" ਦੂਜੇ ਨੇ ਪਹਿਲੇ ਵਾਲੇ ਨੂੰ ਟੋਕਿਆ ਤੇ ਚਾਹ ਵਾਲੇ ਨੂੰ ਮੁਖਾਤਿਬ ਹੋਇਆ—"ਲਿਆ ਚਾਰ ਕੱਪ। ਪਹਿਲਾਂ ਈ ਬੈਟਰੀ ਡੌਨ ਹੋਈ ਪਈ ਆ।"

ਚਾਰ ਕੱਪ ਲੈ ਕੇ ਉਸਨੇ ਬਾਰਾਂ ਰੁਪਏ ਉਸਦੇ ਹੱਥ 'ਤੇ ਰੱਖ ਦਿੱਤੇ। ਉਸਨੇ ਬਾਰਾਂ ਰੁਪਏ ਵੇਖ ਕੇ ਕਿਹਾ—

"ਪੈਸੇ ਕਮ ਹੈਂ, ਚਾਰ ਰੁਪਏ ਔਰ ਦੋ।"

"ਹੋਰ ਨੀ ਹੈ 'ਗੇ ਪੈਸੇ। ਤਿੰਨ ਰੁਪਏ ਕੱਪ ਥੋੜ੍ਹਾ ਕਿਤੇ?"

"ਹਮ ਫਾਲ਼ਤੂ ਥੋੜੇ ਮਾਂਗ ਰਹੇ ਹੈਂ, ਮਿਹਨਤ ਕੀ ਕਮਾਈ ਹੈ।"

ਤਾਂ ਉਹ ਫੇਰ ਬੋਲਿਆ—

"ਲੈ ਕਮਾਈ ਆ ਮਿਹਨਤ ਦੀ। ਪਾਣੀ-ਧਾਣੀ ਤਾਂ ਪਿਆਈ ਜਾਨੈਂ। ਜੇ ਜੂਠੀ ਨਾ ਕੀਤੀ ਹੁੰਦੀ ਤਾਂ ਆਹ ਤੇਰੀ ਕੇਤਲੀ ਜਿਹੀ 'ਚ ਪਾ ਦੇਣੀ ਸੀ ਮੋੜਕੇ।"

ਚਾਹ ਵਾਲੇ ਨੇ ਸੋਚਿਆ ਕਿ ਇਹਨਾਂ ਦੇ ਮੂੰਹ ਕੀ ਲੱਗਣਾ। ਉਹ ਵਿਚਾਰਾ ਨਿਮੋਝੂਣਾ ਜਿਹਾ ਹੋ ਕੇ ਅੱਗੇ ਲੰਘ ਗਿਆ। ਆਲੇ-ਦੁਆਲੇ ਬੈਠਿਆਂ ਨੂੰ ਗੁੱਸਾ ਤਾਂ ਆਇਆ ਪਰ ਕੋਈ ਬੋਲਿਆ ਨਾ।

ਸ਼ਾਇਦ ਕੋਈ ਸਟੇਸ਼ਨ ਆ ਗਿਆ ਸੀ। ਗੱਡੀ ਰੁਕੀ ਪਰ ਚੱਲਣ 'ਚ ਆਮ ਨਾਲੋਂ ਜ਼ਿਆਦਾ ਦੇਰ ਲਗਾਈ ਤਾਂ ਪਤਾ ਲੱਗਿਆ ਕਿ ਕਿਸੇ ਦੂਜੀ ਗੱਡੀ ਦਾ ਕਰਾਸ ਹੋਣਾ ਹੈ। 10-15 ਮਿੰਟ ਰੁਕੇਗੀ। ਮੈਂ ਵੀ ਪਿੱਠ ਸਿੱਧੀ ਕਰਨ ਲਈ ਹੇਠਾਂ ਉੱਤਰ ਆਇਆ। ਮੌਸਮ ਵਿੱਚ ਠੰਢਕ ਵਧ ਗਈ ਸੀ।

ਮੈਂ ਸੋਚਣ ਲੱਗਿਆ ਕਿ ਰੇਲਵੇ ਦਾ ਸਿਸਟਮ ਕਿੰਨਾ ਸਹਿਜ ਅਤੇ ਸਿਧਾਂਤਕ ਹੈ। ਤਾਹੀਓਂ ਤਾਂ ਇਕੋ ਲਾਈਨ ਤੇ ਕਿੰਨੀ ਰੇਲਵੇ ਟਰੈਫਿਕ ਕੰਟਰੋਲ ਹੋਈ ਜਾਂਦੀ ਹੈ। ਜੇ ਏਹੋ ਸਹਿਜਤਾ ਅਤੇ ਸਿਧਾਂਤਕਵਾਦੀ ਦ੍ਰਿਸ਼ਟੀਕੋਣ ਹਰ ਬੰਦੇ 'ਚ ਆ ਜਾਵੇ ਤਾਂ ਅਜੋਕਾ ਬੇਲੋੜਾ ਤਣਾਅ ਕਾਫ਼ੀ ਹੱਦ ਤੱਕ ਘਟ ਸਕਦਾ ਹੈ।

ਗੱਡੀ ਤੁਰੀ ਤਾਂ ਉਹ ਮੁੰਡੇ ਵੀ ਅੰਦਰ ਚੜ੍ਹ ਆਏ। ਸੀਟਾਂ ਮੱਲ੍ਹ ਕੇ ਬੈਠੇ ਤਾਂ ਇੱਕ ਬੋਲਿਆ—

"ਲਿਆ ਯਾਰ ਕੱਢ ਮੋਬਾਇਲ, ਹੈ 'ਗਾ ਕੋਈ ਜਲਵਾ?"

"ਨਾ ਯਾਰ ਡਲੀਟ ਕਰ 'ਤਾ ਸਭ ਕੁਸ਼।"

"ਫੇਰ ਕੰਧ ਨਾਲ ਮਾਰ ਏਹਨੂੰ। ਸਿਰ 'ਚ ਮਾਰਨਾ ਐਹੋ ਜਿਹਾ ਮਹਿੰਗਾ ਸੈੱਟ।"

"ਕਾਹਨੂੰ ਯਾਰ, ਹੈ ਤਾਂ ਸੀ ਬਥੇਰਾ ਕੁਸ਼। ਇੱਕ ਦਿਨ ਬਾਪੂ ਦਾ ਸੈੱਟ ਖਰਾਬ ਹੋ ਗਿਆ ਉਹਨੇ ਮੇਰੇ ਆਲਾ ਮੰਗ ਲਿਆ ਦੋ ਦਿਨਾਂ ਲਈ। ਮੈਨੂੰ ਡਲੀਟ ਕਰਨਾ ਪੈ ਗਿਆ।"

ਮੈਂ ਸੋਚਣ ਲੱਗਿਆ ਕਿ ਵਿਗਿਆਨ ਵਲੋਂ ਦਿੱਤੀਆਂ ਸਹੂਲਤਾਂ ਨੂੰ ਕਿਸ ਤਰ੍ਹਾਂ ਵਰਤਿਆ ਜਾ ਰਿਹੈ। ਜੇ ਏਹੋ ਕੁਝ ਦਾ ਨਾਂ ਵਿਕਾਸ ਹੈ ਤਾਂ ਏਹਦੇ ਨਾਲੋਂ ਤਾਂ ਪੱਛੜਿਆਪਣ ਚੰਗਾ।

ਦੂਜੇ ਨੇ ਆਪਣਾ ਮੋਬਾਇਲ ਕੱਢਿਆ—

"ਲਓ ਮੈਂ ਵਿਖਾਉਨਾਂ ਥੋਨੂੰ ਜਲਵਾ। ਪਰ ਸਾਲਿਓ ਵਿਖਾਊਂ ਤਾਂ ਜੇ ਅਗਾਂਹ ਕਿਤੇ ਗੱਲ ਨਾ ਕਰੋਂਗੇ, ਥੋਨੂੰ ਨਾਗਣੀ ਦੀ ਸਹੁੰ, ਐਵੇਂ ਮੇਰਾ ਸਿਰ ਨਾ ਮੁੰਨਵਾ ਦਿਓ!"

ਸਾਰੇ ਜਣੇ ਇੱਕ ਖੂੰਜੇ ਜਿਹੇ 'ਚ ਇਕੱਠੇ ਹੋ ਗਏ! ਉਹ ਹੌਲੀ ਦੇਣੇ ਫੁਸਫਸਾਉਂਦਾ ਜਿਹਾ ਬੋਲਿਆ, ਫੇਰ ਵੀ ਨੇੜੇ ਸੁਣਦਾ ਸੀ—

"ਆਪਣੇ ਗੇਲੇ ਕਿਆਂ ਦਾ ਸ਼ਿੰਦਰ ਨੀ? ਉਹਦੀ ਨਾਰ ਨਵੇਲੀ ਦੀ ਮੂਵੀ ਆ। ਇੱਕ ਦਿਨ ਵਿਹੜੇ 'ਚ ਬੈਠੀ ਕੱਪੜੇ ਧੋ ਰਹੀ ਸੀ। ਸ਼ੈਦ 'ਕੱਲੀਓ ਸੀ ਘਰੇ! ਨਾ ਸਿਰ 'ਤੇ ਚੁੰਨੀ ਉਤੋਂ ਖੁੱਲ੍ਹੇ ਗਲ਼ ਦਾ ਸੂਟ। ਮੈਂ ਸਾਹਮਣੇ ਚੁਬਾਰੇ 'ਚ ਸੀ। ਉਹਦਾ ਪੋਜ਼ ਮੇਰੇ ਵੱਲ ਨੂੰ ਸਿੱਧਾ। ਪੈਰਾਂ ਭਾਰ ਬੈਠੀ ਪੂਰੇ ਜਲਵੇ ਵਿਖਾ ਰਹੀ ਸੀ। ਆਪਾਂ ਤਾਕੀ ਥਾਈਂ ਦੀ ਕੈਮਰੇ 'ਚ ਕੈਦ ਕਰ 'ਲੀ।"

ਸਾਰੇ ਝੁੰਡ ਬਣਾਕੇ ਵੇਖਣ ਲੱਗੇ।

ਮੇਰੇ ਸਾਹਮਣੇ ਬੈਠਾ ਬਜ਼ੁਰਗ ਵੀ ਮਾਲਾ ਫੇਰਦਾ ਹੋਇਆ ਵਿੱਚ-ਵਿੱਚ ਉਹਨਾਂ ਵੱਲ ਵੇਖ ਲੈਂਦਾ ਸੀ। ਕਦੇ ਉਹਦੀਆਂ ਉਂਗਲਾਂ ਦੀਆਂ ਹਰਕਤਾਂ ਤੇਜ਼ ਹੋ ਜਾਂਦੀਆਂ ਤੇ ਫੇਰ ਕਦੇ ਉਹ ਹਾਉਕਾ ਭਰ ਕੇ 'ਸਤਿਨਾਮ ਸ੍ਰੀ ਵਾਹਿਗੁਰੂ' ਬੋਲ ਉਠਦਾ। ਫੇਰ ਅੱਖਾਂ ਬੰਦ ਕਰਕੇ ਮੂੰਹ 'ਚ ਜਾਪ ਕਰਨ ਲੱਗ ਪੈਂਦਾ। ਤਸਬੀ ਤੇ ਹਰਕਤ ਉਵੇਂ ਦੀ ਉਵੇਂ ਚੱਲਦੀ ਰਹਿੰਦੀ।

ਹੁਣ ਜਦੋਂ ਉਸ ਨੇ ਮੁੰਡਿਆਂ ਵੱਲ ਵੇਖਿਆ ਤਾਂ ਮੈਂ ਹੌਲ਼ੀ ਜਿਹੇ ਪੁੱਛ ਬੈਠਿਆ—

"ਕੀ ਵੇਖ ਰਹੇ ਓ ਬਜ਼ੁਰਗੋ? ਇਹ ਅੱਜ ਦੀ ਪੀੜ੍ਹੀ ਐ।"

"ਪੁੱਤਰਾ ਉਹ ਤਾਂ ਠੀਕ ਆ, ਪਰ ਐਨੀ ਬੇਲਗਾਮ ਵੀ ਨੀ ਹੋਣੀ ਚਾਹੀਦੀ। ਐਨੀ ਬੇਪਰਵਾਹੀ ਮਾੜੀ ਹੋ ਨਿਬੜਦੀ ਐ ਅੰਤ ਨੂੰ।"

"ਜੁਆਨੀ ਦੀ ਉਮਰ ਐ ਬਾਬਾ ਜੀ, ਅੱਥਰਾਪਣ ਤਾਂ ਹੁੰਦਾ ਈ ਹੈ।" ਮੈਂ ਕਿਹਾ; ਤਾਂ ਉਹ ਬੋਲਿਆ—

"ਪੁੱਤਰਾ ਜੁਆਨੀ ਸਾਡੇ 'ਤੇ ਵੀ ਆਈ ਸੀ, ਪਰ ਜੱਗ-ਜਹਾਨ ਤੋਂ ਐਨੇ ਬੇਪਰਵਾਹ ਨੀ ਸੀ ਹੋਏ ਕਦੇ।"

"ਸਾਰਾ ਕਸੂਰ ਇਹਨਾਂ ਦਾ ਵੀ ਨੀ ਬਾਬਾ ਜੀ। ਸਮਾਂ ਈ ਖਰਾਬ ਆ ਰਿਹੈ। ਮਾਪੇ ਤੇ ਔਲਾਦ ਦੋਵੇਂ ਆਪਣੇ ਫਰਜ਼ ਭੁਲਦੇ ਜਾ ਰਹੇ ਨੇ। ਪੈਸੇ ਦੀ ਪ੍ਰਧਾਨਤਾ 'ਚ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹੈ।"

ਉਹ ਬਜ਼ੁਰਗ ਪੂਰੀ ਤਰ੍ਹਾਂ ਸਫੈਦ ਹੋ ਚੁੱਕੀ ਪਰ ਇਸ ਸਫੈਦੀ 'ਚ ਕਈ ਕੌੜੇ-ਮਿੱਠੇ ਤਜ਼ੁਰਬੇ ਲੁਕਾਈ, ਦਾੜ੍ਹੀ ਤੇ ਹੱਥ ਫੇਰਦਾ ਬੋਲਿਆ—

"ਹਾਂ ਇਹ ਵੀ ਠੀਕ ਹੈ, ਤਾਣੀ ਉਲਝਦੀ ਹੀ ਜਾ ਰਹੀ ਐ। ਪਰ ਕਿਸੇ ਨੂੰ ਤਾਂ ਪਹਿਲ ਕਰਨੀ ਪਊ ਸੁਲਝਾਉਣ ਦੀ। ਨਹੀਂ ਤਾਂ ਸਾਰਾ ਕੁਝ ਗੁਆ ਕੇ ਜੇ ਹੋਸ਼ ਆਈ ਤਾਂ ਕੀ ਆਈ।"

ਡੱਬੇ 'ਚ ਅਚਾਨਕ ਰੌਲਾ ਜਿਹਾ ਪੈ ਗਿਆ। ਪਤਾ ਲੱਗਿਆ ਕਿ ਨਾਲ ਦੇ ਡੱਬੇ 'ਚ ਤਿੰਨ ਚਾਰ ਜੇਬ-ਕਤਰੇ ਚੜ੍ਹ ਗਏ ਸਨ। ਸਵਾਰੀਆਂ ਬਣਕੇ ਇੱਕ ਪਰਿਵਾਰ ਕੋਲ਼ ਦੋ ਬੈਠ ਗਏ, ਦੋ ਖੜ੍ਹੇ ਰਹੇ। ਬੈਠਿਆਂ ਨੇ ਪਰਿਵਾਰ ਨੂੰ ਗੱਲਾਂ 'ਚ ਲਾ ਲਿਆ, ਖੜ੍ਹਿਆਂ ਨੇ ਫੱਟੇ 'ਤੇ ਪਏ ਸਮਾਨ 'ਚੋਂ ਪਰਸ ਕੱਢ ਲਿਆ, ਪੈਸੇ ਤੇ ਗਹਿਣੇ ਉਸਦੇ ਵਿੱਚ ਸਨ। ਉਹ ਤਾਂ ਕੁਦਰਤੀ ਇੱਕ ਫੌਜੀ ਜੋ ਨਾਲ ਦੇ ਕੈਬਿਨ 'ਚ ਉੱਪਰ ਰੈਕ 'ਤੇ ਪਿਆ ਸੀ, ਨੇ ਜਾਲੀ ਵਿੱਚੋਂ ਦੀ ਵੇਖ ਲਿਆ। ਉਸਨੇ ਉੱਤਰ ਕੇ ਦੋਵਾਂ ਨੂੰ ਗਲ਼ੇ ਤੋਂ ਫੜ ਲਿਆ ਤੇ ਰੌਲਾ ਪਾ ਦਿੱਤਾ। ਐਨੇ 'ਚ ਨਾਲ਼ ਦੇ ਦੋ ਅੱਖ ਬਚਾ ਕੇ ਚਲਦੀ ਗੱਡੀ 'ਚੋਂ ਈ ਨਾਲ਼ ਦੇ ਡੱਬਿਆਂ 'ਚ ਖਿਸਕ ਗਏ। ਜਿਹੜੇ ਹੱਥ ਆਏ

ਉਹਨਾਂ ਦੀ ਲੋਕਾਂ ਨੇ ਪਹਿਲਾਂ ਆਪ ਛਿੱਤਰ ਪਰੇਡ ਕੀਤੀ ਮਗਰੋਂ ਟੀ. ਟੀ. ਰਾਹੀਂ ਪੁਲਸ ਨੂੰ ਖਬਰ ਕਰ ਦਿੱਤੀ। ਸਾਹਮਣੇ ਬੈਠਾ ਬਜ਼ੁਰਗ ਫੇਰ ਕਹਿਣ ਲੱਗਿਆ—

"ਪੁੱਤ, ਸਮਾਂ ਮਾੜਾ ਆ ਰਿਹੈ ਬਹੁਤ। ਅਸੀਂ ਪਰਲੋ ਆਉਂਦੀ ਦੀ ਬਿੜਕ ਤਾਂ ਸੁਣ ਰਹੇ ਹਾਂ ਪਰ ਅਜੇ ਚੇਤੰਨ ਨਹੀਂ ਹੋ ਰਹੇ। ਕਬੂਤਰ ਵਾਂਗੂ ਅੱਖਾਂ ਮੀਚੀ ਬੈਠੇ ਹਾਂ। ਨਿੱਕੇ-ਨਿੱਕੇ ਜੁਆਕ ਕੰਮ-ਧੰਦਾ ਕੋਈ ਕਰਦੇ ਨੀ ਨਸ਼ਿਆਂ ਤੇ ਲੱਗ ਗਏ ਨੇ। ਮਹਿੰਗੇ ਨਸ਼ਿਆਂ ਲਈ ਪੈਸਾ ਤਾਂ ਕਿਤੋਂ ਚਾਹੀਦਾ ਹੀ ਐ। ਬੱਸ ਏਹੋ ਜਿਹੇ ਰਾਹ ਲੱਭ ਲੈਂਦੇ ਨੇ ਜਿੱਥੋਂ ਪੈਸਾ ਦੋਵੇਂ ਹੱਥ ਆ ਜਾਵੇ।"

"ਬਿਲਕੁਲ ਠੀਕ ਐ ਬਾਬਾ ਜੀ। ਇਹਨਾਂ ਨੂੰ ਇਹ ਨੀ ਪਤਾ ਲੱਗਦਾ ਕਿ ਨਸ਼ਿਆਂ 'ਚੋਂ ਜ਼ਿੰਦਗੀ ਲੱਭਦੇ-ਲੱਭਦੇ ਇਹ ਮੌਤ ਦੇ ਕਿੰਨਾ ਨੇੜੇ ਪਹੁੰਚ ਜਾਂਦੇ ਨੇ।"

"ਹੇ ਸੱਚੇ ਪਾਤਸ਼ਾਹ ਇਹਨਾਂ ਨੂੰ ਸੁਮੱਤ ਬਖਸ਼।" ਹਾਉਕਾ ਜਿਹਾ ਭਰਕੇ ਬਜ਼ੁਰਗ ਫੇਰ ਮਾਲਾ ਫੇਰਨ ਲੱਗ ਪਿਆ।

ਮੈਨੂੰ ਉਸ ਬਜ਼ੁਰਗ ਦੀਆਂ ਗੱਲਾਂ 'ਚ ਸੱਚਾਈ ਜਾਪੀ। ਸਚਮੁਚ ਪੈਸੇ ਦੀ ਪ੍ਰਧਾਨਤਾ ਹੋ ਗਈ ਹੈ। ਮਸ਼ੀਨੀਕਰਣ ਨੇ ਬੇਰੁਜ਼ਗਾਰੀ ਵਧਾ ਦਿੱਤੀ ਹੈ। ਉੱਪਰੋਂ ਭ੍ਰਿਸ਼ਟਾਚਾਰੀ ਤੇ ਰਿਸ਼ਵਤਖੋਰੀ ਨੇ ਪੜ੍ਹਾਈ ਤੇ ਹੁਨਰ ਦੀ ਕੀਮਤ ਗੁਆ ਦਿੱਤੀ ਹੈ। ਪਦਾਰਥਕ ਚਮਕ-ਦਮਕ ਦੇ ਮਾਇਆ ਜਾਲ ਨੇ ਦੁਨੀਆ ਅੰਨ੍ਹੀ ਕਰ ਦਿੱਤੀ ਹੈ। ਆਮਦਨ ਉਨੀ ਪੱਲੇ ਹੁੰਦੀ ਨੀ ਜਿੰਨੇ ਖਰਚੇ ਵਧਾ ਰੱਖੇ ਹਨ। ਐਹੋ-ਜਿਹੇ ਮਾਹੌਲ ਵਿੱਚ ਹੀ ਔਲਾਦ ਪਲ਼ਦੀ ਹੈ। ਸੱਚਮੁਚ ਤਾਣੀ ਉਲਝ ਗਈ ਹੈ......।

ਐਨੇ ਨੂੰ ਢੋਲਕੀ 'ਤੇ ਪਈ ਥਾਪ ਨੇ ਮੇਰੀਆਂ ਸੋਚਾਂ ਦੀ ਲੜੀ ਫੇਰ ਤੋੜ ਦਿੱਤੀ। ਉਧਰ ਧਿਆਨ ਗਿਆ।—ਇਕ ਔਰਤ ਸਾੜ੍ਹੀ ਪਾਈ ਗਲ਼ 'ਚ ਛੋਟੀ ਜਿਹੀ ਢੋਲਕੀ ਲਟਕਾਈ ਡੱਬੇ 'ਚ ਦਾਖਲ ਹੋਈ। ਉਸਨੇ ਗੋਦੀ ਵਿੱਚ ਛੇ ਕੁ ਮਹੀਨੇ ਦਾ ਬੱਚਾ ਚੁੱਕਿਆ ਹੋਇਆ ਸੀ ਤੇ ਇੱਕ ਹੋਰ ਬੱਚਾ ਜੋ ਮਸਾਂ ਤਿੰਨ-ਚਾਰ ਕੁ ਸਾਲ ਦਾ ਹੋਵੇਗਾ ਉਸਦੀ ਉਂਗਲ ਫੜੀ ਨਾਲ ਆ ਰਿਹਾ ਸੀ। ਪਹਿਰਾਵੇ ਤੋਂ ਉਹ ਔਰਤ ਕੋਈ ਪੂਰਵਣ ਜਿਹੀ ਲਗਦੀ ਸੀ। ਕੱਪੜੇ ਕੁਝ ਮੈਲ਼ੇ ਜਿਹੇ, ਬਹੁਤਾ ਮੇਕਅਪ ਨਹੀਂ। ਬੱਸ ਸਿਰ 'ਚ ਲੰਬਾ ਜਿਹਾ ਸਿੰਧੂਰ, ਰੰਗ ਭਾਵੇਂ ਥੋੜਾ ਸਾਂਵਲਾ ਜਿਹਾ ਪਰ ਨੈਣ-ਨਕਸ਼ਾਂ ਤੋਂ ਉਹ ਸੋਹਣੀ ਲਗਦੀ ਸੀ। ਮੋਟੀਆਂ ਪਰ ਗਹਿਰੀਆਂ ਅੱਖਾਂ, ਤਿੱਖਾ ਨੱਕ, ਗੱਲ੍ਹਾਂ ਦੀ ਬਣਤਰ ਅਜਿਹੀ ਕਿ ਭਾਵੇਂ ਉਹ ਹੱਸੀ ਤਾਂ ਨਹੀਂ ਪਰ ਜੇ ਹੱਸਦੀ ਤਾਂ ਟੋਏ ਜ਼ਰੂਰ ਪੈਂਦੇ ਹੋਣਗੇ। ਠੋਡੀ ਤੇ ਕਾਲ਼ਾ ਤਿਲ ਜਿਵੇਂ ਨਜ਼ਰ ਲੱਗਣ ਤੋਂ ਕੁਦਰਤ ਨੇ ਪਹਿਲਾਂ ਹੀ ਲਗਾ ਦਿੱਤਾ ਹੋਵੇ!

ਉਹਨੂੰ ਵੇਖਕੇ ਮੈਂ ਸੋਚਿਆ ਕਿ ਰੱਬ ਵੀ ਕਦੇ-ਕਦੇ ਕਿਵੇਂ ਬੇਇਨਸਾਫ਼ੀ ਕਰ ਜਾਂਦੈ। ਐਡਾ ਸੋਹਣਾ ਰੂਪ ਦੇ ਕੇ ਧਨ ਦੌਲਤ ਦੇਣ ਲੱਗਿਆਂ ਪਤਾ ਨੀ ਮਾੜੀ ਨੀਤ ਕਿਉਂ ਵਿਖਾ ਗਿਆ। ਜੇ ਏਹੋ ਕਿਸੇ ਅਮੀਰ ਘਰੇ ਜੰਮੀ ਹੁੰਦੀ ਤਾਂ ਮਾਡਲ ਜਾਂ ਐਕਟ੍ਰੈਸ ਬਣਨ ਦੀ ਯੋਗਤਾ ਰਖਦੀ ਹੁੰਦੀ। ਪਰ ਅਫਸੋਸ ਗਰੀਬੀ ਦੀ ਗਰਦ ਨੇ ਇਸਦੇ ਚਿਹਰੇ ਦੀ ਸੱਚੀ-ਸੁੱਚੀ ਸੁੰਦਰਤਾ ਢੱਕ ਲਈ ਹੈ।

ਉਹਦੇ ਨਾਲ ਉਂਗਲ ਫੜੀ ਛੋਟਾ ਬੱਚਾ ਬਿਲਕੁਲ ਉਸੇ ਦੀ ਸੂਰਤ ਲੱਗ ਰਿਹਾ ਸੀ। ਉਹੀ ਗੋਲ-ਮਟੋਲ ਤੇ ਮਾਸੂਮ ਜਿਹਾ ਚਿਹਰਾ। ਗੱਲ੍ਹਾਂ ਤੇ ਗੁਲਾਲੀ ਲਾ ਕੇ ਉਹਦੇ ਮੂੰਹ ਤੇ ਕਾਲ਼ੇ ਰੰਗ ਨਾਲ਼ ਵੱਡੀਆਂ-ਵੱਡੀਆਂ ਮੁੱਛਾਂ ਬਣਾਈਆਂ ਹੋਈਆਂ ਸਨ। ਸਿਰ ਤੇ ਲਈ ਟੋਪੀ ਉੱਪਰ ਧਾਗੇ ਨਾਲ਼ ਕੱਪੜੇ 'ਚ ਕੋਈ ਰੋੜੀ ਵਰਗੀ ਚੀਜ਼ ਲਪੇਟ ਕੇ ਪੋਟਲੀ ਜਿਹੀ ਬਣੀ ਲਟਕ ਰਹੀ ਸੀ।

ਮੈਂ ਅਜੇ ਉਸ ਬੱਚੇ ਦੀ ਮਾਸੂਮੀਅਤ ਵਿੱਚ ਹੀ ਗੁਆਚਿਆ ਸੀ ਕਿ ਉਸ ਔਰਤ ਦੀ ਮਿੱਠੀ ਜਿਹੀ ਅਵਾਜ਼ ਗੂੰਜੀ—

"ਮਿਹਰਬਾਨੋ! ਕਦਰਦਾਨੋਂ!

"ਐ ਬਾਬੂ ਜੀ! ਐ ਸਰਦਾਰ ਜੀ!

"ਬੀਬੀ ਜੀ! ਬਹਿਨ ਜੀ! ਅਪਨੇ ਕੀਮਤੀ ਸਮੇਂ ਮੇਂ ਸੇ ਕੁਛ ਪਲ ਹਮ ਗਰੀਬੋਂ ਕੇ ਨਾਮ ਭੀ ਕਰੋ। ਪਾਪੀ ਪੇਟ ਕੀ ਖਾਤਿਰ ਛੋਟੇ-ਛੋਟੇ ਬੱਚੋਂ ਸਮੇਤ ਭਟਕ ਰਹੀ ਹੂੰ। ਫਿਰ ਭੀ ਭੀਖ ਨਹੀਂ ਮਾਂਗਤੇ, ਮਿਹਨਤ ਕਰਕੇ ਖਾਨਾ ਚਾਹਤੇ ਹੈਂ। ਮੇਰਾ ਯੇ ਬੱਚਾ ਜਿਸਕੀ ਖ਼ੁਦ ਅਭੀ ਖੇਲਨੇ ਕੀ ਉਮਰ ਹੈ, ਇਸਕੀ ਭੀ ਕੁਛ ਚਾਹਤੇਂ ਹੈਂ, ਸਪਨੇ ਹੈਂ, ਲੇਕਿਨ ਸਭ ਗਰੀਬੀ ਕੇ ਬੋਝ ਤਲੇ ਦਬਾ ਹੁਆ ਹੈ ਅਭੀ। ਫਿਰ ਭੀ ਉਮੀਦ ਕਾ ਦਾਮਨ ਨਹੀਂ ਛੋੜਾ ਹੈ ਕਿਉਂਕਿ—

'ਜਬ ਤੱਕ ਸਾਂਸ ਹੈ ਤਬ ਤੱਕ ਆਸ ਹੈ, ਕਭੀ ਤੋ ਦਿਨ ਫਿਰੇਂਗੇ ਇਨਕੀ ਔਰ ਮੇਰੀ ਚਾਹਤੇਂ ਪੂਰੀ ਹੋਂਗੀ.....।" ਫਿਰ ਉਸਨੇ ਢੋਲਕੀ 'ਤੇ ਥਾਪ ਦਿੱਤੀ ਤਾਂ ਉਹ ਬੱਚਾ ਉਸਦੀ ਉਂਗਲ ਛੱਡ ਕੇ ਸਾਡੇ ਸਾਮ੍ਹਣੇ ਆ ਖੜ੍ਹਾ ਹੋਇਆ। ਉਹ ਫੇਰ ਬੋਲੀ—

"ਏ ਜਮੂਰੇ!"

"ਹਾਂ ਉਸਤਾਦ!" ਬੱਚਾ ਬੋਲਿਆ।

"ਤਿਆਰ ਹੋ?"

"ਹਾਂ ਉਸਤਾਦ!"

"ਐ ਮਿਹਰਬਾਨੋਂ! ਅਬ ਆਪਕੇ ਸਾਮਨੇ ਯੇ ਬੱਚਾ ਅਪਨੀ ਉਮਰ ਸੇ ਬੜੇ ਕਾਰਨਾਮੇਂ ਕਰੇਗਾ।" ਕਹਿਕੇ ਉਸਨੇ ਢੋਲਕੀ ਵਜਾਉਣੀ ਸ਼ੁਰੂ ਕੀਤੀ ਤੇ ਉਸ ਬੱਚੇ ਨੇ ਟੋਪੀ ਨਾਲ ਧਾਗੇ ਤੇ ਲਟਕਦੀ ਪੋਟਲੀ ਨੂੰ ਫੜਕੇ ਇੱਕ ਵਾਰ ਘੁਮਾਇਆ ਫਿਰ ਆਪਣੇ ਸਿਰ ਨੂੰ ਇਸ ਤਰ੍ਹਾਂ ਹਿਲਾਉਣ ਲੱਗਿਆ ਕਿ ਉਹ ਪੋਟਲੀ ਆਪਣੇ-ਆਪ ਹੈਲੀਕਾਪਟਰ ਦੇ ਪੱਖੇ ਵਾਂਗ ਘੁੰਮਣ ਲੱਗ ਪਈ। ਫਿਰ ਉਸਨੇ ਆਪਣੇ ਲੱਕ ਤੇ ਹੱਥ ਰੱਖ ਲਏ। ਪੋਟਲੀ ਘੁੰਮਦੀ ਰਹੀ, ਢੋਲਕੀ ਵਜਦੀ ਰਹੀ ਤੇ ਉਹ ਨੱਚਣ ਲੱਗ ਪਿਆ, ਕਮਾਲ ਦਾ ਸੰਤੁਲਨ ਸੀ।

ਮੈਨੂੰ ਇਹ ਬੱਚਾ ਆਪਣੀ ਉਮਰ ਤੋਂ ਕਈ ਗੁਣਾ ਵੱਡਾ ਲੱਗਿਆ। ਕਿਵੇਂ ਉਸ ਮਾਸੂਮ ਨੂੰ ਜ਼ਿੰਦਗੀ ਦਾ ਕੌੜਾ ਸੱਚ ਐਨੀ ਕੁ ਉਮਰ 'ਚ ਹੀ ਸਮਝ ਆ ਗਿਆ ਸੀ ਤੇ ਉਸਨੇ ਇਸ ਤਲਖ਼ ਸੱਚਾਈ ਦਾ ਸਾਹਮਣਾ ਕਰਨ ਲਈ ਹੁਣ ਤੋਂ ਹੀ ਆਪਣੇ ਆਪ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪਣੀ ਮਾਂ ਦੀ ਜਿੰਨੀ ਜ਼ਿੰਮੇਵਾਰੀ ਦਾ ਬੋਝ ਉਹ ਵੰਡਾ ਰਿਹਾ ਸੀ ਸ਼ਾਇਦ ਇਸਦਾ ਬਾਪ ਵੀ ਨਾ ਕਰਦਾ ਹੋਵੇ।

“ਵਾਹ ਬਈ, ਬੜੀ ਚੀਜ਼ ਐ ਇਹ ਤਾਂ।”

ਮੇਰਾ ਧਿਆਨ ਉਸ ਬੱਚੇ ਵੱਲੋਂ ਹਟ ਕੇ ਇਹਨਾਂ ਬੋਲਾਂ ਵੱਲ ਗਿਆ। ਉਹੋ ਮੁੰਡੇ ਸਨ, ਪਰ ਉਹ ਇਹ ਬੋਲ ਉਸ ਬੱਚੇ ਲਈ ਨਹੀਂ ਸਗੋਂ ਔਰਤ ਵੱਲ ਵੇਖ ਕੇ ਬੋਲ ਰਹੇ ਸਨ।

ਮੈਂ ਉਸ ਔਰਤ ਵੱਲ ਵੇਖਿਆ, ਉਹ ਸਾਮ੍ਹਣੇ ਬੈਠੀ ਢੋਲਕੀ ਵਜਾ ਰਹੀ ਸੀ। ਉਸਦੀ ਗੋਦੀ ’ਚ ਪਿਆ ਛੋਟਾ ਬੱਚਾ ਵਾਰ-ਵਾਰ ਆਪਣੇ ਹੱਥ-ਪੈਰ ਮਾਰ ਰਿਹਾ ਸੀ ਜਿਸ ਨਾਲ ਉਸਦੀ ਸਾੜ੍ਹੀ ਦਾ ਪੱਲਾ ਬਲਾਊਜ਼ ਤੋਂ ਖਿਸਕ ਜਾਂਦਾ। ਤੇ ਉਹ ਬਲਾਊਜ਼ ਘਸ-ਘਸ ਕੇ ਅਰਧ-ਪਾਰਦਰਸ਼ੀ ਹੋਇਆ ਪਿਆ ਸੀ। ਉਹਨਾਂ ਮੁੰਡਿਆਂ ਦੀ ਨਜ਼ਰ ਵਾਰ-ਵਾਰ ਬਲਾਊਜ਼ ਵੱਲ ਹੀ ਜਾਂਦੀ ਸੀ।

ਐਨੇ ਨੂੰ ਔਰਤ ਦੇ ਬੋਲ ਫੇਰ ਗੂੰਜੇ—

“ਏ ਜਮੂਰੇ ! ਲੇ ਯੇ ਕੜਾ, ਦਿਖਾ ਕਾਰਨਾਮਾ।”

ਬੱਚੇ ਨੇ ਕੜਾ ਲਿਆ ਜਿਸ ਵਿੱਚੋਂ ਉਹ ਇਕਹਿਰਾ ਮਸਾਂ ਨਿੱਕਲ ਸਕਦਾ ਸੀ, ਪਰ ਵੇਖਦੇ-ਵੇਖਦੇ ਉਹ ਦੂਹਰਾ ਹੋ ਕੇ ਉਸ ਵਿਚੋਂ ਨਿੱਕਲ ਗਿਆ। ਮੇਰੀਆਂ ਅੱਖਾਂ ਅੱਡੀਆਂ ਰਹਿ ਗਈਆਂ।

ਮੈਂ ਸੋਚਣ ਲੱਗਿਆ ਕਿ ਏਹੋ ਜਿਹਿਆਂ ਲਈ ਗਰੀਬੀ ਵੀ ਕੋਲੇ ਦੀ ਅਜਿਹੀ ਖਾਣ ਹੋ ਨਿਬੜਦੀ ਹੈ ਜਿਸ ਵਿੱਚੋਂ ਇਹ ਹੀਰੇ ਬਣਕੇ ਨਿੱਕਲਦੇ ਨੇ। ਏਸੇ ਤਰ੍ਹਾਂ ਇਸਦੀ ਇਹ ਕਲਾ ਨਿੱਖਰ ਜਾਵੇਗੀ। ਪਰ ਇੱਕ ਅਫਸੋਸ ਇਹ ਵੀ ਹੁੰਦਾ ਹੈ ਕਿ ਇਸਦੇ ਮੁਢਲੇ ਹੱਕ ਜੋ ਵਿਦਿਆ ਪ੍ਰਾਪਤੀ ਦਾ ਹੱਕ ਹੈ ਉਸਦਾ ਕੀ ਬਣੂ। ਇਹ ਲੋਕਾਂ ਨੂੰ ਤਮਾਸ਼ਾ ਵਿਖਾਉਂਦਾ ਹੋਇਆ ਜ਼ਿੰਦਗੀ ਦੇ ਹੱਥ ਕਿਤੇ ਆਪ ਤਮਾਸ਼ਾ ਬਣਕੇ ਨਾ ਰਹਿ ਜਾਵੇ। ਜ਼ਿੰਦਗੀ ਵੀ ਕੀ-ਕੀ ਤਮਾਸ਼ੇ ਵਿਖਾ ਦਿੰਦੀ ਹੈ।

“ਔਹ ਵੇਖ ਓ ਜਲਵਾ।” ਇਸ ਕਾਨਾਫੂਸੀ ਨੇ ਫੇਰ ਮੇਰਾ ਧਿਆਨ ਉਹਨਾਂ ਮੁੰਡਿਆਂ ਵੱਲ ਫੇਰ ਦਿੱਤਾ, ਕਿ ਉਹ ਕਿਸ ‘ਜਲਵੇ’ ਦੀ ਗੱਲ ਕਰ ਰਹੇ ਸਨ।

ਉਹ ਔਰਤ ਗੋਦੀ ਵਿੱਚ ਪਏ ਬੱਚੇ ਨੂੰ ਦੁੱਧ ਚੁੰਘਾ ਰਹੀ ਸੀ। ਉਹ ਪੱਲੇ ਨਾਲ ਬਲਾਊਜ਼ ਨੂੰ ਛੁਪਾਉਂਦੀ ਪਰ ਬੱਚਾ ਹੱਥ-ਪੈਰ ਮਾਰਕੇ ਫੇਰ ਪੱਲਾ ਸਰਕਾ ਦਿੰਦਾ। ਵਾਰ-ਵਾਰ ਠੀਕ ਕਰਨ ਦੇ ਚੱਕਰ ’ਚ ਉਹਦੀ ਢੋਲਕੀ ਦੀ ਲੈਅ ਟੁਟਦੀ ਸੀ। ਇਸ ਲਈ ਖੇਲ ਵਿੱਚ ਵਿਘਨ ਪੈਣ ਦੇ ਡਰੋਂ ਪੱਲਾ ਠੀਕ ਨਾ ਕਰਨਾ ਹੀ ਉਚਿਤ ਸਮਝ ਲਿਆ।

ਇੱਕ ਮਾਂ ਦਾ ਆਪਣੀ ਔਲਾਦ ਨੂੰ ਦੁੱਧ ਪਿਆਉਣ ਦਾ ਪਵਿੱਤਰ ਕਾਰਜ ਉਹਨਾਂ ਨੂੰ ‘ਜਲਵਾ’ ਵਿਖਾਈ ਦੇ ਰਿਹਾ ਸੀ।

ਉਹ ਔਰਤ ਵੀ ਮੁੰਡਿਆਂ ਦੀ ਨਜ਼ਰ ਭਾਂਪ ਗਈ ਸੀ, ਪਰ ਉਹ ਮਜਬੂਰ ਸੀ। ਪਤਾ ਨਹੀਂ ਗਰੀਬੀ ਇਸ ਤਰ੍ਹਾਂ ਦੀਆਂ ਕਿੰਨੀਆਂ ਮਜਬੂਰੀਆਂ ਨੂੰ ਜਨਮ ਦੇ ਦਿੰਦੀ ਹੈ ਅਤੇ ਇਹਨਾਂ ਮਜਬੂਰੀਆਂ ਹੱਥੋਂ ਮਜਬੂਰ ਹੋਇਆ ਇਨਸਾਨ ਕੀ-ਕੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਢੋਲਕੀ ਦੀ ਥਾਪ ਚੱਲ ਰਹੀ ਸੀ ਉਸੇ ਲੈਅ ਵਿੱਚ ਬੱਚੇ ਦਾ ਨਾਚ ਵੀ।

ਇਸ ਤੋਂ ਬਾਅਦ ਔਰਤ ਨੇ ਫਿਊਜ਼ ਹੋਈ ਟਿਊਬ ਰਾਡ ਬੱਚੇ ਨੂੰ ਦਿੱਤੀ। ਉਸਨੇ ਮਾਂ ਦੇ ਪੈਰੀਂ ਹੱਥ ਲਾਏ, ਫੇਰ ਗੱਡੀ ਦੇ ਫਰਸ਼ ਨੂੰ ਹੀ ਧਰਤੀ ਮਾਂ ਜਾਣਕੇ ਨਮਸਕਾਰ ਕੀਤੀ ਤੇ ਰਾਡ ਦੋਵੇਂ ਹੱਥਾਂ 'ਚ ਲੈ ਕੇ ਸਾਡੇ ਸਾਹਮਣੇ ਆ ਖੜ੍ਹਾ ਹੋਇਆ। ਢੋਲਕੀ ਦੀ ਥਾਪ ਤੇਜ਼ ਹੋਈ ਤਾਂ ਬੱਚੇ ਨੇ ਇੱਕ ਝਟਕੇ ਨਾਲ ਉਹ ਰਾਡ ਆਪਣੇ ਸਿਰ 'ਚ ਮਾਰੀ। ਧਮਾਕਾ ਹੋਇਆ ਤੇ ਰਾਡ ਦੇ ਚੀਥੜੇ ਉਡ ਗਏ।

ਹਰ ਕੋਈ ਇਸ ਕਾਰਨਾਮੇ ਨੂੰ ਵੇਖਕੇ ਦੰਗ ਰਹਿ ਗਿਆ। ਪਤਾ ਨੀ ਕਿਹੜੇ ਵੇਗ ਮੈਂ ਤਾੜੀ ਵਜਾਉਣੀ ਸ਼ੁਰੂ ਕੀਤੀ ਤਾਂ ਪੂਰੇ ਡੱਬੇ ਵਿੱਚ ਤਾੜੀਆਂ ਗੂੰਜ ਉੱਠੀਆਂ।

ਇਸ ਤੋਂ ਬਾਅਦ ਉਸ ਔਰਤ ਨੇ ਹੱਥ ਵਿੱਚ ਇੱਕ ਕਟੋਰਾ ਲਿਆ ਤੇ ਉਸ ਬੱਚੇ ਨੇ ਟੋਪੀ ਨੂੰ ਹੀ ਆਪਣਾ ਕਟੋਰਾ ਬਣਾ ਲਿਆ। ਦੋਵੇਂ ਵਾਰੋ-ਵਾਰੀ ਸਵਾਰੀਆਂ ਕੋਲ਼ ਜਾਣ ਲੱਗੇ।

ਬੱਚਾ ਮੇਰੇ ਕੋਲ ਆਇਆ ਤਾਂ ਮੈਂ ਦਸ ਰੁਪਏ ਦਾ ਨੋਟ ਉਸਦੀ ਟੋਪੀ ਵਿੱਚ ਰੱਖ ਦਿੱਤਾ। ਉਸਨੇ ਇੱਕਵਾਰ ਨੋਟ ਵੱਲ ਤੇ ਫੇਰ ਮੇਰੇ ਵੱਲ ਵੇਖਿਆ। ਮੈਂ ਪਿਆਰ ਨਾਲ ਉਹਦੀ ਗੱਲ੍ਹ ਪਲੋਸੀ ਉਸਦਾ ਚਿਹਰਾ ਖਿੜ ਗਿਆ।

ਏਨੇ ਨੂੰ ਉਹ ਔਰਤ ਕਟੋਰਾ ਲੈ ਕੇ ਉਹਨਾਂ ਮੁੰਡਿਆਂ ਕੋਲ ਆ ਗਈ। ਉਹ ਉਸਨੂੰ ਇਉਂ ਵੇਖਣ ਲੱਗੇ ਜਿਵੇਂ ਖਾ ਜਾਣਾ ਚਾਹੁੰਦੇ ਹੋਣ। ਕੁਝ ਦੇਰ ਉਹ ਰੁਕੀ ਜਦੋਂ ਕੁਝ ਨਾ ਮਿਲਿਆ ਤਾਂ ਮੁੜਨ ਲੱਗੀ। ਇੱਕ ਜਣਾ ਬੋਲ ਪਿਆ—

"ਪੈਸੇ ਤਾਂ ਲੈ ਜਾ ਹੁਣ।"

ਕਹਿਕੇ ਉਸਨੇ ਪੰਜ ਦਾ ਨੋਟ ਕੱਢਿਆ। ਉਹ ਨੋਟ ਤਾਂ ਉਸਦੇ ਕਟੋਰੇ ਵਿੱਚ ਰੱਖ ਰਿਹਾ ਸੀ ਪਰ ਨਿਗ੍ਹਾ ਉਸਦੀ ਅਜੇ ਵੀ ਉਸਦੇ ਅਰਧ-ਪਾਰਦਰਸ਼ੀ ਬਲਾਊਜ਼ ਵੱਲ ਹੀ ਸੀ, ਜਿਸਨੂੰ ਗੋਦੀ 'ਚ ਚੁੱਕਿਆ ਬੱਚਾ ਅਜੇ ਵੀ ਛੇੜ ਰਿਹਾ ਸੀ ਤੇ ਉਹ ਸ਼ਾਇਦ ਇਹੀ ਉਡੀਕ ਰਹੇ ਸਨ ਕਿ ਕਦੋਂ ਬੱਚਾ ਫੇਰ ਸਾੜ੍ਹੀ ਦਾ ਪੱਲਾ ਪਰ੍ਹੇ ਕਰੇ।

ਇਹ ਵੇਖ ਕੇ ਉਸ ਔਰਤ ਦੇ ਸਬਰ ਦਾ ਬੰਨ੍ਹ ਜਿਵੇਂ ਟੁੱਟ ਗਿਆ। ਉਸਦਾ ਚਿਹਰਾ ਤਣ ਗਿਆ, ਬੁੱਲ੍ਹ ਭਰੀਚੇ ਗਏ, ਕਟੋਰੇ ਵਿੱਚ ਪਿਆ ਪੰਜਾਂ ਦਾ ਨੋਟ ਕੱਢ ਕੇ ਉਹਨਾਂ ਵੱਲ ਵਗਾਹ ਮਾਰਿਆ ਅਤੇ ਅੱਗੇ ਵਧ ਗਈ।

ਉਸਦੀ ਇਸ ਹਰਕਤ ਦੀ ਜਿਵੇਂ ਮੁੰਡਿਆਂ ਨੂੰ ਕੋਈ ਉਮੀਦ ਈ ਨਹੀਂ ਸੀ। ਉਹ ਹੱਕੇ-ਬੱਕੇ ਰਹਿ ਗਏ। ਸਾਹ ਜਿਵੇਂ ਗਲ਼ਾਂ 'ਚ ਈ ਸੂਤੇ ਰਹਿ ਗਏ। ਉਹਨਾਂ ਨੇ ਆਪਣੇ ਆਲੇ-ਦੁਆਲੇ ਵੇਖਿਆ ਤਾਂ ਜਾਪਿਆ ਜਿਵੇਂ ਲੋਕ ਉਹਨਾਂ ਵੱਲ ਵੇਖ ਠਹਾਕੇ ਲਗਾ ਰਹੇ ਹੋਣ। ਤੇਮਾਸ਼ਾ ਵੇਖਦੇ ਜਿਵੇਂ ਆਪ ਤਮਾਸ਼ਾ ਬਣ ਗਏ ਹੋਣ।

# ਰੂ-ਬ-ਰੂ

ਕਹਾਣੀ ਪੂਰੀ ਹੋਈ ਤਾਂ ਇੱਕ ਸਕੂਨ ਭਰਿਆ ਲੰਮਾ ਜਿਹਾ ਸਾਹ ਜਿਵੇਂ ਧੁਰ ਅੰਦਰੋਂ ਆਇਆ। ਜਿਵੇਂ ਆਪਣੇ ਆਪ 'ਚ ਪਰਤ ਆਇਆ ਹੋਵਾਂ। ਨਹੀਂ ਹੁਣ ਤੱਕ ਤਾਂ ਕਹਾਣੀ ਵਿਚਲਾ ਦਰਦ ਮੇਰੀਆਂ ਅੱਖਾਂ ਅਤੇ ਪੂਰੇ ਦਿਲੋ-ਦਿਮਾਗ ਤੱਕ ਪੱਸਰਿਆ ਪਿਆ ਸੀ। ਜਿਵੇਂ ਸਾਰਾ ਵਜੂਦ ਇਸ ਦਰਦ ਨੂੰ ਆਪਣੇ ਹੱਡੀਂ ਹੰਢਾ ਰਿਹਾ ਸੀ। ਵਕਤ ਦੇ ਚਲਣ ਦਾ ਜਿਵੇਂ ਧਿਆਨ ਈ ਨਾ ਰਿਹਾ ਹੋਵੇ।

ਮੇਜ਼ 'ਤੇ ਦੁੱਧ ਉਵੇਂ ਦਾ ਉਵੇਂ ਪਿਆ ਸੀ। ਪਤਾ ਨੀ ਕਿਹੜੇ ਵੇਲ਼ੇ ਮਾਂ, ਕੀ-ਕੀ ਕਹਿਕੇ ਰੱਖਕੇ ਗਈ ਹੋਊ? ਇਉਂ ਈ ਹੁੰਦੈ ਅਕਸਰ। ਜਦੋਂ ਮਾਂ ਨੂੰ ਪਤਾ ਲਗਦਾ ਤਾਂ ਕਲਪਦੀ ਰਹਿੰਦੀ—

"ਪਤਾ ਨੀ ਕੀ ਲਿਖਦਾ ਰਹਿੰਦੈ ਸਾਰਾ ਦਿਨਾ, ਨਾ ਖਾਣ ਵਲ ਧਿਆਨ ਐ ਨਾ ਸੌਣ ਵੱਲ ਸੁੱਧ। ਬੰਦਾ ਆਵਦੀ ਦੇਹ ਦਾ ਧਿਆਨ ਤਾਂ ਕਰੇ.....।"

ਮੈਂ ਹੱਸਕੇ ਅਣਗੌਲ਼ਿਆ ਕਰ ਜਾਂਦਾ ਹਾਂ।

ਮੇਜ਼ 'ਤੇ ਕੂਹਣੀਆਂ ਟਿਕਾ ਕੇ ਮੈਂ ਅੱਖਾਂ ਬੰਦ ਕਰ ਲਈਆਂ, ਚਿਹਰਾ ਦੋਵੇਂ ਹਥੇਲੀਆਂ 'ਚ ਲੈ ਕੇ ਅੱਖਾਂ ਨੂੰ ਅਰਾਮ ਦੇਣ ਲੱਗਿਆ। ਥੋੜੀ ਦੇਰ ਬਾਅਦ ਉੱਠਿਆ। ਘੜੀ ਵੇਖੀ, ਗਿਆਰਾਂ ਕੁ ਵੱਜੇ ਸਨ, ਰਾਤ ਤਾਂ ਕੋਈ ਬਹੁਤੀ ਨਹੀਂ ਸੀ ਹੋਈ ਪਰ ਸਰਦੀਆਂ ਹੋਣ ਕਾਰਨ ਚੁਪਾਸੀਂ ਛੇਤੀ ਹੀ ਚੁੱਪ ਵਰਤ ਗਈ ਸੀ। ਮਾਂ ਦੇ ਕਮਰੇ ਵੱਲ ਗਿਆ, ਸੌਂ ਗਈ ਸੀ। ਥੱਕ ਜਾਂਦੀ ਐ ਵਿਚਾਰੀ ਸਾਰਾ ਦਿਨ ਕੰਮ ਕਰਦੀ। ਉਸ ਤਿਆਗ ਦੀ ਮੂਰਤ ਵੱਲ ਕੁਝ ਦੇਰ ਗਹੁ ਨਾਲ ਵੇਖਦਾ ਰਿਹਾ। ਮੇਰਾ ਸਾਰਾ ਆਪਾ ਜਿਵੇਂ ਉਸ ਪ੍ਰਤੀ ਸ਼ਰਧਾ ਅਤੇ ਮੋਹ ਨਾਲ ਭਰ ਗਿਆ। ਪਿਤਾ ਦੀ ਮੌਤ ਤੋਂ ਬਾਅਦ ਉਸਦੇ ਚਿਹਰਾ ਅਤੇ ਦੁੱਖ ਅਤੇ ਚਿੰਤਾ ਦੀਆਂ ਲਕੀਰਾਂ ਹੋਰ ਗਹਿਰੀਆਂ ਹੋ ਗਈਆਂ ਸਨ।

ਰਸੋਈ 'ਚ ਰੋਟੀ ਢਕੀ ਪਈ ਸੀ। ਹੁਣ ਖਾਣ ਨੂੰ ਕੁਝ ਚਿੱਤ ਨਾ ਮੰਨਿਆ। ਦੁੱਧ ਗਰਮ ਕਰਕੇ ਪੀ ਲਿਆ। ਸੌਣ ਦੀ ਤਿਆਰੀ ਕਰਨ ਲੱਗਿਆ ਪਰ ਨੀਂਦ ਦਾ ਤਾਂ ਜਿਵੇਂ ਕੋਈ ਥਹੁ-ਪਤਾ ਈ ਨਾ ਹੋਵੇ। ਸਮਾਂ ਲੰਘਾਉਣ ਲਈ ਸੰਗੀਤ ਦਾ ਸਹਾਰਾ ਲੈਣ ਦੀ ਸੋਚ ਕੇ, ਮੈਂ ਗਜ਼ਲਾਂ ਦੀ ਕੈਸਟ ਲਗਾ ਦਿੱਤੀ। ਗੁਲਾਮ ਅਲੀ ਦੀ ਮਿੱਠੀ ਜਿਹੀ ਗ਼ਜ਼ਲ ਜਿਵੇਂ ਰੂਹ ਦੇ ਧੁਰ ਅੰਦਰ ਤੱਕ ਘੁਲਣ ਲੱਗੀ—

ਵੋਹ ਕੋਈ ਔਰ ਨਾ ਥਾ, ਚੰਦ ਖੁਸ਼ਕ ਪੱਤੇ ਥੇ,

ਸ਼ਜ਼ਰ ਸੇ ਟੂਟ ਕਰ ਜੋ ਫਸਲੇ-ਗੁਲ ਪੇ ਰੋਏ ਥੇ.......

ਮੈਂ ਅੱਖਾਂ ਬੰਦ ਕਰਕੇ ਸੰਗੀਤ ਦਾ ਆਨੰਦ ਮਾਣਨ ਲੱਗਿਆ। ਅਚਾਨਕ ਦਰਵਾਜ਼ੇ ’ਤੇ ਜਿਵੇਂ ਦਸਤਕ ਸੁਣਾਈ ਦਿੱਤੀ।

‘ਐਨੀ ਰਾਤ ਗਏ ਕੌਣ ਹੋ ਸਕਦੈ ਭਲਾ?’ ਸੋਚਿਆ ਸ਼ਾਇਦ ਮੇਰਾ ਵਹਿਮ ਹੋਵੇ ਪਰ ਜਦੋਂ ਦੂਜੀ ਵਾਰ ਫੇਰ ਹਲਕੀ ਜਿਹੀ ਦਸਤਕ ਸੁਣੀ ਤਾਂ ਮੈਂ ਉੱਠਿਆ।

ਦਰਵਾਜ਼ਾ ਖੋਲ੍ਹਿਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਮੇਰੇ ਸਾਹਮਣੇ ਜੋ ਸ਼ਖਸ ਖੜ੍ਹਾ ਸੀ ਉਸਦੀ ਸ਼ਕਲ ਜਿਵੇਂ ਹੂ-ਬ-ਹੂ ਮੇਰੇ ਨਾਲ ਮਿਲਦੀ ਸੀ। ਉਹ ਮੇਰੇ ਲਈ ਓਪਰਾ ਹੋ ਕੇ ਵੀ ਜਿਵੇਂ ਓਪਰਾ ਨਹੀਂ ਸੀ। ਏਸ ਤੋਂ ਪਹਿਲਾਂ ਕਿ ਮੈਂ ਉਸਨੂੰ ਪਛਾਣਨ ਦੀ ਕੋਸ਼ਿਸ਼ ਕਰਦਾ ਅਤੇ ਉਸਤੋਂ ਕੁਝ ਪੁਛਦਾ, ਉਹ ਮੁਸਕਰਾ ਪਿਆ ਅਤੇ ਆਪ ਈ ਬੋਲਿਆ—

“ਅੰਦਰ ਆਉਣ ਲਈ ਨਹੀਂ ਕਹੇਂਗਾ ਯਾਰਾ?”

ਮੈਂ ਆਪਣੇ-ਆਪੇ ਵਿੱਚ ਹੀ ਉਸਦੀ ਮੁਸਕਰਾਹਟ ਦਾ ਜਵਾਬ ਮੁਸਕਰਾਹਟ ਵਿੱਚ ਦਿੱਤਾ ਤੇ ਇੱਕ ਪਾਸੇ ਹੋ ਗਿਆ। ਪਰ ਮੈਂ ਅਜੇ ਵੀ ਦੁਚਿੱਤੀ ਵਿੱਚ ਸੀ ਕਿ ਐਨੀ ਰਾਤ ਗਏ ਇਹ ਅਣਜਾਣਿਆਂ ਜਿਹਾ ਕੌਣ ਹੋ ਸਕਦਾ।

ਅੰਦਰ ਆ ਕੇ ਉਸਨੇ ਇੱਕ ਵਾਰ ਸਾਰੇ ਕਮਰੇ ਵਿੱਚ ਸਰਸਰੀ ਜਿਹੀ ਨਿਗ੍ਹਾ ਮਾਰੀ, ਮੇਰੀਆਂ ਖਿੱਲਰੀਆਂ ਪੁਸਤਕਾਂ ਵੱਲ, ਤਸਵੀਰਾਂ ਵੱਲ, ਲਿਖਣ ਦੀ ਮੇਜ਼ ’ਤੇ ਪਏ ਕਾਗਜ਼ਾਂ ਵੱਲ: ’ਤੇ ਫੇਰ ਸੋਫ਼ੇ ਤੇ ਬਹਿ ਕੇ ਮੁਸਕਰਾਉਂਦਾ ਹੋਇਆ ਮੈਨੂੰ ਗਹੁ ਨਾਲ ਵੇਖਣ ਲੱਗਿਆ। ਫੇਰ ਆਪ ਈ ਜਿਵੇਂ ਉਸਨੇ ਮੇਰੀ ਦੁਚਿੱਤੀ ਬੁੱਝ ਲਈ—

“ਮੈਨੂੰ ਪਛਾਣਨ ਦੀ ਕੋਸ਼ਿਸ਼ ਕਰ ਰਿਹੈਂ?”

“ਹਾਂ, ਪਰ ਤੇਰੀ ਸ਼ਕਲ.....?”

“ਕੀ ਦੋ ਇਨਸਾਨ ਇੱਕੋ ਜਿਹੇ ਨਹੀਂ ਹੋ ਸਕਦੇ?”

“ਹੋ ਤਾਂ ਸਕਦੇ ਨੇ ਪਰ ਫੇਰ ਵੀ ਹੈਰਾਨ ਆਂ ਮੈਂ।”

ਉਹ ਸੋਫ਼ੇ ਨਾਲ ਪਿੱਠ ਟਿਕਾ ਕੇ ਬਹਿ ਗਿਆ—

“ਪਰ ਮੈਨੂੰ ਤਾਂ ਕੋਈ ਹੈਰਾਨੀ ਨੀ। ਮੈਂ ਤਾਂ ਤੈਨੂੰ ਚੰਗੀ ਤਰ੍ਹਾਂ ਜਾਣਦਾਂ।”

ਮੈਂ ਕਿਹਾ—“ਕੀ ਤੂੰ ਮੇਰੇ ਪਾਠਕਾਂ ਵਿਚੋਂ ਤਾਂ ਨੀ ਕੋਈ? ਉਹਨਾਂ ਦੀਆਂ ਅਕਸਰ ਚਿੱਠੀਆਂ ਆਉਂਦੀਆਂ ਰਹਿੰਦੀਆਂ ਨੇ। ਬਹੁਤਿਆਂ ਨਾਲ ਤਾਂ ਅਜੇ ਖਤੋ-ਕਿਤਾਬਤ ਜ਼ਰੀਏ ਹੀ ਰਿਸ਼ਤਾ ਬਣਿਆ ਹੋਇਆ। ਰੂ-ਬ-ਰੂ ਤਾਂ ਹੋਏ ਈ ਨਹੀਂ ਕਈ ਅਜੇ।”

“ਪਾਠਕ ਤਾਂ ਮੈਂ ਹਾਂ ਤੇਰਾ, ਪਰ ਐਨਾ ਦੂਰ ਦਾ ਵੀ ਨਹੀਂ ਕਿ ਚਿੱਠੀਆਂ ਰਾਹੀਂ ਮੇਲ-ਮਿਲਾਪ ਰੱਖਾਂ। ਮੈਂ ਤਾਂ ਨੇੜੇ ਈ ਹਾਂ ਤੇਰੇ। ਖ਼ੈਰ ਪਾਠਕਾਂ ਨਾਲ ਬੜਾ ਮੋਹ ਐ ਤੇਰਾ ਸ਼ਾਇਦ?”

“ਕਿਉਂ ਨਾ ਹੋਵੇ ਮੋਹ? ਉਹ ਮੇਰੀਆਂ ਰਚਨਾਵਾਂ ਨੂੰ ਸਵੀਕਾਰਦੇ ਨੇ, ਇੱਜ਼ਤ ਦਿੰਦੇ ਨੇ, ਪ੍ਰੇਰਣਾ ਲੈਂਦੇ ਨੇ। ਪਾਠਕਾਂ ਕਰਕੇ ਹੀ ਤਾਂ ਮੇਰੀ ਹੋਂਦ ਕਾਇਮ ਹੈ। ਪਾਠਕ ਤੋਂ ਬਿਨਾਂ ਲੇਖਕ ਦੀ

ਕੀ ਹਸਤੀ।" ਮੈਂ ਕਿਹਾ।

ਉਹ ਫਿਰ ਮੁਸਕਰਾ ਪਿਆ—"ਖੁਸ਼ਾਮਦ-ਪਸੰਦ ਲਗਦੈਂ ਕਾਫ਼ੀ।"

"ਨਹੀਂ ਐਹੋ ਜਿਹੀ ਤਾਂ ਕੋਈ ਗੱਲ ਨਹੀਂ। ਪਰ ਜਦੋਂ ਪਾਠਕ ਮੇਰੀ ਕੋਈ ਰਚਨਾ ਪਸੰਦ ਕਰਦੇ ਨੇ ਤਾਂ ਖੁਸ਼ੀ ਤਾਂ ਹੁੰਦੀ ਹੀ ਹੈ ਪਰ ਉਸਤੋਂ ਵੀ ਵਧੇਰੇ ਖੁਸ਼ੀ ਉਦੋਂ ਹੁੰਦੀ ਹੈ ਜਦੋਂ ਉਹ ਰਚਨਾ ਵਿਚਲੀਆਂ ਕਮੀਆਂ ਵੀ ਮੇਰੇ ਨਾਲ ਸਾਂਝੀਆਂ ਕਰਦੇ ਨੇ। ਮੈਨੂੰ ਉਦੋਂ ਆਪਣਾ ਲਿਖਣਾ ਸਾਰਥਕ ਲਗਦੈ।"

"ਅੱਛਾ, ਆਏਂ ਦੱਸ, ਮੈਂ ਐਸ ਵੇਲ਼ੇ ਆ ਕੇ ਡਿਸਟਰਬ ਤਾਂ ਨੀ ਕੀਤਾ ਤੈਨੂੰ?"

"ਨਹੀਂ, ਪਰ ਆਪਣੇ ਬਾਰੇ ਕੁੱਝ ਦੱਸ ਤਾਂ ਸਹੀ। ਮੈਂ ਤਾਂ ਅਜੇ ਵੀ ਤੈਨੂੰ ਨਹੀਂ ਜਾਣ ਸਕਿਆ।" ਮੈਂ ਉਸ ਗੁੱਥੀ 'ਚ ਉਲਝਿਆ ਪਿਆ ਸੀ।

"ਤੂੰ ਘਬਰਾ ਨਾ, ਮੈਂ ਕੋਈ ਚੋਰ, ਡਾਕੂ ਨਹੀਂ, ਨਾ ਹੀ ਜਾਸੂਸੀ ਦੇ ਕਿਸੇ ਅਜਿਹੇ ਵਿਭਾਗ 'ਚੋਂ ਆਇਆਂ ਕਿ ਤੈਨੂੰ ਕੋਈ ਨੁਕਸਾਨ ਪੁਚਾਉਂਗਾ। ਮੈਂ ਤਾਂ ਬੜਾ ਸਿੱਧਾ-ਸਾਦਾ ਤੇ ਸਪਾਟ ਇਨਸਾਨ ਆਂ। ਬੱਸ ਤੇਰੇ ਨਾਲ ਕੁਝ ਗੱਲਾਂ ਕਰਨੀਆਂ ਨੇ, ਕੁਝ ਗਿਲੇ-ਸ਼ਿਕਵੇ ਸਾਂਝੇ ਕਰਨੇ ਨੇ।" ਉਹ ਉਵੇਂ ਹੀ ਮੈਨੂੰ ਵੇਖ ਕੇ ਮੁਸਕਰਾ ਰਿਹਾ ਸੀ।

"ਪਰ ਭਰਾਵਾ, ਏਸ ਸਭ ਕੁਝ ਲਈ ਤੈਨੂੰ ਆਹ ਸਮਾਂ ਈ ਮਿਲਿਐ? ਦਿਨ ਵੇਲੇ ਕਿੱਥੇ ਹੁੰਨੈਂ?" ਮੈਂ ਹੈਰਾਨ ਸੀ। ਉਹ ਬੋਲਿਆ—

"ਜਿਨ੍ਹਾਂ ਦੀ ਜੂਨ ਈ ਭਟਕਣ ਲਈ ਬਣੀ ਐ ਉਹਨਾਂ ਲਈ ਦਿਨ ਕੀ ਤੇ ਰਾਤ ਕੀ। ਨਾਲ਼ੇ ਦਿਨੇ ਤੈਨੂੰ ਵਿਹਲ ਕਿੱਥੇ ਹੁੰਦੀ ਏ ਸਾਡੇ ਵਰਗੇ ਮ੍ਰਾਤੜਾਂ ਨੂੰ ਮਿਲਣ ਲਈ। ਐਸ ਵੇਲ਼ੇ ਤਾਂ ਤੂੰ ਜ਼ਰਾ ਵਿਹਲਾ ਹੁੰਨੈਂ।" ਉਹ ਫੇਰ ਮੁਸਕਰਾਇਆ ਪਰ ਮੇਰੇ ਚਿਹਰੇ 'ਤੇ ਉਲਝਣ ਦੇ ਭਾਵੇਂ ਹੋਰ ਗੂੜ੍ਹੇ ਕਰ ਗਿਆ। ਮੈਂ ਫੇਰ ਕਿਹਾ—

"ਚੰਗਾ ਗੱਲਾਂ ਤਾਂ ਹੁੰਦੀਆਂ ਰਹਿਣਗੀਆਂ, ਪਹਿਲਾਂ ਦੱਸ ਕੀ ਖਾਣਾ-ਪੀਣਾ? ਕੀ ਲਿਆਵਾਂ ਚਾਹ ਜਾਂ ਪਾਣੀ?"

"ਮੈਂ ਖਾਣਾ-ਪੀਣਾ ਕੁਸ਼ ਨੀ। ਬੱਸ ਤੇਰੇ ਨਾਲ ਕੁਸ਼ ਪਲ ਗੁਜ਼ਾਰਨ ਦੀ ਭੁੱਖ ਐ, ਉਹ ਮਿਟਾ ਦੇ।" ਕਹਿਕੇ ਉਹ ਮੋਢੇ ਤੇ ਹੀ ਟੇਢਾ ਹੋ ਕੇ ਬਹਿ ਗਿਆ। ਉਹਦੀ ਹੋਂਦ ਪਲ-ਪਲ ਮੇਰੀ ਹੈਰਾਨੀ 'ਚ ਵਾਧਾ ਕਰੀ ਜਾ ਰਹੀ ਸੀ। ਮੈਂ ਇਹ ਵੇਖਕੇ ਹੋਰ ਵੀ ਉਲਝਣ 'ਚ ਸੀ ਕਿ ਉਸਦਾ ਚਿਹਰਾ ਬਿਲਕੁਲ ਸ਼ਾਂਤ ਅਤੇ ਸਪਾਟ ਸੀ; ਜਿਵੇਂ ਉਹ ਲੰਮੇ ਸਮੇਂ ਤੋਂ ਮੈਨੂੰ ਜਾਣਦਾ ਹੋਵੇ ਪਰ ਮੈਂ ਉਸਨੂੰ ਕਿਉਂ ਨਹੀਂ ਜਾਣਦਾ? ਉਹ ਮੇਰੀ ਇੱਕ ਪੁਸਤਕ ਦੇ ਕੁਝ ਪੰਨੇ ਉਲਟ ਰਿਹਾ ਸੀ। ਫ਼ੇਰ ਅਚਾਨਕ ਬੋਲ ਪਿਆ—

"ਕੋਈ ਦਰਦ ਭਰੀ ਰਚਨਾ ਲਿਖ ਕੇ ਹੋਟਿਐਂ ਸ਼ਾਇਦ।"

ਮੈਂ ਚੌਂਕ ਪਿਆ, ਕੀ ਇਹ ਕੋਈ ਜੋਤਸ਼ੀ ਐ?

"ਤੈਨੂੰ ਕਿਵੇਂ ਪਤਾ ਲੱਗਿਆ?" ਮੈਂ ਪਤਾ ਨਹੀਂ ਕਦੋਂ ਕਹਿ ਗਿਆ।

"ਤੇਰੇ ਚਿਹਰੇ ਤੋਂ ਉਸ ਦਰਦ ਦਾ ਕੁਝ ਹਿੱਸਾ ਅਜੇ ਵੀ ਝਲਕ ਰਿਹੈ।"

"ਜ਼ਿੰਦਗੀ ਦੀ ਅਸਲ ਪਛਾਣ ਤਾਂ ਦਰਦ ਹੀ ਹੈ। ਖੁਸ਼ੀ ਤੇ ਸੁਪਨਿਆਂ ਦੀ ਹੋਂਦ ਤਾਂ ਚਾਰ ਦਿਨ ਦੀ ਚਾਨਣੀ ਹੁੰਦੀ ਐ।"

"ਤੇਰੀਆਂ ਲਿਖਤਾਂ ਵਿੱਚ ਦੂਜਿਆਂ ਦੇ ਜ਼ਖਮਾਂ ਤੇ ਟਕੋਰਾਂ ਕਰਨ ਦਾ ਯਤਨ ਵਧੇਰੇ ਭਾਰੂ ਐ। ਇਹ ਸ਼ਿਅਰ ਤੇਰਾ ਈ ਏ ਨਾ?

ਤਪਦੀਆਂ ਰੂਹਾਂ 'ਤੇ ਕਦੇ ਵਰ੍ਹ ਸਕੇ ਬਣਕੇ ਘਟਾ,

ਇਹੋ ਖਾਹਿਸ਼ ਲੈ ਕੇ ਮੇਰੀ ਤੜਪਦੀ ਏ ਸ਼ਾਇਰੀ।

"ਤੂੰ ਕਿਥੇ ਪੜ੍ਹਿਐ ਇਹ?" ਮੈਂ ਪੁੱਛਿਆ।

"ਮੈਂ ਤੇਰੀ ਹਰ ਰਚਨਾ ਪੜ੍ਹੀ ਏ। ਹਰ ਰਚਨਾ ਕਿਸੇ ਨਾ ਕਿਸੇ ਦੇ ਕੋਈ ਨਾ ਕੋਈ ਦਰਦ ਨੂੰ ਵੰਡਾਉਂਦੀ ਜਾਪਦੀ ਏ। ਕਿਵੇਂ ਲਿਖ ਲੈਨਾਂ ਇਹ ਸਭ?" ਉਹ ਮੇਰੀਆਂ ਅੱਖਾਂ 'ਚ ਝਾਕਦਾ ਬੋਲਿਆ।

"ਬੱਸ, ਜਦੋਂ ਕਿਸੇ ਦਾ ਦਰਦ ਮਨ ਨੂੰ ਛੂਹ ਜਾਂਦੈ, ਜਾਂ ਸਮਾਜ 'ਚ ਪਣਪਦੀ ਕੋਈ ਬੁਰਾਈ, ਘਟਦੀ ਕੋਈ ਕੋਈ ਭੈੜੀ ਘਟਨਾ ਦਿਲ ਨੂੰ ਧੁਰ ਅੰਦਰ ਤੱਕ ਝਰੀਟ ਜਾਂਦੀ ਏ ਤਾਂ ਮਨ ਬੇਚੈਨ ਜਿਹਾ ਹੋ ਜਾਂਦੈ। ਚਿਤਮਣੀ ਜਿਹੀ ਲੱਗ ਜਾਂਦੀ ਏ ਚਿੱਤ ਨੂੰ। ਇਹ ਸਭ ਕੁਝ ਤਦ ਤੱਕ ਸ਼ਾਂਤ ਨਹੀਂ ਹੁੰਦਾ ਜਦੋਂ ਤੱਕ ਆਪਣੇ ਅੰਦਰਲੇ ਦੀ ਭੜਾਸ ਸ਼ਬਦਾਂ ਰਾਹੀਂ ਬਾਹਰ ਨਾ ਕੱਢ ਦੇਵਾਂ। ਦੂਜਿਆਂ ਲਈ ਇਹ ਰਚਨਾ ਬਣ ਜਾਂਦੀ ਹੈ।"

ਉਹ ਸੋਫੇ ਤੇ ਸਿੱਧਾ ਹੋ ਕੇ ਬਹਿ ਗਿਆ ਤੇ ਹਥਲੀ ਕਿਤਾਬ ਉਸਨੇ ਪਰ੍ਹੇ ਰੱਖ ਦਿੱਤੀ ਤੇ ਉਸੇ ਤਰ੍ਹਾਂ ਸਿੱਧੇ ਸਪਾਟ ਲਹਿਜੇ 'ਚ ਬੋਲਿਆ—

"ਅੱਛਾ ਕਿਸੇ ਨਾਲ ਪਿਆਰ ਵੀ ਹੋਇਆ ਜ਼ਿੰਦਗੀ 'ਚ?"

ਮੈਂ ਫੇਰ ਚੌਂਕ ਪਿਆ—"ਪਿਆਰ ਤੋਂ ਬਿਨਾਂ ਜ਼ਿੰਦਗੀ ਦੀ ਹੋਂਦ ਇਉਂ ਹੈ ਜਿਵੇਂ ਖੁਸ਼ਬੋ ਤੋਂ ਬਿਨਾਂ ਫੁੱਲ, ਜਿਵੇਂ ਮਿਠਾਸ ਤੋਂ ਬਿਨਾਂ ਸ਼ਹਿਦ। ਸਭ ਤੋਂ ਵੱਧ ਪਿਆਰ ਕੀਤੈ ਮੈਂ ਆਪਣੀ ਮਾਂ ਨਾਲ ਜੀਹਨੇ ਬਾਪ ਦੀ ਮੌਤ ਤੋਂ ਆਪਣੇ ਸਾਰੇ ਚਾਅ-ਮਲਾਰ ਦਾਅ ਤੇ ਲਗਾ ਕੇ ਮੇਰੇ ਚਾਅ ਤੇ ਸੱਧਰਾਂ ਪੂਰੀਆਂ ਕਰਕੇ ਮੈਨੂੰ ਅੱਜ ਦੇ ਮੁਕਾਮ ਤੇ ਪੁਚਾਇਆ।"

"ਤੇ ਅੱਜ ਤੂੰ ਆਪਣੀ ਜ਼ਿੰਦਗੀ ਦਾ ਹਰ ਪਲ ਉਸੇ ਲਈ ਜਿਉਂ ਰਿਹੈਂ।"

"ਬੇਸ਼ਕ।"

"ਆਪਣੇ ਪਿਆਰ ਤੇ ਜਿਉਣ ਦੇ ਪਲ ਹੋਰ ਕਿਨ੍ਹਾਂ ਦੇ ਲੇਖੇ ਲਾ ਰਿਹੈਂ?

"ਆਪਣੇ ਉਹਨਾਂ ਰਿਸ਼ਤੇਦਾਰਾਂ ਤੇ ਮਿੱਤਰਾਂ ਦੇ ਜਿਨ੍ਹਾਂ ਨੂੰ ਮੇਰੀ ਮਾਂ ਦੇ ਚਿਹਰੇ 'ਤੇ ਪੈ ਰਹੀਆਂ ਝੁਰੜੀਆਂ ਦਾ ਫਿਕਰ ਹੈ।"

"ਦਰਅਸਲ ਮੈਂ ਤਾਂ ਉਸ ਪਿਆਰ ਦੀ ਗੱਲ ਕਰ ਰਿਹਾ ਸੀ ਜੋ ਰੂਹ ਦੇ ਸਾਜ਼ ਦੀਆਂ ਤਾਰਾਂ ਨੂੰ ਛੇੜਦੈ।"

"ਮੈਨੂੰ ਪਿਆਰ ਐ ਗਮ 'ਚ ਡੁੱਬੇ ਉਸ ਸੰਗੀਤ ਨਾਲ ਜੋ ਧੁਰ ਅੰਦਰ ਤੱਕ ਘੁਲ਼ ਜਾਂਦੈ। ਉਹਨਾਂ ਫੁੱਲਾਂ ਨਾਲ ਪਿਆਰ ਹੈ ਜੋ ਭਾਵੇਂ ਕੁਝ ਪਲ ਜਿਉਂਦੇ ਨੇ ਪਰ ਹੱਸ ਕੇ ਮਹਿਕਾਂ ਵੰਡਦੇ

ਜਿਉਂਦੇ ਨੇ, ਉਹਨਾਂ ਰੁੱਖਾਂ ਨਾਲ ਪਿਆਰ ਹੈ ਜੋ ਦ੍ਰਿੜ੍ਹਤਾ ਦਾ ਸਨੇਹਾ ਦਿੰਦੇ ਨੇ ਤੇ ਸਾਰੀ ਉਮਰ ਦੂਜਿਆਂ ਲਈ ਜਿਉਂਦੇ ਨੇ, ਮਾਸੂਮ ਬੱਚਿਆਂ ਨਾਲ ਪਿਆਰ ਹੈ ਜੋ ਸੱਚ ਦੇ ਨੇੜੇ ਹੁੰਦੇ ਨੇ; ਕੁਦਰਤ ਨਾਲ ਪਿਆਰ ਹੈ ਜੋ ਜਿਉਣਾ ਸਿਖਾਉਂਦੀ ਹੈ। ਉਹਨਾਂ ਗਰੀਬਾਂ ਨਾਲ ਵੀ ਪਿਆਰ ਹੈ ਜੋ ਘੱਟ ਖਾ ਲੈਂਦੇ ਨੇ ਪਰ ਆਪਣੇ ਇਮਾਨ ਅਤੇ ਜ਼ਮੀਰ ਤੋਂ ਹੇਠਾਂ ਨੀ ਡਿਗਦੇ। ਉਹਨਾਂ......।''

''ਤੂੰ ਗੱਲ ਨੂੰ ਟਾਲਣ ਦੀ ਕੋਸ਼ਿਸ਼ ਕਰ ਰਿਹੈਂ। ਮੈਂ ਇਸ਼ਕ ਦੀ ਗੱਲ ਕਰ ਰਿਹਾਂ ਜੋ ਇੱਕ ਔਰਤ ਅਤੇ ਮਰਦ ਵਿਚਕਾਰ ਹੁੰਦੈ।'' ਉਹ ਸਪਾਟ ਲਹਿਜੇ 'ਚ ਬੋਲਿਆ ਤਾਂ ਮੇਰਾ ਚਿਹਰਾ ਸਖ਼ਤ ਹੋ ਗਿਆ। ਗੁੱਸੇ ਦੀ ਇੱਕ ਸ਼ਿਕਨ ਮੱਥੇ ਤੇ ਲਿਆ ਕੇ ਮੈਂ ਬੋਲਿਆ—

''ਤੈਨੂੰ ਮੇਰੀ ਨਿੱਜੀ ਜ਼ਿੰਦਗੀ ਨਾਲ ਕੀ ਵਾਸਤਾ?''

''ਤਾਂ ਕੀ ਜੋ ਕੁਝ ਹੁਣ ਤੱਕ ਤੂੰ ਮੈਨੂੰ ਦੱਸਿਐ ਉਹ ਤੇਰਾ ਨਿੱਜੀ ਨਹੀਂ ਸੀ?'' ਉਹ ਉਸੇ ਤਰ੍ਹਾਂ ਸ਼ਾਂਤ ਸੀ, ਸੰਤ ਵਾਂਗ। ਮੈਂ ਉਸਦੀ ਅਵਾਜ਼ ਦੇ ਜਾਦੂ 'ਚ ਜਿਵੇਂ ਵਹਿ ਗਿਆ।

''ਪਰ ਤੂੰ ਐਨੇ ਭੇਦ ਕਿਉਂ ਖੋਲ੍ਹਣ ਲੱਗਿਐਂ। ਅਜੇ ਤੱਕ ਤਾਂ ਜਾਣ-ਪਛਾਣ ਵੀ ਨਹੀਂ ਕਰਵਾਈ ਤੂੰ?''

''ਕੀ ਤੂੰ ਅਜੇ ਵੀ ਨੀ ਪਛਾਣਿਆ ਮੈਨੂੰ?''

''ਬੇਸ਼ਕ ਨਹੀਂ।''

''ਕੀ ਸੱਚ ਨੂੰ ਕਬੂਲਣ ਤੋਂ ਡਰ ਲਗਦੈ?''

''ਮੈਨੂੰ ਭਲਾ ਕਾਹਦਾ ਡਰ? ਹੁਣ ਤਾਂ ਮੈਂ ਜਿਉਂ ਹੀ ਸੱਚ ਦੇ ਅੰਦਰ ਰਿਹਾਂ। ਸੁਪਨਿਆਂ ਸੰਗ ਜਿਉਣਾ ਤਾਂ ਕਦੋਂ ਦਾ ਛੱਡ ਦਿੱਤੈ।''

''ਸ਼ਾਇਦ ਜਦੋਂ ਦੀ ਜ਼ਿੰਦਗੀ ਆਪ ਇੱਕ ਕੌੜਾ ਸੱਚ ਬਣਕੇ ਤੇਰੇ ਸਾਹਮਣੇ ਆਈ ਹੈ, ਹੈ ਨਾ? ਇਸ਼ਕ ਬਾਰੇ ਫੇਰ ਟਾਲ ਰਿਹੈਂ।'' ਉਹ ਮੇਰੇ ਵੱਲ ਵੇਖ ਰਿਹਾ ਸੀ।

''ਛੱਡ ਭਰਾਵਾ, ਜਿਸ ਰਾਹ ਦੀ ਕੋਈ ਮੰਜ਼ਿਲ ਈ ਨਹੀਂ ਸੀ, ਉਹਦੇ ਸਫ਼ਰ ਬਾਰੇ ਕੀ ਦੱਸਣਾ। ਨਾਲ਼ੇ ਜਿਸ ਅਫਸਾਨੇ ਨੂੰ ਅੰਜਾਮ ਤੱਕ ਲਿਆਉਣਾ ਨਾ-ਮੁਮਕਿਨ ਹੋ ਜਾਵੇ ਉਹਨੂੰ ਇੱਕ ਖ਼ੂਬਸੂਰਤ ਜਿਹਾ ਮੋੜ ਦੇ ਕੇ ਛੱਡ ਦੇਣਾ ਹੀ ਚੰਗਾ ਹੁੰਦੈ। ਕਈ ਵਾਰ ਫਰਜ਼ਾਂ ਅਤੇ ਸੱਧਰਾਂ 'ਚੋਂ ਇੱਕ ਨੂੰ ਚੁਣਨ ਦੀ ਮਜਬੂਰੀ ਆ ਪੈਂਦੀ ਹੈ ਤਾਂ ਫਰਜ਼ ਭਾਰੂ ਹੋ ਜਾਂਦੇ ਨੇ।'' ਮੈਂ ਠੰਢਾ ਹਾਉਕਾ ਭਰਿਆ।

ਉਹ ਸੋਫ਼ੇ ਤੇ ਲੰਮਾ ਪੈ ਗਿਆ ਤੇ ਇੱਕ ਟੱਕ ਛੱਤ ਵੱਲ ਵੇਖਣ ਲੱਗਿਆ। ਫੇਰ ਉਸਨੇ ਅਚਾਨਕ ਮੇਰੇ ਵੱਲ ਵੇਖਿਆ ਤੇ ਬੋਲਿਆ—

''ਤੇਰੀ ਇਸ ਕਿਤਾਬ ਦੇ ਮੂਹਰਲੇ ਪੰਨੇ ਤੇ ਤੂੰ ਆਪਣੇ ਹੱਥਾਂ ਨਾਲ ਲਿਖ ਰੱਖਿਐ—'ਮੈਂ ਆਪਣੇ ਉੱਪਰ ਕਿਸੇ ਦੁਆਰਾ ਕੀਤੇ ਅਹਿਸਾਨ ਅਤੇ ਅਪਮਾਨ ਨੂੰ ਕਦੇ ਨਹੀਂ ਭੁਲਦਾ।' ਕੀ ਇਹ ਠੀਕ ਹੈ?''

"ਕਿਉਂ ਤੈਨੂੰ ਸ਼ੱਕ ਐ ਕੋਈ?"

"ਨਹੀਂ ਖ਼ੈਰ, ਕੀ ਕਿਸੇ ਨੇ ਕੋਈ ਅਪਮਾਨ ਕੀਤੈ ਤੇਰਾ ਕਦੇ ਏਹੋ ਜਿਹਾ ਜੋ ਨਾ-ਭੁੱਲਣ ਯੋਗ ਹੋਵੇ?"

"ਸ਼ਾਇਦ ਅਜੇ ਤੱਕ ਤਾਂ ਨਹੀਂ।"

"ਹੋ ਸਕਦੈ ਤੇਰੇ ਆਪਣਿਆਂ ਨੇ ਹੀ?"

"ਨਹੀਂ।"

"ਕੀ ਸੱਧਰਾਂ ਦਾ ਖ਼ੂਨ ਅਪਮਾਨ ਨਹੀਂ?"

"ਸਮਝਣ ਦੀ ਸੋਚ ਹੈ ਆਪਣੀ ਆਪਣੀ। ਜੇ ਮੈਂ ਇਹਨੂੰ ਅਪਮਾਨ ਸਮਝਦਾ ਤਾਂ ਤੋੜ ਲੈਂਦਾ ਆਪਣੇ-ਆਪਨੂੰ ਉਹਨਾਂ ਨਾਲੋਂ।"

ਉਹ ਮੁਸਕਰਾਇਆ।

"ਸ਼ਾਇਦ ਇਹ ਨਾ ਕਰ ਸਕਣਾ ਵੀ ਤੇਰੀ ਮਜਬੂਰੀ ਹੋਵੇ।"

"ਕੀ ਮਤਲਵ?" ਮੈਂ ਪੁੱਛਿਆ।

"ਮਤਲਵ, ਉਹ ਘਰੇਲੂ ਮੁਸੀਬਤਾਂ ਵਿੱਚ ਤੇਰਾ ਸਾਥ ਦੇ ਰਹੇ ਨੇ। ਸ਼ਾਇਦ ਇਹ ਸਭ ਕੁਝ ਇੱਕ ਅਹਿਸਾਨ ਦੇ ਤੌਰ 'ਤੇ ਯਾਦ ਹੋਵੇ ਤੈਨੂੰ।"

"ਕੀ ਬਕਵਾਸ ਕਰੀ ਜਾਨੈਂ ਯਾਰ?" ਮੈਂ ਉੱਠ ਖੜ੍ਹਾ ਹੋਇਆ।

ਉਹ ਹੱਸ ਪਿਆ ਜਿਵੇਂ ਜਿੱਤ ਗਿਆ ਹੋਵੇ, ਫੇਰ ਬੋਲਿਆ—"ਚੱਲ ਛੱਡ ਦਿੰਨਾਂ, ਇਹ ਬਕਵਾਸ। ਆ ਬੈਠ।"

ਮੈਂ ਬੈਠ ਗਿਆ ਤਾਂ ਉਹ ਮੈਨੂੰ ਸੰਬੋਧਤ ਹੋਇਆ— "ਅਜੋਕੇ ਇਨਸਾਨ ਦੀ ਹੋਣੀ ਬਾਰੇ ਕੀ ਸੋਚਦੈਂ?"

ਮੈਂ ਇੱਕ ਠੰਢਾ ਜਿਹਾ ਸਾਹ ਭਰਿਆ ਤੇ ਦਰਦ ਭਰੀ ਮੁਸਕਾਨ ਮੇਰੇ ਚਿਹਰੇ ਤੇ ਖਿੰਡ ਗਈ। ਮੱਲੋਜ਼ੋਰੀ ਕਿਸੇ ਸ਼ਾਇਰ ਦਾ ਇਹ ਸ਼ਿਅਰ ਮੇਰੀ ਜ਼ੁਬਾਨ ਤੇ ਆ ਗਿਆ—

'ਅਪਨੀ ਤਖ਼ਲੀਕ ਮੇਂ ਇਨਸਾਨ ਕੋ ਸ਼ਾਮਿਲ ਕਰਕੇ,

ਦੁੱਖ ਉਠਾਏ ਹੈਂ ਖ਼ੁਦਾ ਨੇ ਖ਼ੁਦਾ ਜਾਨੇ ਕਿਤਨੇ।'

ਉਹ ਵੀ ਮੇਰੇ ਨਾਲ ਮੁਸਕਰਾ ਪਿਆ। ਮੈਂ ਬੋਲਿਆ—"ਅੱਜ ਦੇ ਮਨੁੱਖ ਬਾਰੇ ਹੋਰ ਕੀ ਆਖਾਂ। ਕੁਦਰਤ ਨੇ ਤਾਂ ਇਨਸਾਨ ਦੀ ਰਚਨਾ ਆਪਣੀ ਸਰਬ ਸ੍ਰੇਸ਼ਟ ਰਚਨਾ ਦੇ ਰੂਪ 'ਚ ਕੀਤੀ ਸੀ। ਮਨੁੱਖ ਨੂੰ ਚੇਤਨਾ ਦੇ ਕੇ ਕੁਦਰਤ ਨੇ ਇਹ ਸੋਚਿਆ ਸੀ ਕਿ ਇਹ ਸਭ ਤੋਂ ਸਿਆਣਾ ਜੀਅ ਬਣਾ ਦਿੱਤਾ ਤੇ ਹੁਣ ਇਹ ਆਪਣੇ ਅਤੇ ਬਾਕੀ ਸਾਰੀ ਕੁਦਰਤ ਦੇ ਭਲੇ ਲਈ ਯਤਨ ਕਰੇਗਾ, ਪਰ ਇਸ ਮਨੁੱਖ ਨਾਂ ਦੇ ਪ੍ਰਾਣੀ ਨੇ ਆਪਣੀ ਸਰਬ ਸ੍ਰੇਸ਼ਟਤਾ ਨੂੰ ਆਪਣੀ ਹਾਉਮੈਂ ਬਣਾ ਲਿਆ ਤੇ ਕੁਦਰਤ ਦੀ ਕੁੱਖੋਂ ਜਨਮ ਲੈ ਕੇ ਉਸੇ ਦੀ ਕੁੱਖ ਦਾ ਘਾਣ ਕਰਨ ਲੱਗ ਪਿਆ। ਕੀ ਜੰਗਲ, ਕੀ ਜੰਗਲੀ ਜੀਵ, ਕੀ ਵਾਤਾਵਰਨ, ਕੀ ਮਨੁੱਖੀ ਰਿਸ਼ਤੇ, ਕੀ ਮਨੁੱਖਤਾ ਸਭ ਕੁਝ

ਇਸੇ ਦੇ ਲਾਲਚ ਦੀ ਅੱਗ 'ਚ ਸੜ ਕੇ ਸੁਆਹ ਹੋਈ ਜਾ ਰਿਹਾ। ਇਹਨੇ ਧਰਤੀ ਉਪਰੋਂ ਉਠਕੇ ਚੰਦ ਤੇ ਪੈਰ ਕੀ ਰੱਖ ਲਏ, ਇਹ ਤਾਂ ਕੁਦਰਤ ਨੂੰ ਆਪਣੀ ਰਖੇਲ ਸਮਝਣ ਲੱਗ ਪਿਆ ਹੈ। ਜਿਉਂ-ਜਿਉਂ ਵਿਕਾਸ ਦਾ ਦਾਇਰਾ ਫੈਲ ਰਿਹਾ ਹੈ ਇਸਦੇ ਅੰਦਰਲੀ ਮਨੁੱਖਤਾ ਦਾ ਦਾਇਰਾ ਸੁੰਗੜ ਰਿਹਾ ਹੈ, ਲਾਲਚ ਦਾ ਦਾਇਰਾ ਫੈਲ ਰਿਹੈ ਪਰ ਇਨਸਾਨੀਅਤ ਸੁੰਗੜ ਰਹੀ ਹੈ।"

ਉਹ ਸੋਫੇ ਤੋਂ ਉਠ ਖੜ੍ਹਾ ਹੋਇਆ ਤੇ ਇਧਰ ਉਧਰ ਟਹਿਲਦਾ ਹੋਇਆ ਬੋਲਿਆ— "ਫੇਰ ਤਾਂ ਇਸ ਨੇ ਉਹ ਗੱਲ ਕਰ 'ਤੀ, ਅਖੇ ਅੱਗ ਲੈਣ ਆਈ ਘਰ ਦੀ ਮਾਲਕਣ ਬਣ ਬੈਠੀ।" ਮੈਂ ਫਿਰ ਕਿਹਾ—"ਤੂੰ ਟਾਲਸਟਾਏ ਦੀ ਉਹ ਕਹਾਣੀ ਤਾਂ ਸੁਣੀ ਹੋਣੀ ਐ—'ਕਿਸਾਨ ਦੀ ਰੋਟੀ' ਜਿਸ ਵਿੱਚ ਕਿਸਾਨ ਜਦੋਂ ਤੱਕ ਗਰੀਬ ਸੀ, ਉਸ ਵਿੱਚ ਸਬਰ, ਸੰਤੋਖ ਦੇ ਗੁਣ ਭਾਰੂ ਸਨ, ਸ਼ੈਤਾਨ ਦਾ ਉਸਨੂੰ ਬੁਰਾ ਬਣਾਉਣ ਦਾ ਹਰ ਯਤਨ ਅਸਫਲ ਹੋ ਰਿਹਾ ਸੀ ਏਥੋਂ ਤੱਕ ਕਿ ਉਸਦੀ ਰੋਟੀ ਚੋਰੀ ਕਰਨ ਤੇ ਵੀ ਉਸਦੇ ਮੂੰਹੋਂ ਉਸ ਲਈ ਭਲਾ ਹੀ ਨਿੱਕਲਿਆ। ਫੇਰ ਸ਼ੈਤਾਨ ਨੇ ਇੱਕ ਚਾਲ ਚੱਲੀ, ਉਸ ਕਿਸਾਨ ਨੂੰ ਲੋੜ ਤੋਂ ਵੱਧ ਅਨਾਜ ਦੇ ਭੰਡਾਰ ਮੁਹੱਈਆ ਕਰਵਾ ਕੇ ਅਮੀਰ ਕਰ ਦਿੱਤਾ ਤਾਂ ਉਸ ਅੰਦਰ ਲਾਲਚ ਪਲਦਾ ਗਿਆ ਅੰਤ ਵਿੱਚ ਉਹੀ ਕਿਸਾਨ ਲੋੜ ਤੋਂ ਵੱਧ ਪਾ ਕੇ ਪਸ਼ੂਪੁਣੇ ਵੱਲ ਗਰਕ ਗਿਆ ਤੇ ਜੋ ਕਦੇ ਰੋਟੀ ਚੁਰਾਉਣ ਵਾਲੇ ਦਾ ਵੀ ਭਲਾ ਮੰਗਦਾ ਸੀ, ਉਹੀ ਹੁਣ ਇੱਕ ਗਰੀਬ ਕਿਸਾਨ ਨੂੰ, ਉਸਦੀ ਥੋੜੀ ਜਿਹੀ ਬਚਦੀ ਸ਼ਰਾਬ ਪੀਣ 'ਤੇ ਕੁੱਟਣ ਲੱਗ ਪਿਆ ਸੀ। ਬਸ ਏਹੋ ਹੋਣੀ ਹੈ ਅੱਜ ਦੇ ਮਨੁੱਖ ਦੀ।"

"ਗੁੱਸ ਤਾਂ ਆਉਂਦਾ ਹੋਵੇਗਾ ਇਸ ਸਭ ਕੁਝ 'ਤੇ?"

"ਕਦੇ-ਕਦੇ ਆਪਣੇ ਆਪ 'ਤੇ ਗੁੱਸਾ ਆਉਂਦੈ ਕਿ 'ਤੂੰ ਇਕੱਲੇ ਨੇ ਕਿਉਂ ਮਨੁੱਖ ਨੂੰ ਸੁਧਾਰਨ ਦਾ ਠੇਕਾ ਲੈ ਰੱਖਿਐ? ਪਰ ਕੀ ਕਰਾਂ ਫੇਰ ਸੋਚਦਾਂ ਕਿ ਲੇਖਕ ਹਾਂ, ਆਪਣੇ ਫਰਜ਼ਾਂ ਤੋਂ ਮੂੰਹ ਤਾਂ ਨਹੀਂ ਮੋੜਿਆ ਜਾਂਦਾ। ਜੇ ਹਰ ਕੋਈ ਸੋਚਣ ਲੱਗ ਜਾਵੇ ਕਿ ਉਹ ਇਕੱਲਾ ਕੀ ਕਰ ਸਕਦਾ ਤਾਂ ਕੋਈ ਵੀ ਪਹਿਲ ਨਹੀਂ ਕਰ ਸਕਦਾ। ਇੱਟ-ਇੱਟ ਜੁੜਕੇ ਹੀ ਮਕਾਨ ਬਣਦਾ ਹੈ। ਇਕੱਲਾ-ਇਕੱਲਾ ਜੁੜਕੇ ਹੀ ਸਮੂਹ ਬਣੇਗਾ।" ਉਹ ਫਿਰ ਸੋਫ਼ੇ ਤੇ ਆ ਕੇ ਬਹਿ ਗਿਆ ਤੇ ਮੁਸਕਰਾਇਆ।

"ਅੱਜ ਦੇ ਮਨੁੱਖ ਤੇ ਗੁੱਸਾ ਨਹੀਂ ਸਗੋਂ ਤਰਸ ਕਰਨ ਦੀ ਲੋੜ ਹੈ, ਕਿਉਂਕਿ ਅੱਜ ਹਰ ਕੋਈ ਆਪਣੀ ਹੋਣੀ ਬਾਰੇ ਸੁਹਿਰਦ ਨਹੀਂ। ਉਹ ਸਾਮ੍ਹਣੇ ਆ ਰਹੀ ਪਰਲੋ ਨੂੰ ਜਾਂ ਤਾਂ ਵੇਖਣਾ ਨਹੀਂ ਚਾਹੁੰਦਾ ਜੇ ਫੇਰ ਬਿੱਲੀ ਨੂੰ ਵੇਖਕੇ ਕਬੂਤਰ ਵਾਂਗ ਅੱਖਾਂ ਮੀਚਣ ਵਾਲਾ ਕੰਮ ਕਰ ਰਿਹਾ ਹੈ। ਉਹ ਇਹ ਨਹੀਂ ਸਮਝ ਰਿਹਾ ਕਿ ਜੇ ਪੂਰੀ ਕੁਦਰਤ, ਪੂਰੇ ਬ੍ਰਹਿਮੰਡ ਨਾਲ ਆਪਣੀ ਜੇ ਹਸਤੀ ਦੀ ਤੁਲਨਾ ਕਰੇ ਤਾਂ ਇੱਕ ਕਿਣਕੇ ਨਾਲੋਂ ਵੀ ਨਿਗੂਣੀ ਹਸਤੀ ਹੈ ਉਸ ਦੀ ਤੇ ਉਹ ਕੁਦਰਤ ਨਾਲ ਮੱਥਾ ਲਾਉਣ ਬਾਰੇ ਸੋਚ ਰਿਹਾ ਹੈ। ਉਹ ਇਹ ਨਹੀਂ ਸਮਝ ਰਿਹਾ ਕਿ ਕੁਦਰਤ ਇੱਕ ਮਾਂ ਵਾਂਗ ਆਪਣੇ ਬੱਚੇ ਦੀਆਂ ਕੁਝ ਗਲਤੀਆਂ ਮਾਫ਼ ਕਰੀ ਜਾ ਰਹੀ ਹੈ, ਇਹ ਸੋਚਕੇ ਕਿ ਕਦੇ ਤਾਂ ਇਸਨੂੰ ਅਹਿਸਾਸ ਹੋਵੇਗਾ ਕਿ ਮੈਂ ਗ਼ਲਤ ਹਾਂ ਪਰ ਹਰ ਕਿਸੇ ਦੀ ਬਰਦਾਸ਼ਤ ਕਰਨ ਦੀ ਇੱਕ ਹੱਦ ਹੁੰਦੀ ਹੈ, ਉਵੇਂ ਹੀ ਕੁਦਰਤ ਦੀ ਵੀ ਆਪਣੀ ਹੱਦ ਹੈ, ਜਿਸ ਦਿਨ ਇਸਨੇ ਪਲਟਵਾਂ ਵਾਰ ਕੀਤਾ ਉਸ ਦਿਨ ਮਨੁੱਖ ਆਪਣੀ ਹੋਣੀ ਲਈ ਤਰਸਣ ਦੇ ਯੋਗ ਵੀ

ਨੀ ਰਹਿਣਾ।"

"ਕੁਦਰਤ ਇਸ਼ਾਰੇ ਤਾਂ ਦੇ ਰਹੀ ਹੈ, ਤੂੰ ਵੀ ਵਾਤਾਵਰਨੀ ਤਬਦੀਲੀਆਂ ਨੂੰ ਮਹਿਸੂਸ ਕੀਤਾ ਹੋਣੈ।" ਮੈਂ ਕਿਹਾ।

"ਹਾਂ, ਪਰ ਇਹ ਮਹਿਸੂਸ ਕਰਨ ਵਾਲੇ ਅਜੇ ਮੁੱਠੀ ਭਰ ਇਨਸਾਨ ਨੇ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਸਭ ਕੁਝ ਗਵਾ ਕੇ ਹੋਸ਼ 'ਚ ਆਏ ਤਾਂ ਕੀ ਆਏ। ਵੇਲ਼ਾ ਤਾਂ ਹੁਣ ਹੈ ਸੰਭਲਣ ਦਾ, ਅਜੇ ਵੀ ਡੁਲ੍ਹੇ ਬੇਰਾਂ ਦਾ ਕੁਸ਼ ਨੀ ਵਿਗੜਿਆ।"

ਮੈਂ ਉਸਦੀ ਹਾਂ ਨਾਲ ਹਾਂ ਮਿਲਾਈ—

"ਯਾਰ ਇਸ ਤੋਂ ਬਦਤਰ ਹੋਣੀ ਹੁਣ ਕੀ ਹੋ ਸਕਦੀ ਹੈ ਕਿ ਕੁਝ ਦਿਨ ਹੋਏ ਖ਼ਬਰ ਆਈ ਸੀ ਕਿ 'ਮਾਂ ਦੇ ਦੁੱਧ ਵਿੱਚ ਵੀ ਜ਼ਹਿਰ ਦੇ ਤੱਤ ਪਾਏ ਗਏ ਨੇ'। ਮਾਂ ਦਾ ਦੁੱਧ ਤਾਂ ਅੰਮ੍ਰਿਤ ਹੁੰਦੈ। ਕਦੇ ਵੇਲਾ ਸੀ ਜਦੋਂ ਕਿਹਾ ਜਾਂਦਾ ਸੀ ਕਿ "ਦੁੱਧ ਤੇ ਪੁੱਤ ਵੇਚਣਾ ਪਾਪ ਹੁੰਦੈ।" ਪਰ ਹੁਣ ਤਾਂ ਹੋਣੀ ਏਥੋਂ ਤੱਕ ਨਿੱਘਰ ਗਈ ਹੈ ਕਿ ਦੁੱਧ ਤੇ ਪੁੱਤ ਤਾਂ ਇੱਕ ਪਾਸੇ ਰਹੇ ਹੁਣ ਤਾਂ ਪਾਣੀ ਵਿੱਕ ਰਿਹਾ ਬੋਤਲਾਂ ਵਿੱਚ, ਹੌਲੀ-ਹੌਲੀ ਸਮਾਂ ਆਉਣੈ ਤੂੰ ਵੇਖੀਂ ਜਦੋਂ ਵਾਤਾਵਰਨ ਵਿੱਚ ਹਵਾ ਸਾਹ ਲੈਣ ਯੋਗ ਨੀ ਰਹਿਣੀ ਫਿਰ ਆਕਸੀਜਨ ਵਿਕਿਆ ਕਰੂ ਸਿਲੰਡਰਾਂ ਵਿੱਚ ਤੇ ਹਰ ਇੱਕ ਦੀ ਪਿੱਠ ਤੇ ਆਕਸੀਜਨ ਦਾ ਵਾਧੂ ਭਾਰ ਰਿਹਾ ਕਰੂ ਤੇ ਗਲ਼ 'ਚ ਪਾਣੀ ਦੀ ਬੋਤਲ।" ਕੁਝ ਚਿਰ ਚੁੱਪ ਰਹਿ ਕੇ ਮੈਂ ਫਿਰ ਕਿਹਾ—

"ਪੱਥਰਾਂ ਦੇ ਸ਼ਹਿਰ ਉਸਾਰਦਾ ਮਨੁੱਖ ਆਪ ਪੱਥਰ ਹੁੰਦਾ ਜਾ ਰਿਹਾ ਹੈ।"

ਪਤਾ ਨੀ ਕਿਉਂ ਮੈਂ ਭਾਵੇਂ ਅਜੇ ਵੀ ਉਸਨੂੰ ਚੰਗੀ ਤਰ੍ਹਾਂ ਜਾਣਦਾ ਨਹੀਂ ਸੀ ਪਰ ਇਹ ਮੁਲਾਕਾਤ ਇੱਕ ਅਜੀਬ ਜਿਹਾ ਸਕੂਨ ਦੇ ਰਹੀ ਸੀ। ਉਸਦੇ ਸਾਥ ਵਿੱਚ ਮੈਂ ਬੜਾ ਹਲ਼ਕਾ-ਹਲ਼ਕਾ ਮਹਿਸੂਸ ਕਰ ਰਿਹਾ ਸੀ। ਮੈਂ ਇਹ ਸੋਚਕੇ ਹੈਰਾਨ ਹੋ ਜਾਂਦਾ ਕਿ ਉਹ ਮੈਨੂੰ ਕਦੇ ਮਿਲਿਆ ਨਹੀਂ ਪਰ ਮੇਰੇ ਬਾਰੇ ਕਿੰਨਾ ਕੁਝ ਜਾਣਦਾ ਸੀ। ਉਹ ਜਦੋਂ ਮੇਰੇ ਵੱਲ ਵੇਖਦਾ ਤਾਂ ਇਉਂ ਲਗਦਾ ਜਿਵੇਂ ਉਸਦੀ ਨਜ਼ਰ ਮੇਰੇ ਜਿਸਮ ਨੂੰ ਪਾਰ ਕਰਕੇ ਮੇਰੇ ਅੰਦਰਲਾ ਸਾਰਾ ਆਪਾ ਟਟੋਲ ਲੈਂਦੀ ਸੀ। ਮੈਂ ਉਸਦੇ ਅੱਗੇ ਆਪਣੇ ਆਪ ਨੂੰ ਛਿਪਾ ਨਹੀਂ ਸੀ ਸਕਦਾ। ਉਹ ਹੁਣ ਵੀ ਇਸੇ ਤਰ੍ਹਾਂ ਵੇਖ ਰਿਹਾ ਸੀ—

"ਕੀ ਵੇਖ ਰਿਹੈਂ ਹੁਣ ਕੁਝ ਹੋਰ ਬਾਕੀ ਏ ਭੁੱਖ ਅਜੇ?" ਮੈਂ ਪੁੱਛਿਆ

"ਕਿਉਂ ਬੋਰ ਹੋ ਗਿਐਂ ਮੈਥੋਂ?" ਉਹ ਹੱਸਿਆ।

"ਨਹੀਂ ਯਾਰ ਬੋਰ ਕਿਉਂ ਹੋਣੈ, ਪੁੱਛ ਜੋ ਪੁਛਣੈ।" ਮੈਂ ਤਿਆਰ ਸੀ।

"ਜ਼ਿੰਦਗੀ ਦੇ ਬਹੁਤੇ ਖੇਤਰਾਂ 'ਚ ਤੂੰ ਆਪਣੇ-ਆਪਨੂੰ ਅਸਫਲ ਮਹਿਸੂਸ ਕੀਤੈ ਸ਼ਾਇਦ।"

"ਤੈਨੂੰ ਇਹ ਕਿਵੇਂ ਲੱਗਿਐ?" ਉਸਨੇ ਫੇਰ ਹੈਰਾਨ ਕਰਨ ਵਾਲੀ ਗੱਲ ਕੀਤੀ ਸੀ।

"ਅਸਫਲਤਾਵਾਂ ਦਾ ਦਰਦ ਤੇਰੇ ਚਿਹਰੇ 'ਤੇ ਸਾਫ਼ ਵਿਖਾਈ ਦੇ ਰਿਹੈ।"

"ਪਰ ਜ਼ਿੰਦਗੀ ਵਿੱਚ ਨਿਰੰਤਰ ਚਲਦੇ ਰਹਿਣ ਲਈ ਅਸਫਲਤਾਵਾਂ ਦੀ ਹੋਂਦ ਵੀ ਜ਼ਰੂਰੀ ਐ, ਨਹੀਂ ਤਾਂ ਯਤਨਾਂ ਵਿੱਚ ਖੜੋਤ ਅਤੇ ਹਾਉਮੈਂ ਆ ਜਾਂਦੀ ਏ।"

"ਅੱਛਾ ਚੱਲ, ਇਹ ਦੱਸ ਕਿ ਕੀ ਇਹ ਸੱਚ ਹੈ ਕਿ ਹਰ ਸਮੇਂ ਇੱਕ ਭਟਕਣਾ ਜਿਹੀ ਲੱਗੀ ਰਹਿੰਦੀ ਏ ਤੈਨੂੰ। ਦੁਨੀਆ ਦੀ ਭੀੜ 'ਚ ਰਹਿੰਦੇ ਵੀ ਜਿਵੇਂ ਇਕੱਲਾ ਜਿਹਾ ਮਹਿਸੂਸ ਕਰਦੈਂ ਖੁਦ ਨੂੰ। ਸਭ ਕੁਝ ਹੁੰਦੇ ਵੀ ਤੇਰੀ ਜ਼ਿੰਦਗੀ 'ਚ ਕੁਝ ਕਮੀ ਜਿਹੀ ਜਾਪਦੀ ਹੈ।"

"ਤੂੰ ਹੈਂ ਕੌਣ ਯਾਰ?" ਮੈਂ ਹੈਰਾਨੀ ਦੀ ਹੱਦ ਤੋਂ ਵੀ ਵੱਧ ਹੈਰਾਨ ਸੀ।

"ਉਹ ਬੋਲਿਆ ਕੁਝ ਨਾ, ਮੁਸਕਰਾ ਪਿਆ ਤੇ ਦੋਵੇਂ ਕੂਹਣੀਆਂ ਗੋਡਿਆਂ ਤੇ ਟਿਕਾ ਕੇ ਆਪਣਾ ਚਿਹਰਾ ਹੱਥਾਂ ਦੀ ਕੰਘੀ 'ਤੇ ਰੱਖ ਲਿਆ ਤੇ ਅਥਾਹ ਪਿਆਰ ਤੇ ਮਮਤਾ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਵੇਖਣ ਲੱਗਿਆ—

"ਇਉਂ ਕੀ ਵੇਖ ਰਿਹੈਂ?" ਮੈਥੋਂ ਰਿਹਾ ਨਾ ਗਿਆ।

"ਤੂੰ ਬਹੁਤ ਭੋਲ਼ਾ ਐਂ ਯਾਰਾ। ਇਹ ਦੁਨੀਆ ਤੈਨੂੰ ਜਿਉਣ ਕਿਵੇਂ ਦੇ ਰਹੀ ਹੈ?"

"ਕਿਉਂ, ਮੈਂ ਦੁਨੀਆ ਦਾ ਕੀ ਵਿਗਾੜ ਰਿਹਾਂ, ਸਗੋਂ ਕੁਝ ਸਵਾਰਨ ਦੀ ਹੀ ਕੋਸ਼ਿਸ਼ ਕਰ ਰਿਹਾਂ?"

"ਪਰ ਆਪਣੇ ਆਪ ਨੂੰ ਵੀ ਸੁਆਰ ਲੈ ਕਦੇ। ਕੀ ਹਾਲ ਹੋ ਰਿਹੈ ਪਲ-ਪਲ ਤੇਰਾ। ਘਰ ਅਤੇ ਦੁਨੀਆਂ ਦੇ ਫਰਜ਼ਾਂ ਵਿਚ ਐਨਾ ਵੀ ਨਾ ਗੁਆਚ ਕਿ ਤੇਰੀ ਹੋਂਦ ਆਪਣੇ ਵਜੂਦ ਲਈ ਹੀ ਤਰਸਦੀ ਰਹਿ ਜਾਵੇ। ਦੁਨੀਆਂ ਤਾਂ ਅੰਨ੍ਹੇ ਖੂਹ ਵਾਂਗ ਹੈ, ਉਸ 'ਚ ਜਿੰਨਾ ਮਰਜ਼ੀ ਕੁਝ ਸੁੱਟੀ ਜਾਓ ਇਹ ਖ਼ਾਲੀ ਦਾ ਖਾਲ਼ੀ ਹੀ ਰਹਿੰਦੈ। ਇਥੇ ਐਨੇ ਭਲੇ ਮਾਣਸਾਂ ਦੀ ਕਦਰ ਘੱਟ ਈ ਪੈਂਦੀ ਹੈ। ਸਭ ਆਪਣੇ ਲਈ ਹੀ ਜਿਉਂ ਰਹੇ ਨੇ।

"ਕਿਉਂ ਭਕਾਈ ਮਾਰੀ ਜਾਨੈਂ ਯਾਰ, ਮੈਨੂੰ ਕੀ ਹੋਇਐ?"

"ਤੂੰ ਫੇਰ ਸੱਚ ਨੂੰ ਕਬੂਲਣ ਤੋਂ ਡਰ ਰਿਹੈਂ।"

ਮੈਂ ਨੀਵੀਂ ਪਾ ਲਈ।

ਉਹ ਉੱਠ ਖੜ੍ਹਿਆ ਤੇ ਕਮਰੇ 'ਚ ਟਹਿਲਣ ਲੱਗਿਆ। ਅਚਾਨਕ ਉਹਦੇ ਬੁੱਲ੍ਹਾਂ ਤੇ ਇਹ ਸ਼ਿਅਰ ਆ ਗਿਆ—

ਖੁਦ ਅਪਨੇ ਵਜੂਦ ਕਾ ਕੋਈ ਮਿਲਤਾ ਨਹੀਂ ਸੁਰਾਗ,

ਯੂੰ ਗ਼ਮ ਉਠਾਏ ਫਿਰਤੇ ਹੈਂ ਸਾਰੇ ਜਹਾਨ ਕਾ।

"ਤੂੰ ਮੈਨੂੰ ਤਾਨ੍ਹਾ ਦੇ ਰਿਹੈਂ?" ਮੇਰੀ ਅਵਾਜ਼ ਫੇਰ ਸਖਤ ਸੀ।

"ਨਹੀਂ, ਤੇਰੀ ਹਕੀਕਤ ਦੱਸ ਰਿਹਾਂ।" ਉਹ ਉਸੇ ਤਰ੍ਹਾਂ ਸ਼ਾਂਧ ਸੀ। ਫੇਰ ਬੋਲਿਆ— "ਓਵਰ ਸੈਂਸਟਿਵਨੈੱਸ ਵੀ ਨੁਕਸਾਨ ਦੇਹ ਹੋ ਨਿਬੜਦੀ ਹੈ। ਦੁਨੀਆਂ ਤੇ ਮਨੁੱਖ ਦੀ ਹੋਣੀ ਬਾਰੇ ਬਹੁਤਾ ਸੋਚ-ਸੋਚ ਕੇ ਆਪਣੇ ਆਪ ਨੂੰ ਗਾਲ਼ ਨਾ। ਇਹ ਮਨੁੱਖ ਨਾਂ ਦਾ ਪ੍ਰਾਣੀ ਹੁਣ ਗੱਲਾਂ ਵਾਲਾ ਨਹੀਂ ਸਗੋਂ ਲੱਤਾਂ ਵਾਲਾ ਭੂਤ ਬਣ ਚੁੱਕਿਐ। ਇਹਨੂੰ ਮੂੰਹ ਦੀ ਗੱਲ ਸਮਝ ਨੀ

ਆਉਂਦੀ। ਇਹ ਸ਼ਾਇਦ ਕੁਦਰਦ ਦੀ ਲੱਤ ਨੂੰ ਉਡੀਕ ਰਿਹੈ, ਫੇਰ ਸਮਝ ਪਊ ਇਹਨੂੰ। ਤੂੰ ਆਪਣੇ ਆਪ ਦਾ ਖਿਆਲ ਵੀ ਰੱਖ ਲਿਆ ਕਰ।" ਉਹ ਮਮਤਾ ਨਾਲ ਬੋਲਿਆ ਜਿਵੇਂ।

"ਪਰ ਤੂੰ ਹੈਂ ਕੌਣ ਭਰਾਵਾ, ਹੁਣ ਤਾਂ ਆਪਣੇ ਬਾਰੇ ਦਸਦੇ। ਲੱਗਦਾ ਤੂੰ ਪਾਗਲ ਕਰਕੇ ਛੱਡੇਂਗਾ।" ਮੈਂ ਆਪਣਾ ਸਿਰ ਦੋਵਾਂ ਹੱਥਾਂ 'ਚ ਘੁੱਟ ਲਿਆ। ਪਰ ਉਹ ਸ਼ਾਂਤ ਸੀ—

"ਮੈਂ ਤੇਰੇ ਬਹੁਤ ਨੇੜੇ ਆਂ, ਤੇਰੇ ਸਾਹਾਂ ਤੋਂ ਵੀ ਨੇੜੇ। ਪਰ ਦੁੱਖ ਏਹੋ ਹੈ ਕਿ ਤੈਨੂੰ ਨੇੜਲੇ ਵਿਖਾਈ ਈ ਨਹੀਂ ਦਿੰਦੇ। ਕਦੇ ਆਪਣੇ-ਆਪ ਤੇ ਮੇਰੇ ਬਾਰੇ ਸੋਚ ਲਿਆ ਕਰ।"

"ਪਰ ਤੇਰੇ ਬਾਰੇ ਕੀ ਸੋਚਾਂ? ਤੈਨੂੰ ਤਾਂ ਜਾਣਦਾ ਤੱਕ ਨੀ। ਮੈਂ ਤਾਂ ਵੇਖਿਆ ਈ ਅੱਜ ਐ ਤੈਨੂੰ।"

"ਕੀ ਤੂੰ ਆਪਣੇ-ਆਪ ਨੂੰ ਵੀ ਨੀ ਵੇਖਿਆ ਕਦੇ?" ਉਸਨੇ ਮੇਰੇ ਮੋਢਿਆਂ ਤੇ ਹੱਥ ਰੱਖ ਦਿੱਤੇ।

"ਆਪਣੇ-ਆਪ ਨੂੰ ਤਾਂ ਮੈਂ ਹਰ ਰੋਜ਼ ਵੇਖਦਾ ਸ਼ੀਸ਼ੇ 'ਚ।"

ਉਹ ਹੱਸ ਪਿਆ—"ਮੁਸ਼ਕਿਲ ਤਾਂ ਏਹੋ ਹੈ ਦੋਸਤ ਤੇਰੀ। ਕਿਉਂਕਿ ਸ਼ੀਸ਼ਾ ਤਾਂ ਤੈਨੂੰ ਹਮੇਸ਼ਾ ਤੇਰਾ ਬਾਹਰੀ ਰੂਪ ਵਿਖਾਉਂਦਾ। ਖ਼ੈਰ ਤੇਰਾ ਵਕਤ ਬਰਬਾਦ ਕੀਤਾ, ਮਾਫ਼ੀ ਚਾਹਾਂਗਾ। ਮੈਨੂੰ ਪਤਾ ਕਿ ਤੂੰ ਆਪਣਾ ਸੁਭਾਅ ਨਹੀਂ ਬਦਲ ਸਕਦਾ। ਤੂੰ ਆਪਣੀ ਮਰਜ਼ੀ ਦਾ ਮਾਲਕ ਐਂ। ਚੰਗਾ ਫੇਰ ਅਲਵਿਦਾ ਆਖਦਾਂ, ਹਾਂ ਮੈਨੂੰ ਗੈਰ ਨਾ ਸਮਝੀਂ, ਜਦੋਂ ਕਦੇ ਭੀੜ ਪਵੇ, ਮੇਰੀ ਜ਼ਰੂਰਤ ਮਹਿਸੂਸ ਕਰੇਂ ਤਾਂ ਦੋ-ਮਿੰਟ ਸ਼ਾਂਤ ਬੈਠ ਕੇ, ਅੱਖਾਂ ਬੰਦ ਕਰਕੇ, ਇਕਾਗਰਚਿਤ ਹੋ ਜਾਵੀਂ ਤੇ ਮੈਨੂੰ ਯਾਦ ਕਰੀਂ, ਮੈਂ ਹਾਜ਼ਰ ਹੋ ਜਾਊਂਗਾ।" ਉਹ ਫੇਰ ਹੱਸ ਪਿਆ ਤੇ ਬੋਲਿਆ— "ਹਾਂ ਜਾਂਦਾ ਹੋਇਆ ਇੱਕ ਨਸੀਹਤ ਹੋਰ, ਕਿਉਂਕਿ ਮੈਂ ਵੀ ਆਪਣਾ ਸੁਭਾਅ ਨੀ ਬਦਲ ਸਕਦਾ

ਚੰਦ ਲਮਹੇ ਜ਼ਿੰਦਗੀ ਕੇ ਖੁਦ ਕੀ ਖਾਤਰ ਭੀ ਰੱਖੋ,

ਵਰਨਾ ਭੀੜ ਮੇਂ ਰਹਿ ਕਰ ਭੀ ਖੁਦ ਕੋ ਤਨਹਾ ਪਾਓਗੇ।

ਕਹਿਕੇ ਉਸਨੇ ਹੱਥ ਹਿਲਾਇਆ ਤੇ ਚੁੱਪ-ਚਾਪ ਦਰਵਾਜ਼ੇ ਥਾਈਂ ਬਾਹਰ ਨਿੱਕਲ ਗਿਆ।

ਮੈਂ ਜਿਵੇਂ ਉਹਦੇ ਸੰਮੋਹਨ 'ਚ ਜਕੜਿਆ ਅਜੇ ਵੀ ਦੁਚਿੱਤੀ ਵਿੱਚ ਸੀ। ਆਪੇ 'ਚ ਵਾਪਸ ਪਰਤਿਆ ਤਾਂ ਉਸਦੀ ਅਣਹੋਂਦ ਦਾ ਅਹਿਸਾਸ ਹੋਇਆ। ਭੱਜ ਕੇ ਜਾ ਕੇ ਦਰਵਾਜ਼ਾ ਖੋਲ੍ਹਿਆ, ਸ਼ਾਇਦ ਉਸਨੂੰ ਜਾਂਦਿਆਂ ਵੇਖਣ ਜਾਂ ਰੋਕਣ....।

ਪਰ ਉਥੇ ਹਨੇਰੇ ਤੋਂ ਸਿਵਾ ਕੁਝ ਵੀ ਨਹੀਂ ਸੀ।

# ਕਰਜ਼

ਸਕੂਲ ਵਿਚ ਉਸਦਾ ਲਗਭਗ ਹਰ ਰੋਜ਼ ਇਸ ਤਰ੍ਹਾਂ ਆਉਣਾ ਮੈਨੂੰ ਕੁਝ ਅਜੀਬ ਜਿਹਾ ਲਗਦਾ। ਉਹ ਭਾਵੇਂ ਕਹਿੰਦੀ ਕੁਝ ਨਾ ਪਰ ਆਪਣੀ ਕੁੜੀ ਨੂੰ ਛੱਡਣ ਦੇ ਬਹਾਨੇ ਸਕੂਲ 'ਚ ਆਉਂਦੀ, ਸਾਨੂੰ ਫਤਿਹ ਬੁਲਾਉਂਦੀ ਕਦੇ-ਕਦੇ ਕੁੜੀ ਦੀ ਕਾਰਜ਼ੁਗਾਰੀ ਬਾਰੇ ਪੁੱਛਦੀ, ਥੋੜ੍ਹੀ ਦੇਰ ਬਾਅਦ ਚਲੀ ਜਾਂਦੀ। ਭਾਵੇਂ ਉਹ ਕੁਝ ਗਲਤ ਨਹੀਂ ਸੀ ਕਰ ਰਹੀ, ਬੱਚੇ ਨੂੰ ਸਕੂਲ ਛੱਡਣ ਕੋਈ ਵੀ ਆ ਸਕਦਾ ਹੈ, ਪਰ ਮੈਨੂੰ ਤੇ ਮੇਰੇ ਮਿੱਤਰ ਅਧਿਆਪਕ ਨੂੰ ਅਜੀਬ ਮਹਿਸੂਸ ਹੁੰਦਾ।

ਪਹਿਲੇ ਦਿਨ ਉਸਨੇ ਕੁੜੀ ਦੇ ਨਾਲ਼ ਆਉਣ ਦਾ ਕਾਰਨ ਦੱਸਿਆ ਕਿ ਕੁੜੀ ਅਕਸਰ ਘਰੋਂ ਸਕੂਲ ਜਾਣ ਲਈ ਤਿਆਰ ਹੋ ਕੇ ਆਉਂਦੀ, ਪਰ ਸਕੂਲ 'ਚ ਨਾ ਪਹੁੰਚਦੀ। ਸਾਰਾ ਦਿਨ ਪਿੰਡ ਦੀਆਂ ਗਲ਼ੀਆਂ 'ਚ ਤੁਰ-ਫਿਰ ਕੇ, ਲੁਕ-ਛਿਪ ਕੇ ਸਮਾਂ ਕੱਢ ਦਿੰਦੀ। ਛੁੱਟੀ ਸਮੇਂ ਘਰੇ ਪਹੁੰਚ ਜਾਂਦੀ। ਹੈ ਤਾਂ ਭਾਵੇਂ ਦੂਜੀ ਜਮਾਤ ਵਿੱਚ ਹੀ ਸੀ ਪਰ ਸੀ ਬੜੀ ਸ਼ਰਾਰਤੀ।

ਉਹ ਪ੍ਰਾਰਥਨਾ ਤੱਕ ਸਕੂਲ ਵਿੱਚ ਰਹਿੰਦੀ, ਜਦੋਂ ਅਸੀਂ ਆਪਣੀਆਂ ਜਮਾਤਾਂ ਸੰਭਾਲ ਲੈਂਦੇ ਤਾਂ ਉਹ ਚਲੀ ਜਾਂਦੀ। ਕਦੇ-ਕਦੇ ਰਸਮੀ ਜਿਹੀ ਗੱਲ-ਬਾਤ ਕਰਦੀ—

"ਜੀ , ਬਸ ਇਹਨੂੰ ਪੜ੍ਹਾ ਦਿਓ, ਇਹਦੀ ਜੂਨ ਸੁਧਰ 'ਜੁ। ਮੈਂ ਤਾਂ ਕੱਟ ਈ ਰਹੀਂ ਆਂ ਜਿਵੇਂ-ਕਿਵੇਂ। ਜੇ ਇਹਦਾ ਬਾਪ ਚੱਜ ਦਾ ਹੋਵੇ ਤਾਂ ਮੈਂ ਕਾਹਨੂੰ ਦੋਜ਼ਖ਼ ਕੱਟਾਂ....।" ਕਦੇ ਉਹਦੀਆਂ ਅੱਖਾਂ ਭਰ ਆਉਂਦੀਆਂ। ਸਾਨੂੰ ਤਰਸ ਵੀ ਆਉਂਦਾ.... ਪਰ ਇਹ ਵੀ ਸੋਚਦੇ ਕਿ ਸਾਨੂੰ ਇਹ ਆਪਣੇ ਦੁੱਖ ਕਿਉਂ ਦੱਸਦੀ ਰਹਿੰਦੀ ਏ?

ਦਰਅਸਲ ਮੇਰੀ ਅਧਿਆਪਕ ਵਜੋਂ ਪਹਿਲੀ ਨਿਯੁਕਤੀ ਲਹਿਰੇਗਾਗੇ ਤੋਂ ਵੀ ਪਰ੍ਹੇ ਇੱਕ ਬਹੁਤ ਹੀ ਪੱਛੜੇ ਜਿਹੇ ਪਿੰਡ 'ਚ ਹੋਈ ਸੀ। ਘਰੋਂ ਦੂਰ ਜਾਣ ਕਰਕੇ ਮੈਂ ਤੇ ਮੇਰਾ ਮਿੱਤਰ ਇਕੱਠਿਆਂ ਨੇ ਇਹ ਸਟੇਸ਼ਨ ਲਿਆ ਸੀ। ਉਸ ਸਮੇਂ ਵਿਭਾਗ ਦੀਆਂ ਇਹ ਹਦਾਇਤਾਂ ਸਨ ਕਿ ਨਿਯੁਕਤੀ ਤੋਂ ਬਾਅਦ ਪਹਿਲੇ ਤਿੰਨ ਸਾਲ ਪੱਛੜੇ ਖੇਤਰ ਵਿੱਚ ਹੀ ਸੇਵਾ ਕਰਨੀ ਲਾਜ਼ਮੀ ਸੀ ਕਿਉਕਿ ਸੁੱਖੀ -ਸਾਂਦੀ ਤਾਂ ਇਧਰ ਆਉਣਾ ਕੋਈ ਨਹੀਂ ਚਾਹੁੰਦਾ ਸੀ। ਇਧਰਲੇ ਪਿੰਡਾਂ ਬਾਰੇ ਬਹੁਤਾ ਤਾਂ ਕੁਝ ਪਤਾ ਨੀ ਸੀ, ਘਰੋਂ ਵੀਂ ਬਹੁਤ ਦੂਰ ਸੀ। ਸੋਚਿਆ ਦੋਵੇਂ ਮਿੱਤਰ ਇਕੱਠੇ ਇਥੇ ਹੀ ਰਹਾਇਸ਼ ਕਰ ਲਵਾਂਗੇ ਰਹਿਣਾ ਵੀ ਅਸਾਨ ਰਹੂ, ਦੂਜਾ ਜੀਅ ਵੀ ਲੱਗਿਆ ਰਹੂ।

ਇਹ ਸਕੂਲ ਦੋ-ਤਿੰਨ ਸਾਲਾਂ ਤੋਂ ਕਿਸੇ ਪੱਕੇ ਅਧਿਆਪਕ ਤੋਂ ਸੱਖਣਾ ਸੀ। ਵਿਭਾਗ ਵੱਲੋਂ ਵਾਰੀ ਨਾਲ਼, ਲਾਗਲੇ ਸਕੂਲਾਂ 'ਚ ਅਸਥਾਈ ਤੌਰ 'ਤੇ ਭੇਜੇ ਜਾਂਦੇ ਅਧਿਆਪਕ ਬੱਚਿਆਂ ਨੂੰ ਕੀ ਪੜ੍ਹਾਉਂਦੇ, ਉਹ ਤਾਂ ਸਿਰਫ ਇਕੱਠੇ ਕਰਕੇ ਬਿਠਾ ਜਾਂ ਸੰਭਾਲ ਹੀ ਸਕਦੇ ਸਨ। ਕੁੱਲ ਮਿਲਾ ਕੇ ਪੜ੍ਹਾਈ ਦਾ ਬਹੁਤ ਹੀ ਮਾੜਾ ਹਾਲ ਸੀ।

ਅਸੀਂ ਦੋਵੇਂ ਮਿੱਤਰ ਇਥੇ ਆਏ ਪਿੰਡ ਵਾਲਿਆਂ ਲਈ ਜਿਵੇਂ ਰੱਬ ਬਣਕੇ ਬਹੁੜੇ।

ਉਹਨਾਂ ਨੇ ਸਾਡੀ ਹਰ ਜ਼ਰੂਰਤ ਦਾ ਧਿਆਨ ਰੱਖਿਆ। ਰਹਿਣ ਲਈ ਪਿੰਡ ਦੇ ਹੀ ਇੱਕ ਪਰਿਵਾਰ ਜੋ ਕਨੇਡਾ ਜਾ ਕੇ ਵਸ ਗਿਆ ਸੀ, ਦਾ ਘਰ ਮਿਲ ਗਿਆ, ਜ਼ਰੂਰਤ ਦੇ ਸਮਾਨ ਸਮੇਤ। ਇਸ ਤਰ੍ਹਾਂ ਘਰੋਂ ਸੈਂਕੜੇ ਮੀਲ ਦੂਰ ਬੈਠੇ ਹੋਣ ਦੇ ਬਾਵਜੂਦ ਸਾਨੂੰ ਇਕੱਲਤਾ ਤੇ ਓਪਰੇਪਣ ਦਾ ਅਹਿਸਾਸ ਨਾ ਹੋਇਆ। ਉਹ ਤਾਂ ਰੋਟੀ ਵੀ ਆਪ ਬਣਾਕੇ ਭੇਜਣ ਨੂੰ ਕਹਿ ਰਹੇ ਸਨ ਪਰ ਅਸੀਂ ਨਾ ਮੰਨੇ, ਰੋਟੀ ਆਪ ਹੀ ਪਕਾਉਣਾ ਮੁਨਾਸਿਬ ਸਮਝਿਆ।

ਸਕੂਲ ਦੀ ਖਸਤਾ ਹਾਲਤ ਦੇ ਨਾਲ-ਨਾਲ ਬੱਚਿਆਂ ਦੀਆਂ ਆਦਤਾਂ ਵੀ ਵਿਗੜੀਆਂ ਹੋਈਆਂ ਸਨ। ਪਰ ਹੌਲ਼ੀ-ਹੌਲ਼ੀ ਸਾਡੇ ਤੇ ਮਾਪਿਆਂ ਦੇ ਸਹਿਯੋਗ ਨਾਲ਼ ਗੱਡੀ ਲੀਹ 'ਤੇ ਆਉਣ ਲੱਗ ਪਈ। ਕੁਝ ਇਤਫ਼ਾਕ ਵੀ ਪਿੰਡ 'ਚ ਸਾਡੀ ਭਰੋਸੇਯੋਗਤਾ ਵਧਾਉਣ 'ਚ ਸਹਾਈ ਹੋ ਗਏ।

ਸਭ 'ਤੋਂ ਵੱਡਾ ਇਤਫ਼ਾਕ ਤਾਂ ਇਹ ਹੋਇਆ ਕਿ ਸਾਡੇ ਜਾਣ 'ਤੇ ਅਨੁਸੂਚਿਤ ਜਾਤੀ ਦੇ ਬੱਚਿਆਂ ਦਾ ਲਗਭਗ ਸਾਲ ਤੋਂ ਰੁਕਿਆ ਵਜ਼ੀਫਾ ਦੋ ਕਿਸ਼ਤਾਂ 'ਚ ਜਾਰੀ ਹੋ ਗਿਆ।

ਉਸਦੀ ਕੁੜੀ ਦੇ ਲਗਾਤਾਰ ਗੈਰਹਾਜ਼ਰ ਰਹਿਣ ਕਾਰਨ ਉਸਨੂੰ ਬੱਚਿਆਂ ਜ਼ਰੀਏ ਸਕੂਲ 'ਚ ਬੁਲਾਇਆ ਸੀ। ਉਸੇ ਸਮੇਂ ਉਸਨੇ ਘਰ ਦੇ ਹਾਲਾਤ ਬਾਰੇ ਦੱਸਿਆ। ਉਸਦਾ ਘਰਵਾਲਾ ਨਿਹਾਇਤ ਹੀ ਕੰਮਚੋਰ ਤੇ ਹੱਦ ਦਰਜੇ ਦਾ ਨਸ਼ੇੜੀ ਸੀ। ਇਹ ਆਪ ਲੋਕਾਂ ਦੇ ਘਰ ਦਾ ਗੋਹਾ-ਕੂੜਾ ਤੇ ਹੋਰ ਕੰਮ-ਧੰਦੇ ਕਰਦੀ। ਘਰ ਦਾ ਕੁਝ ਗੁਜ਼ਾਰਾ ਤੋਰੀ ਜਾਂਦੀ। ਘਰਾਂ 'ਚੋ ਈ ਲੋਕਾਂ ਦੇ ਪੁਰਾਣੇ ਕੱਪੜੇ ਇਹਦੇ ਆਪਣੇ 'ਤੇ ਬੱਚਿਆਂ ਵਾਸਤੇ ਮਿਲ ਜਾਂਦੇ। ਪਰ ਉਹ ਨਸ਼ੇੜੀ ਇਹਦੇ ਕਮਾਏ ਪੈਸਿਆਂ 'ਚੋਂ ਵੀ ਖੋਹ ਕੇ ਲੈ ਜਾਂਦਾ। ਸਾਨੂੰ ਬੜਾ ਤਰਸ ਆਇਆ ਇਸ 'ਤੇ।

ਵਜ਼ੀਫੇ ਦੀ ਪਹਿਲੀ ਕਿਸ਼ਤ ਜਾਰੀ ਹੋਈ ਤਾਂ ਅਸੀਂ ਸੋਚਿਆ ਕਿ ਉਸ ਕੁੜੀ ਦੇ ਪੈਸੇ ਉਹਦੇ ਬਾਪ ਦੀ ਥਾਂ ਮਾਂ ਨੂੰ ਬੁਲਾ ਕੇ ਦਿੱਤੇ ਜਾਣ ਤਾਂ ਜੁ ਕਿਸੇ ਚੰਗੇ ਅਰਥ ਲੱਗ ਸਕਣ। ਸਾਡੇ ਇਸ ਫੈਸਲੇ ਦਾ ਧੰਨਵਾਦ ਕਰਨ ਲਈ ਜਿਵੇਂ ਉਸ ਕੋਲ਼ ਸ਼ਬਦ ਨਾ ਹੋਣ 'ਤੇ ਉਹਦੀਆਂ ਭਾਵਨਾਵਾਂ ਦਾ ਪ੍ਰਗਟਾਅ ਨਮ ਹੋਈਆਂ ਅੱਖਾਂ 'ਚੋਂ ਸਾਫ਼ ਝਲਕਦਾ ਸੀ। ਅਸੀਂ ਉਸਨੂੰ ਇਹ ਵੀ ਕਹਿ ਦਿੱਤਾ ਕਿ ਉਹ ਕੁੜੀ ਨੂੰ ਦਿਲ ਲਗਾਕੇ ਪੜ੍ਹਾਵੇ, ਕਿਤਾਬਾਂ-ਕਾਪੀਆਂ ਤੇ ਹੋਰ ਸਮਾਨ ਦੀ ਫ਼ਿਕਰ ਨਾ ਕਰੇ। ਕੁੜੀ ਨੂੰ ਨਵਾਂ ਬੈਗ, ਕਾਪੀਆਂ ਤੇ ਹੋਰ ਸਮਾਨ ਲੈ ਦਿੱਤਾ।

ਮਹੀਨੇ ਕੁ ਬਾਅਦ ਹੀ ਵਜ਼ੀਫੇ ਦੀ ਦੂਜੀ ਕਿਸ਼ਤ ਵੀ ਜਾਰੀ ਹੋ ਗਈ। ਇਕੱਠੇ ਪੈਸੇ ਹੱਥ 'ਚ ਆਉਣ ਨਾਲ ਉਸਦਾ ਗੁਜ਼ਾਰਾ ਕੁਝ ਸੌਖਾ ਹੋ ਗਿਆ। ਇਸਦੇ ਨਾਲ ਹੀ ਸਰਕਾਰ ਵਲੋਂ ਕੰਨਿਆ ਜਾਗ੍ਰਤੀ ਸਕੀਮ ਤਹਿਤ ਗਰੀਬ ਘਰਾਂ ਦੀਆਂ ਕੁੜੀਆਂ ਨੂੰ ਪੰਜ-ਪੰਜ ਹਜ਼ਾਰ ਰੁਪਿਆ ਮਿਲਣਾ ਸੀ। ਅਸੀਂ ਕੋਸ਼ਸ਼ ਕਰਕੇ ਉਸ ਦੀ ਕੁੜੀ ਸਮੇਤ ਕੁਝ ਹੋਰ ਕੁੜੀਆਂ ਨੂੰ ਵੀ ਇਹ ਸਹਾਇਤਾ ਰਾਸ਼ੀ ਦਿਵਾ ਕੇ ਉਹਨਾਂ ਕੁੜੀਆਂ ਦੇ ਹੀ ਨਾਂ ਡਾਕਖਾਨੇ ਚੋਂ ਐਨ.ਐਸ.ਸੀ. ਖਰੀਦ ਦਿੱਤੇ।

ਬਸ ਉਸਦਾ ਕੁੜੀ ਦੇ ਨਾਲ ਆਉਣਾ ਸ਼ੁਰੂ ਹੋ ਗਿਆ। ਪਹਿਲਾਂ-ਪਹਿਲਾਂ ਤਾਂ ਉਹ ਕੰਮ-ਕਾਰ ਵਾਲੇ ਕੱਪੜਿਆਂ ਵਿੱਚ ਹੀ ਆਉਂਦੀ ਜੋ ਅਕਸਰ ਮੈਲ਼ੇ ਜਿਹੇ ਹੀ ਹੁੰਦੇ। ਪਰ ਕੁਝ ਦਿਨਾਂ ਤੋਂ ਇੱਕ ਬਦਲਾਅ ਵੇਖਿਆ ਕਿ ਹੁਣ ਉਹ ਸਵੇਰ ਦੀ ਥਾਂ ਅੱਧੀ ਛੁੱਟੀ ਵੇਲ਼ੇ ਜਾਂ ਛੁੱਟੀ

ਹੋਣ ਵੇਲ਼ੇ ਆਉਂਦੀ ਤੇ ਹੁਣ ਉਸ ਦੇ ਕੱਪੜੇ ਨਵੇਂ ਤਾਂ ਭਾਵੇਂ ਨਹੀਂ ਪਰ ਸਾਫ਼ ਜ਼ਰੂਰ ਹੁੰਦੇ। ਚਿਹਰਾ ਵੀ ਨਿੱਖਰਿਆ ਹੁੰਦਾ।

ਪਹਿਰਾਵਾ ਰੰਗ-ਰੂਪ ਵਿੱਚ ਕਿੰਨਾ ਬਦਲਾਵ ਲੈ ਆਉਂਦਾ ਹੈ ਇਹ ਪਹਿਲੀ ਵਾਰੀ ਮਹਿਸੂਸ ਹੋਇਆ। ਸਾਫ਼-ਸੁਥਰੀ ਸਖਸ਼ੀਅਤ ਵਿੱਚ ਉਸਦਾ ਸੁਹੱਪਣ ਹੈਰਾਨ ਕਰਨ ਵਾਲਾ ਸੀ। ਪਹਿਲਾਂ ਤਾਂ ਦੁੱਖਾਂ ਤੇ ਪਰੇਸ਼ਾਨੀਆਂ ਦੀ ਗਰਦ ਹੇਠ ਜਿਵੇਂ ਉਸਦੇ ਰੂਪ ਦੇ ਸੂਰਜ ਦਾ ਜਲੌਅ ਫਿੱਕਾ ਪਿਆ ਰਹਿੰਦਾ ਸੀ।

ਮੈਂ ਉਸਦੀ ਕੁੜੀ ਨੂੰ ਅਕਸਰ ਘਰ ਦੇ ਹਲਾਤ ਦਾ ਸੱਚ ਸਮਝਾਉਣ ਦੀ ਕੋਸ਼ਿਸ਼ ਕਰਦਾ ਤਾਂ ਕਿ ਉਹ ਮਾਂ ਦੇ ਦੁੱਖ ਮਹਿਸੂਸ ਕਰ ਸਕੇ ਤੇ ਬਚਪਨ ਤੋਂ ਹੀ ਜ਼ਿੰਮੇਵਾਰੀ ਦਾ ਅਹਿਸਾਸ ਕਰੇ। ਮੇਰੀ ਕੋਸ਼ਸ਼ ਬਰ ਆ ਰਹੀ ਸੀ ਕਿਉਂਕਿ ਕੁਝ ਦਿਨਾਂ ਵਿੱਚ ਹੀ ਉਹ ਅੱਗੇ ਨਾਲ਼ੋਂ ਕਾਫ਼ੀ ਬਦਲ ਗਈ, ਸਕੂਲੋਂ ਭੱਜਣਾ ਤਾਂ ਪਹਿਲਾਂ ਹੀ ਛੱਡ ਦਿੱਤਾ ਸੀ ਹੁਣ ਪੜ੍ਹਾਈ ਵਿੱਚ ਵੀ ਲਗਨ ਲਗਾਉਣ ਲੱਗੀ। ਮਾਂ ਨਾਲ ਘਰ ਦੇ ਕੰਮਾਂ 'ਚ ਹੱਥ ਵੀ ਵਟਾਉਂਦੀ। ਉਹ ਅਕਸਰ ਘਰ ਦੀਆਂ ਗੱਲਾਂ ਦੱਸਦੀ। ਉਹ ਸਾਡੇ ਲਈ ਪਾਣੀ ਆਦਿ ਲਿਆਉਣ ਲਈ ਪੁੱਛਦੀ ਰਹਿੰਦੀ। ਮੈਂ ਕਹਿ ਦਿੰਦਾ ਕਿ, "ਕੋਈ ਨਹੀਂ ਜਦੋਂ ਲੋੜ ਹੋਵੇਗੀ ਮੈਂ ਆਪੇ ਮੰਗਵਾ ਲਊ।" ਇੱਕ ਦਿਨ ਉਸਦੀ ਮਾਂ ਸਕੂਲ ਆਈ ਕਹਿਣ ਲੱਗੀ,

"ਜੀ ਤੁਸੀਂ ਚਾਹ ਕਿਉਂ ਨੀ ਮੰਗਵਾਉਂਦੇ ਜੀ? ਕਿਤੇ ਇਉਂ ਤਾਂ ਨਹੀਂ ਕਿ ਅਸੀਂ ਨੀਵੀਂ ਜਾਤ ਦੇ ਆਂ?"

"ਨਹੀਂ , ਏਹੋ ਜਿਹੀ ਕੋਈ ਗੱਲ ਨਹੀਂ , ਮੈਂ ਜਾਤ ਪਾਤ 'ਚ ਕੋਈ ਯਕੀਨ ਨੀ ਰੱਖਦਾ। " ਮੈਂ ਬੋਲਿਆ।

"ਫੇਰ ਕੀ ਗੱਲ ਐ ਜੀ?" ਉਸਨੇ ਪੁੱਛਿਆ!

"ਮੈਨੂੰ ਪਤੈ ਥੋਡੇ ਘਰ ਦੇ ਹਾਲਾਤ ਦਾ, ਉਂਜ ਵੀ ਅਸੀਂ ਦੁੱਧ ਪੱਕਾ ਈ ਲਗਾ ਰੱਖਿਐ।" ਮੈਂ ਦਲੀਲ ਦਿੱਤੀ।

"ਚਲੋ, ਜੇ ਕਦੇ ਕੋਈ ਬਾਹਰੋਂ ਆ ਜਾਇਆ ਕਰੇ ਤਾਂ ਜਕਿਆ ਨਾ ਕਰਿਓ ਜੀ। ਬੱਸ ਜੀ ਸੁਨੇਹਾ ਭੇਜ 'ਤਾ ਰਾਣੀ ਦੇ ਹੱਥ।" ਰਾਣੀ ਉਸਦੀ ਕੁੜੀ ਦਾ ਨਾਂ ਸੀ।

"ਚੱਲ ਠੀਕ ਐ.....।" ਮੈਂ ਆਪਣੇ ਕੰਮ ਲੱਗ ਗਿਆ।

ਇੱਕ ਦਿਨ ਮੇਰੇ ਕੁਝ ਮਹਿਮਾਨ ਸਕੂਲ 'ਚ ਆਏ ਤਾਂ ਪਤਾ ਨੀ ਕਦੋਂ ਰਾਣੀ ਮੈਥੋਂ ਅੱਖ ਬਚਾ ਕੇ ਬਿਨਾ ਦੱਸੇ ਘਰ ਭੱਜ ਗਈ ਜਿਵੇਂ ਉਸਦੀ ਮਾਂ ਨੇ ਪੱਕੀ ਕਰ ਰੱਖੀ ਸੀ ਤੇ ਪਲਾਂ 'ਚ ਈ ਚਾਹ ਦਾ ਡੋਲੂ ਭਰਵਾ ਲਿਆਈ। ਅਸੀਂ ਚਾਹ ਪੀ ਰਹੇ ਸੀ ਤਾਂ ਰਾਣੀ ਦੇ ਚਿਹਰੇ 'ਤੇ ਖੁਸ਼ੀ ਤੇ ਤ੍ਰਿਪਤੀ ਦੇ ਭਾਵ ਮਹਿਸੂਸ ਕੀਤੇ ਜਾ ਸਕਦੇ ਸਨ ਜਿਵੇਂ ਸ੍ਰੀ ਰਾਮ ਨੂੰ ਬੇਰ ਖਵਾਉਣ ਵੇਲ਼ੇ ਭੀਲਣੀ ਦੇ ਮੁੱਖ 'ਤੇ ਨਜ਼ਰ ਆਉਂਦੇ ਨੇ।

ਇੱਕ ਦਿਨ ਅਸੀਂ ਸੋਚਿਆ ਕਿ ਉਸਦੇ ਘਰ ਵਾਲ਼ੇ ਨੂੰ ਸਕੂਲ 'ਚ ਬੁਲਾ ਕੇ ਸਮਝਾਇਆ ਜਾਵੇ। ਉਹ ਆਇਆ ਤਾਂ ਉਸਨੂੰ ਵੇਖ ਕੇ ਸਚਮੁਚ ਇਉਂ ਲੱਗਿਆ ਜਿਵੇਂ ਚੰਨ ਨੂੰ ਗ੍ਰਹਿਣ

ਲੱਗਿਆ ਹੋਵੇ। ਕਈ ਵਾਰ ਮਾਪੇ ਧੀਆਂ ਨਾਲ ਬੜੀ ਬੇਇਨਸਾਫ਼ੀ ਕਰ ਜਾਂਦੇ ਨੇ। ਸਾਡੀ ਸੰਸਕ੍ਰਿਤੀ ਵਿੱਚ ਧੀਆਂ ਨੇ ਆਪਣੇ ਰਿਸ਼ਤੇ ਜੋੜਨ ਦੀ ਡੋਰ ਜੇ ਮਾਪਿਆਂ ਦੇ ਹੱਥ ਦਿੱਤੀ ਹੋਈ ਹੈ ਤਾਂ ਘੱਟੋ-ਘੱਟ ਮਾਪਿਆਂ ਨੂੰ ਐਨਾ ਤਾਂ ਸੋਚਣਾ ਚਾਹੀਦਾ ਈ ਹੈ ਕਿ ਪਰਖ ਕਰ ਲਈ ਜਾਵੇ, ਉਹ ਧੀ ਦੇ ਰਹੇ ਨੇ ਕੋਈ ਡੰਗਰ-ਪਸ਼ੂ ਤਾਂ ਨੀ। ਇਸ ਤਰ੍ਹਾਂ ਤਾਂ ਉਹ ਧੀਆਂ ਤੇ ਜ਼ੁਲਮ ਈ ਕਰਦੇ ਨੇ।

ਅਸੀਂ ਉਸ ਨਾਲ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ, ਪੜ੍ਹਾਈ ਦੀ ਮਹੱਤਤਾ ਬਾਰੇ, ਕੰਮ-ਧੰਦਾ ਕਰਨ ਬਾਰੇ, ਧੀਆਂ ਬਾਰੇ ਸਾਰੀਆਂ ਗੱਲਾਂ ਕੀਤੀਆਂ। ਉਹ ਸਾਡੇ ਸ੍ਹਾਮਣੇ ਬੈਠਾ ਨੀਵੀਂ ਪਾਈ ਚੁੱਪ-ਚਾਪ ਸੁਣਦਾ ਰਿਹਾ। ਵਿੱਚ-ਵਿੱਚ ਦੀ ਹੁੰਗਾਰਾ ਵੀ ਭਰ ਦਿੰਦਾ। ਪਰ ਉਸਨੂੰ ਵੇਖ ਕੇ ਲੱਗਦਾ ਸੀ ਕਿ ਨਸ਼ੇ ਦੀ ਲਤ ਨੇ ਜਿਵੇਂ ਪੂਰੀ ਤਰ੍ਹਾਂ ਜਕੜ ਵਿੱਚ ਲਿਆ ਹੋਇਆ ਹੋਵੇ ਤੇ ਛੁਟਕਾਰਾ ਬੜਾ ਔਖਾ ਸੀ। ਫਿਰ ਵੀ ਉਸਦੇ ਹੁੰਗਾਰੇ ਤੋਂ ਸਾਨੂੰ ਲੱਗਿਆ ਕਿ ਸਾਡੀਆਂ ਗੱਲਾਂ ਜਿਵੇਂ ਉਹਦੇ ਮਨ ਲੱਗ ਗਈਆਂ ਹੋਣ। ਉਸ ਨੂੰ ਸਮਝਾਉਣ ਨਾਲ ਇੱਕ ਸੰਤੁਸ਼ਟੀ ਜਿਹੀ ਮਿਲ ਗਈ।

ਅਗਲੇ ਤਿੰਨ-ਚਾਰ ਦਿਨਾਂ ਤੱਕ ਉਹ ਸਕੂਲ ਨਾ ਆਈ। ਸਾਨੂੰ ਬੁਰਾ ਤਾਂ ਨਾ ਲੱਗਿਆ, ਪਰ ਮਨ ਦੇ ਕਿਸੇ ਕੋਨੇ 'ਚੋਂ ਇੱਕ ਡਰ ਦਾ ਅਹਿਸਾਸ ਜਿਹਾ ਉੱਭਰਿਆ, ਅਤੇ ਉਸ ਨਾਲ ਕੁਝ ਬੁਰਾ ਨਾ ਵਾਪਰ ਗਿਆ ਹੋਵੇ। ਕੁੜੀ ਵੀ ਦੋ ਦਿਨਾਂ ਬਾਅਦ ਸਕੂਲ ਆਈ ਤਾਂ ਮੈਂ ਬੁਲਾ ਕੇ ਪੁੱਛਿਆ ਕਿ ਘਰ ਸਭ ਠੀਕ-ਆਕ ਹੈ ਤਾਂ ਮੇਰਾ ਸ਼ੱਕ ਸਹੀ ਨਿਕਲਿਆ। ਰਾਣੀ ਨੇ ਦੱਸਿਆ—

"ਸਰ ਜੀ, ਮੇਰੇ ਬਾਪੂ ਨੇ ਮੰਮੀ ਨੂੰ ਬਹੁਤ ਕੁੱਟਿਆ..... ਕਹਿੰਦਾ ਸੀ ਤੂੰ ਘਰ ਦੀਆਂ ਗੱਲਾਂ ਸਕੂਲ 'ਚ ਜਾ ਕੇ ਦੱਸਦੀ ਏਂ, ਮੈਨੂੰ ਵੀ ਕਹਿੰਦਾ ਸੀ ਜੇ ਫੇਰ ਦੱਸਿਆ ਤਾਂ ਸਕੂਲੋਂ ਹਟਾ ਲਊਂ। ਮੰਮੀ ਬਮਾਰ ਪਈ ਆ...।"

ਮੈਨੂੰ ਲੱਗਿਆ ਕਿ ਐਹੋ ਜਿਹੇ ਬੰਦਿਆਂ ਨੂੰ ਸਮਝ ਨਹੀਂ ਆ ਸਕਦੀ। ਮੁਰਗੀ ਦੇ ਨਿੱਘ ਦਾ ਅਹਿਸਾਸ ਪੱਥਰ ਨੂੰ ਸ਼ੇਅ ਨੀ ਸਕਦੀ। ਐਹੋ ਜਿਹੇ ਬੰਦੇ ਸਿੱਧੀ ਗੱਲ ਦਾ ਪੁੱਠਾ ਅਰਥ ਕੱਢਦੇ ਨੇ। ਮੈਨੂੰ ਦਿਲੋਂ ਉਸ ਪਰਿਵਾਰ ਨਾਲ਼ ਹਮਦਰਦੀ ਸੀ ਪਰ ਅਫਸੋਸ ਵੀ ਸੀ ਕਿ ਮੈਂ ਉਹਨਾਂ ਦੇ ਦੁੱਖਾਂ ਨੂੰ ਘਟਾਉਣ ਦੇ ਬਹੁਤੇ ਯਤਨ ਨਹੀਂ ਕਰ ਸਕਦਾ।

ਅਗਲੇ ਦਿਨ ਉਹ ਸਕੂਲ 'ਚ ਆਈ ਤਾਂ ਅੱਖਾਂ ਭਾਰੀ ਸਨ ਉਸਦੀਆਂ। ਚਿਹਰੇ ਨੂੰ ਵੇਖ ਕੇ ਪੀੜਾ ਨੂੰ ਮਹਿਸੂਸ ਕੀਤਾ ਜਾ ਸਕਦਾ ਸੀ। ਪਤਾ ਨੀ ਕਿਉਂ ਉਸ ਨਾਲ ਗੱਲਾਂ ਕਰਨ ਨੂੰ ਜੀਅ ਕੀਤਾ। ਉਹ ਕਹਿਣ ਲੱਗੀ—

"ਜੀ.... ਤੁਸੀਂ ਮੇਰੇ ਘਰ ਵਾਲ਼ੇ ਨਾਲ ਕੋਈ ਗੱਲ ਨਾ ਕਰਿਓ ਅੱਗੇ ਤੋਂ। ਸਮਝਾਇਆ ਉਸ ਨੂੰ ਜਾਂਦਾ ਜੋ ਕਿਸੇ ਦੇ ਬੋਲਾਂ ਦੀ ਕਦਰ ਕਰਨੀ ਜਾਣਦਾ ਹੋਵੇ। ਪਰ ਉਹ ਤਾਂ ਪਸ਼ੂਆਂ ਤੋਂ ਵੀ ਗਿਐ-ਗੁਜਰਿਐ.....।"

"ਮੈਨੂੰ ਨੀ ਸੀ ਪਤਾ ਕਿ ਉਹ ਸਾਡੇ ਸਮਝਾਉਣ ਦਾ ਇਉਂ ਪੁੱਠਾ ਅਰਥ ਕੱਢੂ। ਅਸੀਂ ਤਾਂ ਏਹੋ ਸੋਚਿਆ ਸੀ ਕਿ ਉਹਦੀ ਜੂਨ ਸੁਧਰ 'ਜੇ, ਕੁਝ ਅਕਲ ਆ ਜਾਵੇ। ਨਸ਼ੇ ਛੱਡੂ ਤਾਂ

ਕੋਈ ਕੰਮ ਕਰਨ ਜੋਗਾ ਹੋਊ, ਜੇ ਉਹ ਮੰਨਣ ਵਾਲਾ ਹੁੰਦਾ ਤਾਂ ਦਵਾਈ ਵੀ ਲਿਆ ਦਿੰਦੇ ਪਰ.....।" ਮੈਂ ਮੱਥੇ 'ਤੇ ਹੱਥ ਰੱਖ ਲਿਆ।

"ਨਾ ਜੀ ਨਾ, ਉਹ ਬੁਝੜ ਨੀ ਕਿਸੇ ਦੇ ਮੋਹ ਨੂੰ ਸਮਝਣ ਵਾਲਾ ਅਖੇ ਗਧੇ ਨੂੰ ਦਿੱਤਾ ਨੂਣ, ਕਹਿੰਦਾ ਮੇਰੇ ਕੰਨ ਕਿਉਂ ਖਿੱਚੇ? ਜੀ, ਉਹ ਮੈਨੂੰ ਮਾਰ-ਮਾਰ ਭਾਵੇਂ ਹੱਡ ਪੋਲੇ ਕਰ ਦੇਵੇ ਭਾਵੇਂ ਪਰ ਜਦੋਂ ਉਹ ਥੋਨੂੰ ਮਾੜਾ ਬੋਲਦਾ ਤਾਂ ਸਹਿ ਨੀ ਹੁੰਦਾ...।"

ਕੁਝ ਚਿਰ ਰੁਕੀ , ਨੀਵੀਂ ਪਾਈ ਬੈਠੀ ਰਹ, ਫੇਰ ਬੋਲੀ, "ਬਸ ਜੀ, ਉਹਨੂੰ ਨਾ ਅੱਗੇ ਤੋਂ ਬੁਲਾਇਓ।"

ਫੇਰ ਉਹ ਕਿੰਨਾ ਚਿਰ ਆਪਣੇ ਦੁੱਖ-ਫੋਲਦੀ ਰਹੀ ਕਿ ਕਿਵੇਂ ਬਾਪੂ ਨੇ ਭੈੜੀ ਬਿਮਾਰੀ ਕਾਰਨ ਮਰਨ ਤੋਂ ਪਹਿਲਾਂ-ਪਹਿਲਾਂ ਉਸਦਾ ਭਾਰ ਲਾਹੁਣ ਦੀ ਸੋਚੀ ਸੀ। ਉਹਨੇ ਤਾਂ ਆਪਣੇ ਵੱਲੋਂ ਚੰਗਾ ਈ ਸੋਚਿਆ ਸੀ, ਪਰ ਲੇਖਾਂ ਦੀ ਮਾਰ ਤੋਂ ਕੋਈ ਕਿਵੇਂ ਬਚ ਸਕਦਾ। ਅਸੀਂ ਸੁਣਦੇ ਰਹੇ ਸਿਰਫ ਇਹ ਸੋਚ ਕੇ ਕਿ ਚਲੋ, ਦੁੱਖ-ਸੁੱਖ ਫਰੋਲ ਕੇ ਸ਼ਾਇਦ ਉਸਦਾ ਚਿੱਤ ਕੁੱਝ ਹੌਲਾ ਹੋ ਜਾਵੇ।

ਵਕਤ ਦੇ ਬੀਤਣ ਨਾਲ਼ ਉਸਦੀ ਪੀੜ ਕੁਝ ਘਟ ਗਈ, ਕੁੱਝ ਉਸਨੇ ਸਥਿਤੀ ਨਾਲ ਜਿਉਣਾ ਸਿੱਖ ਲਿਆ। ਪਰ ਉਸਨੂੰ ਖੁਸ਼ੀ ਇਸ ਗੱਲ ਦੀ ਸੀ ਕਿ ਕੁੜੀ ਰਾਣੀ ਉਸਦੀਆਂ ਭਾਵਨਾਵਾਂ ਤੇ ਹਾਲਤ ਮਹਿਸੂਸ ਕਰਨ ਲੱਗ ਪਈ ਸੀ। ਉਹ ਅਕਸਰ ਸਕੂਲ ਆਉਂਦੀ ਤਾਂ ਦਸਦੀ ਕਿ ਰਾਣੀ ਉਹਨੂੰ ਕਹਿ ਦਿੰਦੀ ਹੈ ਕਿ ਉਹ ਬਹੁਤ ਪੜ੍ਹ-ਲਿਖ ਕੇ ਨੌਕਰੀ ਕਰੇਗੀ ਬਹੁਤ ਪੈਸਾ ਕਮਾਵੇਗੀ, ਫੇਰ ਉਸਨੂੰ ਕੰਮ ਨੀ ਕਰਨ ਦਿੰਦੀ। ਉਸਦੀਆਂ ਇਹਨਾਂ ਗੱਲਾਂ ਨੂੰ ਸੁਣ ਕੇ ਮੈਨੂੰ ਵੀ ਤਸੱਲੀ ਹੋ ਜਾਂਦੀ।

ਸਲਾਨਾ ਨਤੀਜਾ ਆਇਆ ਤਾਂ ਰਾਣੀ ਦੀ ਕਾਰਗੁਜ਼ਾਰੀ ਸਚਮੁਚ ਹੈਰਾਨਕੁੰਨ ਸੀ। ਉਹ ਜਮਾਤ ਚੋਂ ਦੂਜੇ ਸਥਾਨ 'ਤੇ ਰਹੀ ਸੀ। ਕਿੱਥੇ ਪਹਿਲਾਂ ਉਸਦੀਆਂ ਹਰਕਤਾਂ ਤੋਂ ਇਹ ਲਗਦਾ ਸੀ ਕਿ ਉਸਨੂੰ ਫ਼ੇਲ ਕਰਨਾ ਪਊ। ਉਸਦੀ ਮਾਂ ਤੋਂ ਖੁਸ਼ੀ ਜਿਵੇਂ ਝੱਲੀ ਨੀ ਸੀ ਜਾਂਦੀ, ਉਹ ਮਠਿਆਈ ਦਾ ਡੱਬਾ ਲੈ ਕੇ ਆਈ। ਅਸੀਂ ਬਥੇਰਾ ਮਨ੍ਹਾਂ ਕੀਤਾ ਪਰ ਫੇਰ ਵੀ ਪੂਰਾ ਡੱਬਾ ਰੱਖ ਗਈ।

ਆਪਣੇ ਜਨਮ ਦਿਨ ਮੌਕੇ ਮੈਂ ਸਕੂਲ ਵਿੱਚ ਬੱਚਿਆਂ ਨੂੰ ਮਠਿਆਈ ਤੇ ਕਾਪੀਆਂ ਪੈਨਸਲਾਂ ਵੰਡੀਆਂ। ਬੱਚੇ ਬੜੇ ਖੁਸ਼ ਹੋਏ। ਬਚਦੀ ਮਠਿਆਈ ਮੈਂ ਰਾਣੀ ਨੂੰ ਘਰ ਲਿਜਾਣ ਲਈ ਦੇ ਦਿੱਤੀ।

ਰਾਤ ਨੂੰ ਸਾਢੇ ਕੁ ਅੱਠ ਵਜੇ ਮੈਂ ਆਪਣੇ ਮਿੱਤਰ ਨਾਲ਼ ਰੋਟੀ ਦੀ ਤਿਆਰੀ ਕਰ ਰਿਹਾ ਸੀ ਕਿ ਦਰਵਾਜ਼ੇ 'ਤੇ ਦਸਤਕ ਹੋਈ। ਠੰਢ ਦੀ ਰੁੱਤ ਹੋਣ ਕਾਰਨ ਪਿੰਡਾਂ 'ਚ ਐਨੇ ਕੁ ਸਮੇਂ 'ਚ ਈ ਚੁੱਪ-ਛਾਂ ਜਾਂਦੀ ਹੈ, ਬੱਤੀਆਂ ਬੁੱਝਣੀਆਂ ਸ਼ੁਰੂ ਹੋ ਜਾਂਦੀਆਂ ਨੇ। ਅਸੀਂ ਸੋਚਿਆ ਕਿ ਐਸ ਵੇਲੇ ਕੌਣ ਹੋਇਆ ਭਲਾ। ਦਰਵਾਜ਼ਾ ਖੋਲ੍ਹਿਆ ਤਾਂ ਰਾਣੀ ਸੀ, ਹੱਥ 'ਚ ਡੋਲੂ ਫੜਿਆ ਹੋਇਆ, ਸਾਡੇ ਕੁਝ ਕਹਿਣ ਤੋਂ ਪਹਿਲਾਂ ਈ ਬੋਲੀ-

"ਸਰ ਜੀ, ਆਹ ਲਓ, ਮੰਮੀ ਨੇ ਭੇਜਿਐ।"

ਮੈਂ ਡੋਲੂ ਫੜਕੇ ਖੋਲ੍ਹਿਆ ਤਾਂ ਖੋਏ ਦੀਆਂ ਬਣੀਆਂ ਤਾਜ਼ੀਆਂ ਪਿੰਨੀਆਂ ਦਾ ਭਰਿਆ ਹੋਇਆ ਸੀ। ਮੈਂ ਕਿਹਾ-

"ਰਾਣੀ ਪੁੱਤ, ਅਸੀਂ ਪਹਿਲਾਂ ਵੀ ਕਿੰਨੀ ਵਾਰੀ ਕਿਹਾ, ਮੰਮੀ ਨੂੰ ਕਹੀਂ ਇਸ ਦੀ ਖੇਚਲ ਨਾ ਕਰਿਆ ਕਰੇ।"

ਮੈਂ ਤਿੰਨ-ਚਾਰ ਪਿੰਨੀਆਂ ਰੱਖ ਲਈਆਂ ਤੇ ਡੋਲੂ ਵਾਪਸ ਕਰਦਿਆਂ ਕਿਹਾ-

"ਆਹ ਲੈ, ਜਿੰਨੀ ਲੋੜ ਸੀ ਅਸੀਂ ਰੱਖ ਲਈਆਂ, ਮੰਮੀ ਨੂੰ ਕਹੀਂ ਬਾਕੀ ਤੁਸੀਂ ਖਾ ਲਇਉ।" ਉਹ ਤੁਰ ਗਈ।

ਰੋਟੀ ਬਣਾਉਂਦੇ ਹੋਏ ਅਸੀਂ ਉਸ ਪਰਿਵਾਰ ਦੀਆਂ ਭਾਵਨਾਵਾਂ ਬਾਰੇ ਸੋਚ ਰਹੇ ਸੀ। ਇਥੇ ਆ ਕੇ ਨੌਕਰੀ ਕਰਨ 'ਤੇ ਚਿੱਤ 'ਚ ਤਸੱਲੀ ਅਨੁਭਵ ਕਰ ਰਹੇ ਸਾਂ ਕਿ ਆਪਣੇ ਫਰਜ਼ਾਂ ਨੂੰ ਬਾਖੂਬੀ ਅੰਜਾਮ ਦੇ ਰਹੇ ਹਾਂ, ਕਿਉਂਕਿ ਅਧਿਆਪਣ ਦਾ ਕਿੱਤਾ ਆਪਣੀ ਜ਼ਮੀਰ ਦਾ ਕਿੱਤਾ ਹੈ। ਕੋਈ ਅਫਸਰ ਜਬਰਦਸਤੀ ਕਿਸੇ ਅਧਿਆਪਕ ਨੂੰ ਆਪਣੀ ਤਾਕਤ ਜ਼ਰੀਏ ਅਧਿਆਪਕ ਨੂੰ ਸਰੀਰਕ ਤੌਰ ਤੇ ਤਾਂ ਆਪਣੇ ਅਨੁਸਾਰ ਚਲਾ ਸਕਦਾ ਹੈ ਪਰ ਭਾਵਨਾਤਮਕ ਤੌਰ 'ਤੇ ਨਹੀਂ। ਬਿਲਕੁਲ ਇਹੀ ਗੱਲ ਬੱਚੇ ਜਿਸਨੂੰ ਅਧਿਆਪਕ ਪੜ੍ਹਾਉਂਦਾ ਹੈ 'ਤੇ ਵੀ ਢੁਕਦੀ ਹੈ। ਅਧਿਆਪਕ ਮਾਰ-ਕੁੱਟ ਕੇ ਜਾਂ ਡਰਾ-ਧਮਕਾ ਕੇ ਬੱਚੇ 'ਤੇ ਉਹ ਅਸਰ ਨਹੀਂ ਛੱਡ ਸਕਦਾ ਜੋ ਪਿਆਰ ਨਾਲ ਤੇ ਪ੍ਰੇਰਨਾ ਦੇ ਕੇ ਕੀਤਾ ਜਾ ਸਕਦਾ ਹੈ। ਇੱਕ ਚੰਗਾ ਅਧਿਆਪਕ ਅਤੇ ਚੰਗਾ ਅਫਸਰ ਉਹ ਹੀ ਹੋ ਸਕਦਾ ਹੈ। ਜੋ ਰੋਅਬ ਦੀ ਥਾਂ ਪ੍ਰੇਰਨਾ ਦੇ ਸਕਣ ਦੇ ਯੋਗ ਹੋਵੇ। ਕਿਸੇ ਤੋਂ ਕੰਮ ਲੈਣਾ ਵੀ ਇੱਕ ਕਲਾ ਹੈ। ..ਕਲਾ ਸਿਖਾਈ ਨਹੀਂ ਜਾਂਦੀ ਸਿੱਖੀ ਜਾਂਦੀ ਹੈ।....।

ਸਾਡੀਆਂ ਇਹਨਾਂ ਸੋਚਾਂ ਦੀ ਤੰਦ ਟੁੱਟੀ ਜਦੋਂ ਕੁਝ ਦੇਰ ਬਾਅਦ ਦਰਵਾਜ਼ੇ ਤੇ ਫੇਰ ਦਸਤਕ ਹੋਈ। ਘੜੀ ਵੇਖੀ, ਨੌਂ ਵੱਜ ਰਹੇ ਸਨ। ਹੁਣ ਭਲਾ ਕੌਣ ਹੋਇਆ? ਦਰਵਾਜ਼ਾਖੋਲਿਆ, ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਹੁਣ ਉਹ ਆਪ ਸੀ, ਹੱਥ 'ਚ ਉਹੀ ਡੋਲੂ ਫੜਿਆ ਹੋਇਆ। ਇੱਕ ਵਾਰ ਤਾਂ ਅਸੀਂ ਘਬਰਾ ਗਏ। ਇਸ ਤੋਂ ਪਹਿਲਾਂ ਕਿ ਮੈਂ ਕੁਝ ਆਖਦਾ ਉਹ ਆਲਾ-ਦੁਆਲਾ ਵੇਖ ਕੇ ਅੰਦਰ ਆ ਗਈ। ਬਾਹਰ ਤਾਂ ਹਨੇਰਾ ਸੀ ਪਰ ਅੰਦਰਲੀ ਲਾਈਟ ਜਗਦੀ ਹੋਣ ਕਾਰਨ ਬਾਹਰੋਂ ਅੰਦਰ ਵੇਖਿਆ ਜਾ ਸਕਦਾ ਸੀ। ਉਸਨੇ ਅੰਦਰ ਆ ਕੇ ਦਰਵਾਜ਼ਾ ਆਪ ਹੀ ਥੋੜ੍ਹਾ ਭੇੜ ਦਿੱਤਾ। ਅਸੀਂ ਜਿਵੇਂ ਸਕਤੇ 'ਚ ਆ ਗਏ। ਫੇਰ ਵੀ ਆਪਣੇ ਆਪ 'ਚ ਪਰਤ ਕੇ ਮੈਂ ਕਿਹਾ--

"ਆਹ ਕੀ, ਹੁਣ ਤੂੰ ਆਪ ਆ ਗਈ। ਸਾਨੂੰ ਜਿੰਨੀ ਲੋੜ ਸੀ ਅਸੀਂ ਪਿੰਨੀਆਂ ਲੈ ਕੇ ਤੇਰੀਆਂ ਭਾਵਨਾਵਾਂ ਦਾ ਮਾਣ ਰੱਖ ਲਿਐ। ਤੈਨੂੰ ਪਹਿਲਾਂ ਵੀ ਕਿੰਨੀ ਵਾਰੀ ਕਿਹੈ ਬਈ ਆਹ ਖੇਚਲ ਲਈ ਅਸੀਂ ਤੇਰੀ ਰਾਣੀ ਵੱਲ ਵੱਧ ਧਿਆਨ ਨੀ ਦਿੰਦੈ। ਇਹ ਤਾਂ ਸਾਡਾ ਫਰਜ਼ ਐ ਕਿ ਸਾਡੇ ਕੋਲ ਆਉਣ ਵਾਲਾ ਹਰ ਬੱਚਾ ਚੰਗਾ ਇਨਸਾਨ ਬਣੇ।" ਮੈਂ ਦਲੀਲ ਦਿੱਤੀ, ਪਰ ਉਹ ਬੋਲੀ-

"ਨਾ ਜੀ, ਖੇਚਲ ਭਲਾ ਕਾਹਦੀ? ਅੱਜ ਥੋਡਾ ਜਨਮ ਦਿਨ ਐ, ਰਾਣੀ ਨੇ ਦੱਸਿਆ ਸੀ। ਐਨਾ ਕੁ ਤਾਂ ਸਾਨੂੰ ਵੀ ਕਰਨ ਦਿਉ, ਜਿੰਨੇ ਕੁ ਜੋਗਰੇ ਅਸੀਂ ਹੈਗੇ ਆਂ...।" ਕਹਿਕੇ ਉਹ

ਮੇਰੀਆਂ ਅੱਖਾਂ 'ਚ ਇੱਕ ਹਸਰਤ ਭਰੇ ਭਾਵਾਂ ਨਾਲ ਝਾਕੀ ਤਾਂ ਮੈਂ ਉਸ ਵੱਲ ਧਿਆਨ ਨਾਲ ਵੇਖਿਆ। ਅਸਲ ਵਿੱਚ ਪਿੰਨੀਆਂ ਲਿਆਉਣਾ ਤਾਂ ਇੱਕ ਬਹਾਨਾ ਸੀ ਉਹਦਾ। ਉਸਦੇ ਇਸ ਤਰ੍ਹਾਂ ਸਜ-ਧੱਜ ਕੇ ਆਉਣ ਪਿੱਛੇ ਭਾਵ ਕੋਈ ਹੋਰ ਸੀ। ਮੈਂ ਅੱਗੇ ਪੁੱਛਿਆ-

"ਤੇਰਾ ਘਰਵਾਲਾ ਕਿੱਥੇ ਆ?"

"ਉਹ ਤਾਂ ਜੀ ਅੱਜ ਲ੍ਹਾਮ ਨੂੰ ਗਿਐ, ਰਾਣੀ ਦੀ ਭੂਆ ਕੋਲ਼, ਦੋ ਦਿਨਾਂ ਮਗਰੋਂ ਮੁੜੂ।" ਇਹ ਨਿਸ਼ਚਿੰਤ ਸੀ ਜਿਵੇਂ।

ਮੈਂ ਫਿਰ ਸੰਭਲਿਆ ਤੇ ਕਿਹਾ-

"ਤੈਨੂੰ ਪਤੈ, ਤੇਰਾ ਏਥੇ ਇੰਜ ਆਉਣਾ ਤੇਰੀ ਤੇ ਸਾਡੀ ਬਦਨਾਮੀ ਦਾ ਕਾਰਨ ਬਣ ਸਕਦੈ। ਆਵਦਾ ਨੀ ਤਾਂ ਘੱਟੋ-ਘੱਟ ਸਾਡਾ ਖਿਆਲ ਕਰ, ਅਸੀਂ ਪਰਦੇਸੀ ਆਂ। ਇੱਜ਼ਤ ਬਣਾਉਣੀ ਬਹੁਤ ਔਖੀ ਐ ਪਰ ਗੁਆਉਣ ਨੂੰ ਪਲ ਨੀ ਲਗਦਾ....।" ਉਹ ਵਿੱਚੋਂ ਈ ਬੋਲ ਪਈ-

"ਸਰ ਜੀ, ਮੈਨੂੰ ਵੀ ਗਲਤ ਨਾ ਜਾਣਿਓ ਜੀ ਕਿ ਮੈਂ ਜਿਵੇਂ ਜਣੇ-ਖਣੇ ਕੋਲ਼....। ਰਾਣੀ ਦੀ ਸੌਂਹ ਜੇ ਘਰਵਾਲੇ ਤੋਂ ਬਿਨਾਂ ਕਦੇ ਕਿਸੇ ਕੋਲ ਇੰਜ....।"

ਉਹ ਕੁਝ ਪਲ ਰੁਕੀ। ਉਹਦੇ ਚਿਹਰੇ 'ਤੇ ਇੱਕ ਤਰਲਾ ਸੀ ਜਿਵੇਂ, ਅੱਖਾਂ 'ਚ ਨਮੀ। ਆਪਣੇ ਆਪ 'ਚ ਉਹ ਸੱਚੀ-ਸੁੱਚੀ ਸੀ। ਮੈਂ ਉਹਦੀਆਂ ਭਾਵਨਾਵਾਂ ਸਮਝ ਸਕਦਾ ਸੀ ਪਰ ਜਿਸ ਕਿੱਤੇ ਵਿੱਚ ਅਸੀਂ ਸਾਂ ਉਸਦੀ ਵੀ ਆਪਣੀ ਕੁਝ ਨੈਤਿਕਤਾ ਹੈ। ਉਹ ਫੇਰ ਬੋਲੀ-

"ਮੈਂ ਤਾਂ ਜੀ ਇਹੋ ਸੋਚਕੇ ਆਈ ਸੀ ਕਿ ਤੁਸੀਂ ਜੀ ਸਾਡੇ ਵਾਸਤੇ ਐਨਾ ਕੁਝ ਕਰਕੇ ਕਰਜ਼ਾ ਚਾੜ੍ਹੀ ਜਾ ਰਹੇ ਓਂ, ਇਹਨੂੰ ਤਾਂ ਅਸੀਂ ਸਾਰੀ ਉਮਰ ਨੀ ਜੀ 'ਤਾਰ ਸਕਦੇ, ਪਰ ਫੇਰ ਵੀ ਕੁਝ ਬਦਲਾ ਤੇ ਚੁਕਾਣ ਦੇ ਦਿਉ। ਸਾਡੀ ਗਰੀਬਾਂ ਦੀ ਤਾਂ ਸਰੀਰ ਈ ਇੱਜ਼ਤ ਤੇ ਪੂੰਜੀ ਹੁੰਦੀ ਐ ਜੀ....। ਇਸ ਤੋਂ ਵੱਧ ਥੋਡੇ ਹਸਾਨ ਦਾ ਬਦਲਾ ਮੈਂ ਨੀ 'ਤਾਰ ਸਕਦੀ।" ਉਹ ਨੀਵੀਂ ਪਾਈ ਖੜ੍ਹੀ ਸੀ।

ਅਸੀਂ ਜਿਵੇਂ ਸਕਤੇ 'ਚ ਆ ਗਏ ਸਾਂ। ਹੈਰਾਨੀ ਭਰੀਆਂ ਅੱਖਾਂ ਨਾਲ ਉਸ ਵੱਲ ਵੇਖਣ ਲੱਗੇ ਜਿਵੇਂ ਜੜ ਹੋ ਗਏ ਹੋਈਏ।

****